Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ.ਐੱਸ.ਏ.

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY


ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 813, 01 to 07 Aug., 2024, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ ਵਿਚ ਜਲਦੀ ਹੋ ਸਕਦੀਆਂ ਨੇ ਪੰਚਾਇਤੀ ਚੋਣਾਂ



■ 4 ਹਲਕਿਆਂ ਦੀ ਜ਼ਿਮਨੀ ਚੋਣਾਂ ਦਾ ਐਲਾਨ ਸਤੰਬਰ 'ਚ ਹੋਣ ਦੀ ਸੰਭਾਵਨਾ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ ਜਲਦੀ ਹੀ ਪੰਚਾਇਤੀ ਚੋਣਾਂ ਹੋ ਸਕਦੀਆਂ ਹਨ। ਇਸ ਸਬੰਧੀ ਰਾਜ ਚੋਣ ਕਮਿਸ਼ਨ ਨੇ ਪੰਚਾਇਤਾਂ ਅਤੇ ਪੇਂਡੂ ਵਿਕਾਸ ਵਿਭਾਗ ਨੂੰ ਸਰਪੰਚਾਂ ਲਈ ਰਾਖਵੇਂਕਰਨ ਦੀ ਪ੍ਰਕਿਰਿਆ ਪੂਰੀ ਕਰਨ ਲਈ ਪੱਤਰ ਲਿਖਿਆ ਹੈ। ਇਹ ਪੱਤਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਤੋਂ ਕੁਝ ਦਿਨ ਬਾਅਦ ਲਿਖਿਆ ਗਿਆ ਹੈ। 13,241 ਪੰਚਾਇਤਾਂ ਦਾ ਪੰਜ ਸਾਲਾ ਕਾਰਜਕਾਲ ਇਸ ਸਾਲ 15 ਫਰਵਰੀ ਨੂੰ ਖ਼ਤਮ ਹੋ ਗਿਆ ਸੀ, ਜਿਸ ਤੋਂ ਬਾਅਦ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 29-ਏ ਤਹਿਤ ਪ੍ਰਬੰਧਕ ਨਿਯੁਕਤ ਕੀਤੇ ਗਏ ਸਨ। ਨਵੇਂ ਨਿਯਮਾਂ ਅਨੁਸਾਰ, ਸਰਕਾਰ ਨੇ ਬਲਾਕ-ਵਾਰ ਰਾਖਵੇਂਕਰਨ ਦੀ ਬਜਾਏ ਸਰਪੰਚਾਂ ਲਈ ਜ਼ਿਲ੍ਹਾਵਾਰ ਰਾਖਵੇਂਕਰਨ ਦਾ ਫ਼ੈਸਲਾ ਕੀਤਾ ਹੈ। ਪੰਚਾਇਤੀ ਰਾਜ ਦੀ ਧਾਰਾ 12(4) ਦੇ ਅਨੁਸਾਰ ਸਰਪੰਚਾਂ ਦੀ ਰੋਟੇਸ਼ਨ ਸਬੰਧੀ ਗ੍ਰਾਮ ਪੰਚਾਇਤਾਂ ਅਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਨਿਯਮ, 1994 ਦੇ ਚੇਅਰਮੈਨਾਂ ਅਤੇ ਉਪ-ਚੇਅਰਮੈਨਾਂ ਦੇ ਦਫ਼ਤਰਾਂ ਅਤੇ ਸਰਪੰਚਾਂ ਦੇ ਪੰਜਾਬ ਰਿਜ਼ਰਵੇਸ਼ਨ ਵਿਚ ਇਕ ਜ਼ਰੂਰੀ ਸੋਧ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ।

ਜਲੰਧਰ (ਪੱਛਮੀ) ਵਿਧਾਨ ਸਭਾ ਜ਼ਿਮਨੀ ਚੋਣ 'ਚ 'ਆਪ' ਦੀ ਸਫਲਤਾ ਤੋਂ ਖ਼ੁਸ਼ ਹੋ ਕੇ ਸੱਤਾਧਾਰੀ ਪਾਰਟੀ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਸਮੇਤ ਸ਼ਹਿਰੀ ਅਤੇ ਪੇਂਡੂ ਨਗਰ ਨਿਗਮ ਦੀਆਂ ਚੋਣਾਂ ਲੜਨ ਦੇ ਮੂਡ 'ਚ ਹੈ। ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਅਤੇ ਪਟਿਆਲਾ ਦੀਆਂ ਨਗਰ ਨਿਗਮਾਂ ਦੀਆਂ ਚੋਣਾਂ ਵੀ ਹੋਣੀਆਂ ਹਨ। ਦਿਹਾਤੀ ਅਤੇ ਨਗਰ ਨਿਗਮ ਚੋਣਾਂ ਪਾਰਟੀਆਂ ਨੂੰ ਲੋਕਾਂ ਦੇ ਮੂਡ ਦਾ ਪਤਾ ਲਗਾਉਣ 'ਚ ਮਦਦ ਕਰਨਗੀਆਂ। ਡੇਰਾ ਬਾਬਾ ਨਾਨਕ, ਚੱਬੇਵਾਲ, ਬਰਨਾਲਾ ਅਤੇ ਗਿੱਦੜਬਾਹਾ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦਾ ਐਲਾਨ ਸਤੰਬਰ ਵਿਚ ਹੋਣ ਦੀ ਸੰਭਾਵਨਾ ਹੈ।

ਪਿਛਲੇ ਸਾਲ ਅਗਸਤ ਵਿਚ ਸਰਕਾਰ ਨੇ ਪੰਜ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਸਾਰੀਆਂ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਸੀ। ਹਾਲਾਂਕਿ ਇਹ ਮੁੱਦਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਨਿਆਇਕ ਜਾਂਚ ਦੇ ਅਧੀਨ ਆਉਣ ਤੋਂ ਬਾਅਦ ਰਾਜ ਨੂੰ ਆਪਣਾ ਮਤਾ ਵਾਪਸ ਲੈਣਾ ਪਿਆ ਸੀ। ਪੰਚਾਇਤੀ ਰਾਜ ਐਕਟ ਦੀ ਧਾਰਾ 15 ਨੂੰ ਕਥਿਤ ਤੌਰ 'ਤੇ ਗਲਤ ਢੰਗ ਨਾਲ ਪੜ੍ਹਣ ਲਈ ਦੋ ਸੀਨੀਅਰ ਆਈ.ਏ.ਐੱਸ. ਅਧਿਕਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਜਿਸ ਕਾਰਨ ਰਾਜ ਸਰਕਾਰ ਨੇ ਪੰਚਾਇਤਾਂ ਨੂੰ ਭੰਗ ਕਰ ਦਿੱਤਾ ਸੀ।

## ਐੱਚ.1ਬੀ ਵੀਜ਼ਾ ਲਈ ਰੈਨਡਮ ਸਲੈਕਸ਼ਨ ਕਰਵਾਉਣ ਦੀ ਤਿਆਰੀ 'ਚ ਯੂ.ਐੱਸ.ਸੀ.ਆਈ.ਐੱਸ.

■ ਵਿੱਤੀ ਵਰ੍ਹੇ 2025 ਦੇ ਲਈ ਹੋਵੇਗਾ ਸਲੈਕਸ਼ਨ ਦਾ ਦੂਜਾ ਰਾਊਂਡ
■ ਭਾਰਤੀ ਆਈ.ਟੀ. ਉਦਯੋਗ 'ਚ ਵਧੀਆਂ ਚਿੰਤਾਵਾਂ




**ਵਾਸ਼ਿੰਗਟਨ, (ਪੰਜਾਬ ਮੇਲ)**- ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਉਹ ਆਪਣੀ ਨਿਯਮਿਤ ਸਾਲਾਨਾ 65,000 ਵੀਜ਼ਾ ਸੀਮਾ ਦੇ ਤਹਿਤ 2025 ਵਿੱਤੀ ਸਾਲ ਦੇ ਐੱਚ-1ਬੀ ਵੀਜ਼ਾ ਲਈ ਰੈਨਡਮ ਸਲੈਕਸ਼ਨ ਦਾ ਦੂਜਾ ਰਾਊਂਡ ਕਰਵਾਏਗਾ। ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਬਿਆਨ ਵਿਚ ਕਿਹਾ ਕਿ ਵਿੱਤੀ ਸਾਲ 2025 ਦੇ ਕੈਪ ਸੀਜ਼ਨ ਲਈ ਪਹਿਲਾਂ ਤੋਂ ਜਮ੍ਹਾਂ ਰਜਿਸਟ੍ਰੇਸ਼ਨਾਂ ਵਿਚੋਂ ਚੋਣ ਕੀਤੀ ਜਾਵੇਗੀ। ਐੱਚ-1ਬੀ ਵੀਜ਼ਾ ਅਮਰੀਕਾ ਦਾ ਪ੍ਰਮੁੱਖ ਉੱਚ-ਕੁਸ਼ਲ ਵਰਕਰ ਵੀਜ਼ਾ ਹੈ, ਜਿਸਦੀ ਭਾਰਤੀ ਅਤੇ ਚੀਨੀ ਮੂਲ ਦੇ ਪੇਸ਼ੇਵਰਾਂ ਵਿਚ ਬਹੁਤ ਡਿਮਾਂਡ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਤਕਨੀਕੀ ਖੇਤਰ ਵਿਚ ਕੰਮ ਕਰਦੇ ਹਨ।

ਇਸ ਦੌਰਾਨ ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਜਿਹੜੇ ਲੋਕ ਵਿੱਤੀ ਸਾਲ 2025 ਕੈਪ ਸੀਜ਼ਨ ਲਈ ਚੁਣੇ ਗਏ ਸਨ ਉਹ 1 ਅਪ੍ਰੈਲ ਤੋਂ 30 ਜੂਨ ਦੇ ਵਿਚਕਾਰ ਆਪਣੀਆਂ ਪਟੀਸ਼ਨਾਂ ਦਾਇਰ ਕਰ ਸਕਦੇ ਹਨ। ਇਮੀਗ੍ਰੇਸ਼ਨ ਅਥਾਰਟੀ ਨੇ ਕਿਹਾ ਕਿ ਅਸੀਂ ਹਾਲ ਹੀ ਵਿਚ ਨਿਸ਼ਚਿਤ ਕੀਤਾ ਹੈ ਕਿ ਸਾਨੂੰ ਵਿੱਤੀ ਸਾਲ 2025 ਦੇ ਨਿਯਮਤ ਕੈਪ ਤੱਕ ਪਹੁੰਚਣ ਲਈ ਲਾਭਪਾਤਰੀਆਂ ਲਈ ਵਾਧੂ ਰਜਿਸਟ੍ਰੇਸ਼ਨਾਂ ਦੀ ਚੋਣ ਕਰਨ ਦੀ ਲੋੜ ਹੋਵੇਗੀ। ਯੂ.ਐੱਸ.ਸੀ.ਆਈ.ਐੱਸ. ਜਲਦੀ ਹੀ ਇੱਕ ਰੈਨਡਮ ਸਲੈਕਸ਼ਨ ਪ੍ਰਕਿਰਿਆ ਦੀ ਵਰਤੋਂ ਕਰਦੇ ਹੋਏ ਪਹਿਲਾਂ ਜਮ੍ਹਾ ਕੀਤੇ ਗਏ ਇਲੈਕਟ੍ਰਾਨਿਕ ਰਜਿਸਟ੍ਰੇਸ਼ਨਾਂ ਵਿਚੋਂ ਯੂਨੀਕ ਲਾਭਪਾਤਰੀਆਂ ਲਈ ਵਾਧੂ ਰਜਿਸਟ੍ਰੇਸ਼ਨਾਂ ਦੀ ਚੋਣ ਕਰੇਗਾ ਅਤੇ ਦੂਜੇ ਦੌਰ ਦੇ ਸੰਭਾਵੀ ਪਟੀਸ਼ਨਰਾਂ ਨੂੰ ਸੂਚਿਤ ਕਰੇਗਾ ਕਿ ਉਹ ਇੱਕ ਐੱਚ-1ਬੀ ਕੈਪ-ਵਿਸ਼ਾ ਪਟੀਸ਼ਨ ਦਾਇਰ ਕਰਨ ਦੇ ਯੋਗ ਹਨ। ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਕਿ ਅਸੀਂ ਐਲਾਨ ਕਰਾਂਗੇ ਕਿ ਅਸੀਂ ਚੋਣ ਅਤੇ

■ ਬਾਕੀ ਖਬਰ ਸਫਾ 20 'ਤੇ

## ਡਰੱਗ ਮਾਮਲਾ: ਵਿਸ਼ੇਸ਼ ਈ.ਡੀ. ਅਦਾਲਤ ਵੱਲੋਂ ਜਗਦੀਸ਼ ਭੋਲਾ ਨੂੰ 10 ਸਾਲ ਕੈਦ

■ ਭੋਲਾ ਸਮੇਤ 17 ਹੋਰ ਵਿਅਕਤੀਆਂ ਨੂੰ ਦੋਸ਼ੀ ਕਰਾਰ
■ ਸੁਰੱਖਿਆ ਪ੍ਰਬੰਧਾਂ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਪੇਸ਼ੀ



**ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)**- ਬਹੁ-ਕਰੋੜੀ ਡਰੱਗ ਕੇਸ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਮੁਹਾਲੀ ਦੀ ਵਿਸ਼ੇਸ਼ ਈ.ਡੀ. ਅਦਾਲਤ ਨੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀ.ਐੱਸ.ਪੀ. ਅਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਸਮੇਤ 17 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ 3 ਤੋਂ 10 ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਹੈ ਅਤੇ 10 ਤੋਂ 50 ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਹੈ। ਜੁਰਮਾਨੇ ਦੀ ਰਕਮ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿਚ ਦੋਸ਼ੀਆਂ ਨੂੰ 1 ਸਾਲ ਦੀ ਵਾਧੂ ਕੈਦ ਕੱਟਣੀ ਪਵੇਗੀ। ਸੁਰੱਖਿਆ ਪ੍ਰਬੰਧਾਂ ਕਾਰਨ ਜਗਦੀਸ਼ ਭੋਲਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ।

ਇਸ ਕੇਸ ਵਿਚ ਮਨਪ੍ਰੀਤ ਸਿੰਘ, ਸੁਖਰਾਜ ਸਿੰਘ, ਮਨਿੰਦਰ ਸਿੰਘ, ਦਵਿੰਦਰ ਸਿੰਘ ਹੈਪੀ, ਸੁਖਜੀਤ ਸਿੰਘ ਸੁੱਖਾ ਅਤੇ ਅਵਤਾਰ ਸਿੰਘ ਤਾਰੀ ਨੂੰ 10-10 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ ਜਦੋਂਕਿ ਜਗਦੀਸ਼ ਭੋਲਾ ਦੀ ਪਤਨੀ ਗੁਰਪ੍ਰੀਤ ਕੌਰ, ਸਹੁਰੇ ਦਲੀਪ ਸਿੰਘ ਮਾਨ, ਅਵਤਾਰੀ ਸਿੰਘ ਤਾਰੀ ਦੀ ਪਤਨੀ ਸੰਦੀਪ ਕੌਰ, ਜਗਮਿੰਦਰ ਕੌਰ ਔਲਖ, ਗੁਰਮੀਤ ਕੌਰ ਅਤੇ ਅਮਰਜੀਤ ਸਿੰਘ ਨੂੰ 3-3 ਸਾਲ ਦੀ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਸਮੇਤ ਗੁਰਪ੍ਰੀਤ ਸਿੰਘ, ਸੁਭਾਸ਼ ਬਜਾਜ, ਸੁਨੀਲ ਬਜਾਜ ਅਤੇ ਅੰਕੁਰ ਬਜਾਜ ਨੂੰ 5-5 ਸਾਲ ਦੀ ਕੈਦ ਅਤੇ 30 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ।

ਇਸ ਮਾਮਲੇ ਵਿਚ ਚਾਰ ਮੁਲਜ਼ਮਾਂ ਦੀ ਮੌਤ ਹੋ ਚੁੱਕੀ ਹੈ, ਜਦੋਂਕਿ ਦੋ ਮੁਲਜ਼ਮਾਂ ਨੂੰ ਭਗੌੜੇ ਕਰਾਰ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਸਾਲ 2013 ਵਿਚ ਪੰਜਾਬ ਦਾ ਬਹੁ-ਚਰਚਿਤ ਡਰੱਗ ਮਾਮਲਾ ਸਾਹਮਣੇ ਆਇਆ ਸੀ, ਜਿਸ ਦੌਰਾਨ ਪੰਜਾਬ ਪੁਲਿਸ ਨੇ

■ ਬਾਕੀ ਖਬਰ ਸਫਾ 20 'ਤੇ

## ਡਰੱਗ ਰੈਕੇਟ ਮਾਮਲਾ; ਮਜੀਠੀਆ ਤੀਜੀ ਵਾਰ ਵੀ ਐੱਸ.ਆਈ.ਟੀ. ਅੱਗੇ ਪੇਸ਼ ਨਹੀਂ ਹੋਏ

■ ਮਜੀਠੀਆ ਨੇ ਸਿੱਟ 'ਤੇ ਅਦਾਲਤ 'ਚ ਪੇਸ਼ੀ ਵਾਲੇ ਦਿਨ ਹੀ ਜਾਣਬੁੱਝ ਕੇ ਨੋਟਿਸ ਜਾਰੀ ਕਰਨ ਦੇ ਲਾਏ ਦੋਸ਼
■ ਐੱਸ.ਆਈ.ਟੀ. ਨੇ ਮਜੀਠਿਆ ਦੇ ਦੋਸ਼ਾਂ ਨੂੰ ਨਕਾਰਿਆ



**ਪਟਿਆਲਾ, (ਪੰਜਾਬ ਮੇਲ)**- ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੀਜੀ ਵਾਰ ਵੀ ਬਹੁ-ਕਰੋੜੀ ਡਰੱਗ ਰੈਕੇਟ ਮਾਮਲੇ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੇ ਸਾਹਮਣੇ ਪੇਸ਼ ਨਹੀਂ ਹੋਏ। ਮਜੀਠੀਆ ਨੂੰ ਮੰਗਲਵਾਰ ਸਵੇਰੇ 10 ਵਜੇ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਮਜੀਠੀਆ ਨੇ 10:52 ਵਜੇ ਮੇਲ ਭੇਜ ਕੇ ਪੇਸ਼ ਨਾ ਹੋਣ ਸਬੰਧੀ ਸੂਚਨਾ ਦਿੱਤੀ, ਜਿਸ ਕਾਰਨ ਮਾਮਲੇ 'ਚ ਕੋਈ ਕਾਰਵਾਈ ਨਹੀਂ ਹੋ ਸਕੀ। ਇਸ ਤੋਂ ਪਹਿਲਾਂ ਵੀ ਉਹ 18 ਅਤੇ 20 ਜੁਲਾਈ ਨੂੰ ਪੇਸ਼ ਨਹੀਂ ਹੋਏ। ਇਸ ਮਾਮਲੇ 'ਚ ਦੋਵਾਂ ਧਿਰਾਂ ਵੱਲੋਂ ਆਪਣਾ-ਆਪਣਾ ਪੱਖ ਰੱਖਿਆ ਗਿਆ। ਮਜੀਠੀਆ ਨੇ ਐੱਸ.ਆਈ.ਟੀ. 'ਤੇ ਦੋਸ਼ ਲਾਏ ਹਨ।

ਬਿਕਰਮ ਸਿੰਘ ਮਜੀਠੀਆ ਨੇ

■ ਬਾਕੀ ਖਬਰ ਸਫਾ 20 'ਤੇ

## ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ ਰਾਜਪਾਲ ਵਜੋਂ ਹਲਫ਼ ਲਿਆ



**ਚੰਡੀਗੜ੍ਹ, (ਪੰਜਾਬ ਮੇਲ)**- ਭਾਜਪਾ ਦੇ ਸੀਨੀਅਰ ਆਗੂ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਹਲਫ਼ ਲਿਆ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਨੇ ਰਾਜ ਭਵਨ ਵਿਚ ਇੱਕ ਸਮਾਰੋਹ ਦੌਰਾਨ ਕਟਾਰੀਆ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਦੇ ਸਾਬਕਾ ਰਾਜਪਾਲ ਵੀ.ਪੀ. ਸਿੰਘ ਬਦਨੌਰ ਅਤੇ ਹਰਪਾਲ ਸਿੰਘ ਚੀਮਾ ਤੇ ਗੁਰਮੀਤ ਸਿੰਘ ਖੁੱਡੀਆਂ ਸਮੇਤ ਪੰਜਾਬ ਦੇ ਕਈ ਮੰਤਰੀ ਮੌਜੂਦ ਸਨ। 79 ਸਾਲਾ ਕਟਾਰੀਆ ਨੇ ਹਿੰਦੀ ਵਿਚ ਹਲਫ਼ ਲਿਆ। ਜ਼ਿਕਰਯੋਗ ਹੈ ਕਿ ਕਟਾਰੀਆ ਨੇ ਬਨਵਾਰੀਲਾਲ ਪੁਰੋਹਿਤ ਦੀ ਥਾਂ ਲਈ ਹੈ, ਜਿਨ੍ਹਾਂ ਨੇ ਫਰਵਰੀ ਵਿਚ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਕਟਾਰੀਆ ਇਸ ਤੋਂ ਪਹਿਲਾਂ ਅਸਾਮ ਦੇ ਰਾਜਪਾਲ ਸਨ। ਉਦੈਪੁਰ ਦੇ ਰਹਿਣ ਵਾਲੇ ਕਟਾਰੀਆ ਦੋ ਵਾਰ ਰਾਜਸਥਾਨ ਦੇ ਗ੍ਰਹਿ ਮੰਤਰੀ ਰਹਿ ਚੁੱਕੇ ਹਨ।

## ਅਕਾਲੀ ਦਲ ਨੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ ਸਮੇਤ 8 ਵੱਡੇ ਆਗੂਆਂ ਨੂੰ ਪਾਰਟੀ 'ਚੋਂ ਕੱਢਿਆ



■ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਅਕਾਲੀ ਦਲ 'ਚੋਂ ਬਾਹਰ ਕੱਢਣ ਦਾ ਲਿਆ ਫੈਸਲਾ



**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਤੋਂ ਨਰਾਜ਼ ਚੱਲ ਰਹੇ ਆਗੂਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ 8 ਵੱਡੇ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਕੱਢ ਦਿੱਤਾ ਹੈ। ਇਨ੍ਹਾਂ ਵਿਚ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਤੇ ਚਰਨਜੀਤ ਸਿੰਘ ਬਰਾੜ ਦੇ ਨਾਂ ਸ਼ਾਮਲ ਹਨ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਕੀਤੀ ਗਈ ਹੈ, ਜਿਸ ਨੇ ਇਨ੍ਹਾਂ ਅੱਠ ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ। ਪਾਰਟੀ ਨੇ 7 ਵਿਧਾਨ ਸਭਾ ਹਲਕਿਆਂ ਦੇ ਮੌਜੂਦਾ ਹਲਕਾ ਇੰਚਾਰਜਾਂ ਨੂੰ ਵੀ ਹਟਾ ਦਿੱਤਾ ਹੈ।

ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿਚ ਸ਼੍ਰੋਮਣੀ ਅਕਾਲੀ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ, ਜਿਸ ਵਿਚ ਕਮੇਟੀ ਮੈਂਬਰ ਮਹੇਸ਼ਇੰਦਰ ਸਿੰਘ ਗਰੇਵਾਲ

■ ਬਾਕੀ ਖਬਰ ਸਫਾ 20 'ਤੇ

## ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਨਵੀਂ ਪਾਰਟੀ ਦਾ ਹੋਵੇਗਾ ਗਠਨ: ਖਾਲਸਾ



**ਅੰਮ੍ਰਿਤਸਰ, (ਪੰਜਾਬ ਮੇਲ)**- ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਮੁੜ ਆਖਿਆ ਕਿ ਪੰਜਾਬ ਵਿਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਕੀਤਾ ਜਾਵੇਗਾ ਪਰ ਇਹ ਸਿਆਸੀ ਪਾਰਟੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਬਣਾਈ ਜਾਵੇਗੀ। ਉਹ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਸਨ। ਮਰਹੂਮ ਅਕਾਲੀ ਆਗੂ ਮੋਹਨ ਸਿੰਘ ਤੁੜ ਦੀ ਬਰਸੀ ਵਿਚ ਸ਼ਾਮਲ ਹੋਣ ਲਈ ਪੁੱਜੇ ਸ੍ਰੀ ਖਾਲਸਾ ਨੇ ਕਿਹਾ ਕਿ

■ ਬਾਕੀ ਖਬਰ ਸਫਾ 20 'ਤੇ

International Punjabi Culture Academy (Non Profit)

(Non Profit Tax Deductive (IRC) section 501 (c) (3) # 82-1268411)



# Tiyaan Teej Diyan



16th Annual Women Festival

August 11th, Sunday, 2024

(2.30pm to 6.30 pm)

Free Entry




ਤੀਆਂ ਤੀਜ਼ ਦੀਆਂ

ਐਲਕ ਗਰੋਵ ਪਾਰਕ ਵਿਚ

Only For Ladies

11 ਅਗਸਤ 2024, ਦਿਨ ਐਤਵਾਰ

(ਦੁਪਹਿਰ 3.00 ਤੋਂ ਸ਼ਾਮ 6.30 ਵਜੇ ਤੱਕ)

ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.

Team Enter and Information

916-240-6969, 916-753-5933, 916-897-4414

TV Coverage by PUNJAB MAIL USA TV Channel

Elk Grove Regional Park, 9950 Elk Grove Florin Rd, Elk Grove CA 95624


Copyright @ Punjab Mail USA

# ਸਿੱਖ ਕਾਕਸ ਕਮੇਟੀ ਵੱਲੋਂ ਕਾਂਗਰਸਮੈਨ ਡੈਨ ਨਿਊਹਾਊਸ ਅਤੇ ਕਾਂਗਰਸਮੈਨ ਜੈਫ ਵੈਂਡਰਿਊ ਲਈ ਫੰਡ ਰੇਜ਼ਿੰਗ ਦਾ ਆਯੋਜਨ



























**ਵਾਸ਼ਿੰਗਟਨ, (ਪੰਜਾਬ ਮੇਲ)**-ਸਿੱਖ ਕਾਕਸ ਕਮੇਟੀ ਵੱਲੋਂ ਵਾਸ਼ਿੰਗਟਨ ਸਟੇਟ ਦੀ ਪਾਸਕੋ ਸਿਟੀ ਤੋਂ ਰਿਪਬਲੀਕਨ ਪਾਰਟੀ ਨਾਲ ਸੰਬੰਧਤ ਕਾਂਗਰਸਮੈਨ ਡੈਨ ਨਿਊਹਾਊਸ ਲਈ ਫੰਡ ਰੇਜ਼ਿੰਗ ਦਾ ਆਯੋਜਨ ਕੀਤਾ ਗਿਆ।

ਇਸ ਫੰਡ ਰੇਜ਼ਿੰਗ ਦਾ ਆਯੋਜਨ ਉੱਘੇ ਬਿਜ਼ਨਸਮੈਨ ਕਮਲਜੀਤ ਸਿੰਘ ਸਹੋਤਾ ਵੱਲੋਂ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿੱਖ ਕਾਕਸ ਕਮੇਟੀ ਦੇ ਆਗੂ ਡਾ. ਪ੍ਰਿਤਪਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਉਨ੍ਹਾਂ ਕਾਂਗਰਸਮੈਨ ਡੈਨ ਨਿਊਹਾਊਸ ਨਾਲ ਸਿੱਖਾਂ ਨਾਲ ਸੰਬੰਧਤ ਮੁੱਦੇ ਉਠਾਏ। ਕਾਂਗਰਸਮੈਨ ਨੇ ਇਨ੍ਹਾਂ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣੀਆਂ ਅਤੇ ਕਿਹਾ ਕਿ ਪਹਿਲਾਂ ਵਾਂਗ ਉਹ ਆਉਣ ਵਾਲੇ ਸਮੇਂ ਵਿਚ ਵੀ ਇਸ ਸੰਬੰਧੀ ਆਪਣੀ ਆਵਾਜ਼ ਉਠਾਉਂਦੇ ਰਹਿਣਗੇ। ਜ਼ਿਕਰਯੋਗ ਹੈ ਕਿ ਕਾਂਗਰਸਮੈਨ ਡੈਨ ਨਿਊਹਾਊਸ ਨੇ ਪਹਿਲਾਂ ਵੀ ਸਿੱਖਾਂ ਦੇ ਹੱਕ ਵਿਚ ਆਵਾਜ਼ ਉਠਾਈ ਹੈ।

ਇਸ ਫੰਡ ਰੇਜ਼ਿੰਗ ਦੌਰਾਨ ਕਮਲਜੀਤ ਸਿੰਘ ਸਹੋਤਾ ਨੂੰ ਸਹਿਯੋਗ ਦੇਣ ਵਾਲਿਆਂ ਵਿਚ ਬਲਜੀਤ ਸਿੰਘ, ਸੁਖਵੀਰ ਸਿੰਘ ਸੰਧੂ, ਜਸਵੀਰ ਸਿੰਘ ਬੈਲੇਗਨ, ਸ਼ਰਨਜੀਤ ਸਿੰਘ ਬਾਠ, ਅਜੈਬ ਸਿੰਘ ਹੋਠੀ ਅਤੇ ਮੋਹਨ ਸਿੰਘ ਵੀ ਸ਼ਾਮਲ ਸਨ।

ਇਸੇ ਤਰ੍ਹਾਂ ਨਿਊਜਰਸੀ ਦੇ 2nd ਡਿਸਟ੍ਰਿਕ ਤੋਂ ਰਿਪਬਲੀਕਨ ਕਾਂਗਰਸਮੈਨ ਜੈਫ ਵੈਂਡਰਿਊ ਲਈ ਵੀ ਸਿੱਖ ਕਾਕਸ ਕਮੇਟੀ ਵੱਲੋਂ ਫੰਡ ਰੇਜ਼ਿੰਗ ਦਾ ਆਯੋਜਨ ਕੀਤਾ ਗਿਆ। ਜਿੱਥੇ ਕਮੇਟੀ ਦੇ ਡਾਇਰੈਕਟਰ ਜੁਗਰਾਜ ਸਿੰਘ, ਹਰਜਿੰਦਰ ਸਿੰਘ, ਰਵਿੰਦਰਪਾਲ ਸਿੰਘ (ਰਵੀ), ਮੁਲਤਾਨੀ ਬ੍ਰਦਰਜ਼, ਰਾਜਭਿੰਦਰ ਸਿੰਘ ਬਦੇਸ਼ਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂਆਂ ਨੇ ਇਸ ਫੰਡ ਰੇਜ਼ਿੰਗ ਵਿਚ ਆਪਣਾ ਸਹਿਯੋਗ ਦਿੱਤਾ।

ਜ਼ਿਕਰਯੋਗ ਹੈ ਕਿ ਕਾਂਗਰਸਮੈਨ ਡੈਨ ਨਿਊਹਾਊਸ ਅਤੇ ਕਾਂਗਰਸਮੈਨ ਜੈਫ ਵੈਂਡਰਿਊ, ਅਮਰੀਕਨ ਸਿੱਖ ਕਾਕਸ ਦੇ ਮੈਂਬਰ ਵੀ ਹਨ ਅਤੇ ਇਨ੍ਹਾਂ ਦੀ ਬਦੌਲਤ ਹੀ 13 ਅਤੇ 14 ਜੂਨ ਨੂੰ ਕੈਪੀਟਲ ਸੈਸ਼ਨ ਦੌਰਾਨ ਸਾਕਾ ਦਰਬਾਰ ਸਾਹਿਬ ਦੀ 40ਵੀਂ ਬਰਸੀ ਮੌਕੇ ਅਰਦਾਸ ਹੋਣੀ ਸੰਭਵ ਹੋਈ ਸੀ। ਉਸ ਮੌਕੇ ਅਰਦਾਸ ਕਰਨ ਵਾਲੇ ਭਾਈ ਮੋਹਨ ਸਿੰਘ ਵੀ ਫੰਡ ਰੇਜ਼ਿੰਗ ਦੌਰਾਨ ਹਾਜ਼ਰ ਸਨ।

ਅਜਿਹੇ ਸਮਾਗਮਾਂ ਦਾ ਮਕਸਦ ਇਹੋ ਹੁੰਦਾ ਹੈ ਕਿ ਅਮਰੀਕਨ ਆਗੂਆਂ ਨੂੰ ਸਿੱਖਾਂ ਦੀ ਪਹਿਚਾਣ ਹੋ ਸਕੇ ਅਤੇ ਉਨ੍ਹਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਨਿਜ਼ਾਤ ਮਿਲ ਸਕੇ।

# Phulkari Teeyan Da Mela-2024

# ਫੁਲਕਾਰੀ ਤੀਆਂ ਦਾ ਮੇਲਾ-2024

Free Entry
Free Food

**August 11th, Sunday, 3pm to 8pm**

(ਹੁੰਮਹੁਮਾ ਕੇ ਪਹੁੰਚੋ)

Women Festival

*at Sunrise Elementary School*
*22300, 132nd Ave SE, Kent, WA. 98042*

Only for Ladies





ਵਧੇਰੇ ਜਾਣਕਾਰੀ ਲਈ ਜਾਂ ਸਟਾਲ ਬੁੱਕ ਕਰਵਾਉਣ ਲਈ ਸੰਪਰਕ ਕਰੋ

ਗੁਰਦੀਪ ਕੌਰ ਝੱਲੀ: 206-335-7616, ਰਾਜਪ੍ਰੀਤ ਕੌਰ ਮੱਲੀ : 206-537-1343

*Sound Mind in the Sound Body* *Health is Wealth*

# 14th Children Summer Sports Camp - 2024

# 14ਵਾਂ ਬੱਚਿਆਂ ਦਾ ਖੇਡ ਕੈਂਪ - 2024

## ਸਮਾਪਤੀ ਸਮਾਰੋਹ/Closing Ceremony

**25th Aug. Sunday, on 5.00 to 7.30**

*Wilson Play Field Kent, 13028 SE 251 St., Kent, WA 98030*

Designed By Punjab Mail USA



*Chief guest for Children Sports Camp*
*S. Satpal Sidhu*
*County Executive*
*(Watson County)*

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ



ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ)
206-412-1559



ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ)
206-697-8155

ਕੋਚ, ਦਾਨੀ, ਵਲੰਟੀਅਰਜ਼ ਦਾ ਮਾਣ ਸਨਮਾਨ ਕੀਤਾ ਜਾਵੇਗਾ।






*Space sponsored by*

**Gurjatinder S. Randhawa** (REALTOR) CA DRE licence # 01490567

**916-320-9444**

# ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦਾ ਅਮਰੀਕਾ 'ਚ ਵੱਖ-ਵੱਖ ਗੁਰੂਘਰਾਂ ਅਤੇ ਜਥੇਬੰਦੀਆਂ ਵੱਲੋਂ ਸਨਮਾਨ






























ਕ੍ਰਿਸ਼ਨ ਕੁਮਾਰ ਬਾਵਾ ਦੀ ਅਮਰੀਕਾ ਫੇਰੀ ਦੌਰਾਨ ਵੱਖ-ਵੱਖ ਤਸਵੀਰਾਂ।

■ ਬਾਕੀ ਖਬਰ ਅਤੇ ਫੋਟੋਆਂ ਅਗਲੇ ਸਫੇ ਤੇ ਦੇਖੋ।

# ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦਾ ਅਮਰੀਕਾ 'ਚ ਵੱਖ-ਵੱਖ ਗੁਰੂਘਰਾਂ ਅਤੇ ਜਥੇਬੰਦੀਆਂ ਵੱਲੋਂ ਸਨਮਾਨ





**ਸੈਕਰਾਮੈਂਟੋ, (ਪੰਜਾਬ ਮੇਲ)-** ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅੱਜਕੱਲ੍ਹ ਅਮਰੀਕਾ ਦੌਰੇ 'ਤੇ ਹਨ। ਕੈਲੀਫੋਰਨੀਆ ਦੇ ਸ਼ਹਿਰ ਸਾਨ ਫਰਾਂਸਿਸਕੋ ਪਹੁੰਚਣ 'ਤੇ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਹੋਰ ਸਾਥੀਆਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਨੂੰ ਵੱਖ-ਵੱਖ ਗੁਰੂ ਘਰਾਂ ਅਤੇ ਸਾਹਿਤ ਸਭਾਵਾਂ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਆਪਣੀ ਸੰਸਥਾ ਵੱਲੋਂ ਛਾਪੀ ਕਿਤਾਬ "ਇਲਾਹੀ ਗਿਆਨ ਦਾ ਸਾਗਰ: ਸ੍ਰੀ ਗੁਰੂ ਗ੍ਰੰਥ ਸਾਹਿਬ" ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ।

ਇਸ ਫੇਰੀ ਦੌਰਾਨ ਸਭ ਤੋਂ ਪਹਿਲਾਂ ਉਹ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਪਹੁੰਚੇ, ਜਿੱਥੇ ਉਨ੍ਹਾਂ ਨੇ ਇਸ ਕਿਤਾਬ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਕਿ ਇਸ ਕਿਤਾਬ ਦੇ ਰਚੇਤਾ ਡਾ. ਅਨੁਰਾਗ ਸਿੰਘ (ਲੁਧਿਆਣਾ) ਹਨ ਅਤੇ ਇਸ ਵਿਚ ਪ੍ਰਸਿੱਧ ਚਿੱਤਰਕਾਰੀ ਡਾ. ਆਰ.ਐੱਮ. ਸਿੰਘ ਵੱਲੋਂ ਤਿਆਰ ਕੀਤੀਆਂ ਤਸਵੀਰਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਮੌਕੇ ਬੋਲਦਿਆਂ ਕ੍ਰਿਸ਼ਨ ਕੁਮਾਰ ਬਾਵਾ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 6 ਗੁਰੂਆਂ ਦੀ ਬਾਣੀ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀਆਂ ਬਾਣੀਆਂ ਸੁਸ਼ੋਭਿਤ ਹਨ। ਉਨ੍ਹਾਂ ਦੱਸਿਆ ਕਿ ਇਹ ਪੁਸਤਕ ਤਿੰਨ ਭਾਸ਼ਾਵਾਂ ਵਿਚ ਲਿਖੀ ਗਈ ਹੈ, ਤਾਂਕਿ ਸਿੱਖ ਧਰਮ ਦਾ ਪ੍ਰਚਾਰ ਦੁਨੀਆਂ ਭਰ ਵਿਚ ਹੋ ਸਕੇ ਅਤੇ ਤਿੰਨਾਂ ਭਾਸ਼ਾਵਾਂ ਨੂੰ ਬੋਲਣ ਵਾਲੇ ਲੋਕ ਸਾਡੇ ਧਰਮ ਨੂੰ ਸਮਝ ਸਕਣ। ਇਸ ਸਮਾਗਮ ਦੌਰਾਨ ਸੋਨੂੰ ਚੱਠਾ ਵੱਲੋਂ ਕ੍ਰਿਸ਼ਨ ਕੁਮਾਰ ਬਾਵਾ ਜੀ ਦਾ ਸਨਮਾਨ ਵੀ ਕੀਤਾ ਗਿਆ।

ਇਸ ਤੋਂ ਬਾਅਦ ਉਹ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ ਪਹੁੰਚੇ, ਜਿੱਥੇ ਕ੍ਰਿਸ਼ਨ ਕੁਮਾਰ ਬਾਵਾ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਗੁਰਦੁਆਰਾ ਸਾਹਿਬ ਦੇ ਸਾਬਕਾ ਚੇਅਰਮੈਨ ਜੱਸੀ ਬੰਗਾ ਨੇ ਬਾਵਾ ਜੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੀ ਸ਼ਖ਼ਸੀਅਤਾਂ ਨਾਲ ਸਾਡਾ ਸਿੱਖ ਧਰਮ ਪ੍ਰਫੁਲਿਤ ਹੁੰਦਾ ਹੈ।

ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਹੁੰਦਲ ਵੱਲੋਂ ਆਯੋਜਿਤ ਇਕ ਭਰਵੇਂ ਸਮਾਗਮ ਵਿਚ ਕ੍ਰਿਸ਼ਨ ਕੁਮਾਰ ਬਾਵਾ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿਰੋਪਾਓ ਭੇਂਟ ਕੀਤਾ ਗਿਆ। ਇਸ ਦੌਰਾਨ ਨਰਿੰਦਰਪਾਲ ਸਿੰਘ ਹੁੰਦਲ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਬਾਵਾ ਜੀ ਦੇ ਪਿਛੋਕੜ ਬਾਰੇ ਆਈਆਂ ਸੰਗਤਾਂ ਨੂੰ ਭਰਪੂਰ ਜਾਣਕਾਰੀ ਦਿੱਤੀ ਅਤੇ ਲੁਧਿਆਣਾ ਜ਼ਿਲ੍ਹੇ ਦੇ ਰਕਬਾ ਪਿੰਡ ਵਿਚ ਸਥਾਪਿਤ ਕੀਤੇ ਬਾਬਾ ਬੰਦਾ ਸਿੰਘ ਬਹਾਦਰ ਭਵਨ ਅਤੇ ਸ਼ਬਦ ਪ੍ਰਕਾਸ਼ ਅਜਾਇਬ ਘਰ ਬਾਰੇ ਦੱਸਿਆ ਅਤੇ ਕਿਹਾ ਕਿ ਉਥੇ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਅਤੇ ਲੋਕ ਦੇਸ਼-ਵਿਦੇਸ਼ ਤੋਂ ਆਣ ਕੇ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਜਾਣਕਾਰੀ ਹਾਸਲ ਕਰਦੇ ਹਨ, ਉਥੇ ਉਨ੍ਹਾਂ ਨੂੰ ਸਿੱਖ ਧਰਮ ਬਾਰੇ ਵੀ ਭਰਪੂਰ ਜਾਣਕਾਰੀ ਮਿਲਦੀ ਹੈ।

ਅਗਲੇ ਪੜਾਅ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਰੱਖੇ ਇਕ ਸਮਾਗਮ ਦੌਰਾਨ ਕ੍ਰਿਸ਼ਨ ਕੁਮਾਰ ਬਾਵਾ ਜੀ ਦਾ ਸਨਮਾਨ ਕੀਤਾ ਗਿਆ। ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਆਯੋਜਿਤ ਇਸ ਸਮਾਗਮ ਵਿਚ ਬਾਵਾ ਜੀ ਨੂੰ ਫੁੱਲਾਂ ਦੇ ਬੁੱਕੇ ਅਤੇ ਇਕ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ। ਇਸ ਦੌਰਾਨ ਕ੍ਰਿਸ਼ਨ ਕੁਮਾਰ ਬਾਵਾ ਜੀ ਨੇ ਬੋਲਦਿਆਂ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਪਰਦੇਸਾਂ ਵਿਚ ਰਹਿ ਕੇ ਵੀ ਪੰਜਾਬੀ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਨਹੀਂ ਭੁੱਲੇ। ਇਨ੍ਹਾਂ ਦੀ ਬਦੌਲਤ ਹੀ ਸਾਡਾ ਵਿਰਸਾ ਜਿਊਂਦਾ ਹੈ ਅਤੇ ਜਿਊਂਦਾ ਰਹੇਗਾ।

ਇਥੇ ਜ਼ਿਕਰਯੋਗ ਹੈ ਕਿ ਕ੍ਰਿਸ਼ਨ ਕੁਮਾਰ ਬਾਵਾ ਵੱਲੋਂ ਆਪਣੀ ਪੁਸਤਕ "ਇਲਾਹੀ ਗਿਆਨ ਦਾ ਸਾਗਰ: ਸ੍ਰੀ ਗੁਰੂ ਗ੍ਰੰਥ ਸਾਹਿਬ" ਹਰ ਜਗ੍ਹਾ ਪ੍ਰਬੰਧਕਾਂ ਨੂੰ ਭੇਂਟ ਕੀਤੀ ਗਈ, ਤਾਂ ਕਿ ਇਹ ਅਨਮੋਲ ਪੁਸਤਕ ਉਥੋਂ ਦੀਆਂ ਲਾਇਬ੍ਰੇਰੀਆਂ ਵਿਚ ਰੱਖੀ ਜਾ ਸਕੇ ਅਤੇ ਲੋਕਾਂ ਨੂੰ ਇਸ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ।

ਇਸ ਦੌਰਾਨ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਜੀ ਨੇ ਗੁਰਦੁਆਰਾ ਸਾਹਿਬ ਸੰਤ ਸਾਗਰ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਹੁੰਦਲ ਨੂੰ ਸੰਸਥਾ ਵੱਲੋਂ ਅਮਰੀਕਾ ਦਾ ਸਰਪ੍ਰਸਤ ਥਾਪਿਆ ਅਤੇ ਜਸਬੀਰ ਸਿੰਘ ਜੱਸੀ ਨੂੰ ਸਭਾ ਦਾ ਜਨਰਲ ਸਕੱਤਰ ਬਣਾਇਆ ਗਿਆ, ਤਾਂਕਿ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦਾ ਪ੍ਰਚਾਰ ਅਮਰੀਕਾ ਭਰ ਵਿਚ ਵੀ ਹੋ ਸਕੇ।

ਇਸ ਮੌਕੇ ਨਰਿੰਦਰਪਾਲ ਸਿੰਘ ਹੁੰਦਲ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਸੈਕਰਾਮੈਂਟੋ 'ਚ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਵੇਗਾ।

ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਐਲਨ ਨੇ ਕੇ.ਕੇ. ਬਾਵਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਸ਼੍ਰੀ ਬਾਵਾ ਨੇ ਇਸ ਮੌਕੇ ਉਨ੍ਹਾਂ ਨੂੰ ਸਿੱਖ ਧਰਮ ਅਤੇ ਨਵੀਂ ਛਪੀ ਕਿਤਾਬ ਬਾਰੇ ਜਾਣਕਾਰੀ ਦਿੱਤੀ।

ਇੰਟਰਫੇਥ ਕੌਂਸਲ ਆਫ ਗਰੇਟਰ ਸੈਕਰਾਮੈਂਟੋ, ਜੋ ਕਿ 116 ਸਾਲ ਪੁਰਾਣੀ ਸੰਸਥਾ ਹੈ, ਵੱਲੋਂ ਵੀ ਕ੍ਰਿਸ਼ਨ ਕੁਮਾਰ ਬਾਵਾ ਦਾ ਸਨਮਾਨ ਕੀਤਾ ਗਿਆ। ਲੂਥਰਨ ਚਰਚ, ਸੈਕਰਾਮੈਂਟੋ ਵਿਖੇ ਹੋਏ ਇਸ ਸਮਾਗਮ ਦੌਰਾਨ ਕੌਂਸਲ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਕ੍ਰਿਸ਼ਨ ਕੁਮਾਰ ਬਾਵਾ ਅਤੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਪੁਸਤਕ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਬੋਰਡ ਦੀ ਪ੍ਰਧਾਨ ਕੈਰਲ ਲੋਈ ਨੇ ਬਾਵਾ ਜੀ ਦੇ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਪੁਸਤਕ ਬਹੁਭਾਸ਼ਾਈ ਹੋਣ ਕਰਕੇ ਅਸੀਂ ਅਮਰੀਕਨ ਲੋਕ ਵੀ ਸਿੱਖ ਧਰਮ ਬਾਰੇ ਵਿਸ਼ੇਸ਼ ਜਾਣਕਾਰੀ ਹਾਸਲ ਕਰ ਸਕਦੇ ਹਾਂ।

ਇਸ ਉਪਰੰਤ ਕ੍ਰਿਸ਼ਨ ਕੁਮਾਰ ਬਾਵਾ ਕੈਲੀਫੋਰਨੀਆ ਦੀ ਰਾਜਧਾਨੀ ਕੈਪੀਟਲ ਬਿਲਡਿੰਗ ਵਿਚ ਪਹੁੰਚੇ, ਜਿੱਥੇ ਉਨ੍ਹਾਂ ਨੇ ਅਸੈਂਬਲੀ ਹਾਲ ਅਤੇ ਸੈਨੇਟ ਹਾਲ ਦਾ ਵੀ ਦੌਰਾ ਕੀਤਾ।

## ਕੈਲੀਫੋਰਨੀਆ ਦੇ ਜੰਗਲ 'ਚ ਲੱਗੀ ਅੱਗ 'ਚੋਂ ਕਤੂਰਿਆਂ ਨੂੰ ਹੈਲੀਕਾਪਟਰ ਰਾਹੀਂ ਬਚਾਇਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸੈਕਰਾਮੈਂਟੋ, ਕੈਲੀਫੋਰਨੀਆ ਦੇ ਉੱਤਰ ਵਿਚ ਲੱਗੀ ਅੱਗ, ਜਿਸ ਨੂੰ ਪਾਰਕ ਫਾਇਰ ਦਾ ਨਾਂ ਦਿੱਤਾ ਗਿਆ ਹੈ, ਵੱਲੋਂ ਮਚਾਈ ਭਾਰੀ ਤਬਾਹੀ ਦਰਮਿਆਨ ਹੈਲੀਕਾਪਟਰ ਦੀ ਮਦਦ ਨਾਲ ਇਕ ਰੋਟਵੀਲਰ ਨਸਲ ਦੇ ਕੁੱਤੇ ਤੇ 4 ਕਤੂਰਿਆਂ ਨੂੰ ਬਚਾ ਲੈਣ ਦੀ ਖਬਰ ਹੈ। ਇਹ ਜਾਣਕਾਰੀ ਬੂਟੇ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦਫਤਰ ਦੇ ਫੇਸਬੁੱਕ ਸਫੇ ਉਪਰ ਪਾਈ ਇਕ ਪੋਸਟ ਅਨੁਸਾਰ ਕੈਂਪਬੈਲਵਿਲੇ ਦੇ ਦੂਰ-ਦਰਾਜ ਦੇ ਖੇਤਰ ਨੇੜੇ ਰਹਿੰਦੇ ਇਕ ਵਿਅਕਤੀ ਨੂੰ ਹੋਰਨਾਂ ਲੋਕਾਂ ਨਾਲ ਬਚਾ ਲਿਆ ਗਿਆ ਸੀ ਪਰੰਤੂ ਉਹ ਆਪਣੇ ਕੁੱਤਿਆਂ ਨੂੰ ਨਾਲ ਨਹੀਂ ਲਿਆ ਸਕਿਆ ਸੀ। ਕਾਊਂਟੀ ਦੀ ਬਚਾਅ ਤੇ ਰਾਹਤ ਟੀਮ ਦਾ ਇਕ ਮੈਂਬਰ ਟਰੇਵਰ ਸਕਾਗਸ ਪਾਇਲਟ ਕੋਨੋਰ ਸਮਿੱਥ ਨਾਲ ਇਕ ਹੈਲੀਕਾਪਟਰ ਰਾਹੀਂ ਸਬੰਧਤ ਖੇਤਰ ਵਿਚ ਗਿਆ ਤੇ ਉਹ ਕੁੱਤਿਆਂ ਨੂੰ ਲੱਭਣ ਵਿਚ ਸਫਲ ਹੋ ਗਏ। ਮੌਕੇ 'ਤੇ ਇਕ ਰੋਟਵੀਲਰ ਨਸਲ ਦੀ ਕੁੱਤੀ ਮ੍ਰਿਤਕ ਹਾਲਤ ਵਿਚ ਮਿਲੀ, ਜਦਕਿ ਦੋ ਹੋਰ ਕਤੂਰੇ ਨਹੀਂ ਮਿਲੇ। ਮਿਲੇ ਕੁੱਤੇ ਤੇ ਕਤੂਰਿਆਂ ਨੂੰ ਪਾਣੀ ਪਿਆ ਗਿਆ ਤੇ ਖਾਣ ਲਈ ਕੁਝ ਦਿੱਤਾ ਗਿਆ। ਬਾਅਦ ਵਿਚ ਉਨ੍ਹਾਂ ਨੂੰ ਚੀਕੋ ਹਵਾਈ ਅੱਡੇ 'ਤੇ ਨਾਰਥ ਵੈਲੀ ਐਨੀਮਲ ਡਿਜਾਸਟਰ ਗਰੁੱਪ ਦੇ ਹਵਾਲੇ ਕਰ ਦਿੱਤਾ ਗਿਆ ਜੋ ਅੱਗ ਤੋਂ ਪ੍ਰਭਾਵਿਤ ਘੋੜਿਆਂ, ਸੂਰਾਂ ਤੇ ਹੋਰ ਪਸ਼ੂਆਂ ਦੀ ਦੇਖਭਾਲ ਕਰਦਾ ਹੈ।



ਹੈਲੀਕਾਪਟਰ ਰਾਹੀਂ ਬਚਾਏ ਰੋਟਵੀਲਰ ਨਸਲ ਦਾ ਕੁੱਤਾ ਤੇ ਕਤੂਰੇ।

## ਗਵਰਨਰ ਕੂਪਰ ਵੱਲੋਂ ਅਮਰੀਕੀ ਉਪ-ਰਾਸ਼ਟਰਪਤੀ ਦਾ ਉਮੀਦਵਾਰ ਬਣਨ ਦੀ ਸੰਭਾਵਨਾ ਤੋਂ ਇਨਕਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਉੱਤਰੀ ਕੈਰੋਲੀਨਾ ਦੇ ਗਵਰਨਰ ਰਾਏ ਕੂਪਰ ਨੇ ਸੰਭਾਵੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਦੀ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਨ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਦੋ ਲੋਕਾਂ ਨੇ ਇਹ ਜਾਣਕਾਰੀ ਦਿੱਤੀ। ਕੂਪਰ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਜੇਕਰ ਉਹ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਚੁਣੇ ਜਾਂਦੇ ਹਨ, ਤਾਂ ਰਾਜ ਤੋਂ ਬਾਹਰ ਚਲੇ ਜਾਣ 'ਤੇ ਉਨ੍ਹਾਂ ਦੇ ਰਿਪਬਲਿਕਨ ਲੈਫਟੀਨੈਂਟ ਗਵਰਨਰ ਰਾਜ ਦੀ ਵਾਗਡੋਰ ਸੰਭਾਲ ਲੈਣਗੇ।



ਦੋਵਾਂ ਲੋਕਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦਿਆਂ ਕਿਹਾ ਕਿ ਕੂਪਰ (67) ਨੇ ਹੈਰਿਸ ਨੂੰ ਸੰਭਾਵੀ ਉਪ-ਰਾਸ਼ਟਰਪਤੀ ਉਮੀਦਵਾਰ ਮੰਨੇ ਜਾਣ ਤੋਂ ਪਹਿਲਾਂ ਆਪਣਾ ਨਾਮ ਵਾਪਸ ਲੈ ਲਿਆ ਸੀ। 'ਡੈਮੋਕ੍ਰੇਟਿਕ ਗਵਰਨਰਜ਼ ਐਸੋਸੀਏਸ਼ਨ' ਦੇ ਸਾਬਕਾ ਪ੍ਰਧਾਨ ਰਹੇ ਕੂਪਰ ਉਦੋਂ ਤੋਂ ਹੀ ਹੈਰਿਸ ਦੇ ਨਜ਼ਦੀਕੀ ਰਹੇ ਹਨ, ਜਦੋਂ ਤੋਂ ਉਹ ਦੋਵੇਂ ਰਾਜ ਦੇ ਅਟਾਰਨੀ ਜਨਰਲ ਸਨ। ਉੱਤਰੀ ਕੈਰੋਲੀਨਾ ਦੇ ਸੰਵਿਧਾਨ ਦੇ ਤਹਿਤ ਰਾਜ ਦੇ ਲੈਫਟੀਨੈਂਟ ਗਵਰਨਰ ਮਾਰਕ ਰੌਬਿਨਸਨ, ਕੂਪਰ ਦੇ ਰਾਜ ਤੋਂ ਬਾਹਰ ਜਾਣ 'ਤੇ ਕਾਰਜਕਾਰੀ ਗਵਰਨਰ ਬਣ ਸਕਦੇ ਹਨ ਅਤੇ ਡੈਮੋਕ੍ਰੇਟਸ ਦੀਆਂ ਸ਼ਕਤੀਆਂ ਹਾਸਲ ਕਰ ਸਕਦੇ ਹਨ। ਕੂਪਰ ਨੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਜੇਕਰ ਰੌਬਿਨਸਨ ਪ੍ਰਚਾਰ ਕਰਨ ਲਈ ਰਾਜ ਤੋਂ ਬਾਹਰ ਜਾਂਦਾ ਹੈ, ਤਾਂ ਉਹ ਰਾਜ ਦਾ ਕੰਟਰੋਲ ਆਪਣੇ ਹੱਥ ਲੈ ਸਕਦਾ ਹੈ। 'ਨਿਊਯਾਰਕ ਟਾਈਮਜ਼' ਨੇ ਸਭ ਤੋਂ ਪਹਿਲਾਂ ਇਹ ਰਿਪੋਰਟ ਦਿੱਤੀ ਸੀ ਕਿ ਕੂਪਰ ਨੇ ਆਪਣੇ ਆਪ ਨੂੰ ਉਪ ਰਾਸ਼ਟਰਪਤੀ ਦੀ ਦੌੜ ਤੋਂ ਦੂਰ ਕਰ ਲਿਆ ਸੀ। ਹੈਰਿਸ ਦੀ ਮੁਹਿੰਮ ਟੀਮ ਨੇ ਇਸ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਜੇਕਰ ਮੈਂ ਚੋਣਾਂ ਹਾਰ ਗਿਆ ਤਾਂ ਤੀਜਾ ਵਿਸ਼ਵ ਯੁੱਧ ਹੋ ਸਕਦੈ : ਟਰੰਪ

ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਮੁਲਾਕਾਤ ਤੋਂ ਬਾਅਦ ਡੋਨਾਲਡ ਟਰੰਪ ਦਾ ਦਾਅਵਾ ਕਿ ਜੇਕਰ ਮੈਂ ਚੋਣਾਂ ਹਾਰ ਗਿਆ, ਤਾਂ ਤੀਜਾ ਵਿਸ਼ਵ ਯੁੱਧ ਹੋ ਸਕਦਾ ਹੈ। ਡੋਨਾਲਡ ਟਰੰਪ ਨੇ ਬੀਤੇ ਦਿਨੀਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਦਾ ਅਮਰੀਕਾ ਦੇ ਫਲੋਰੀਡਾ 'ਚ ਸਥਿਤ ਆਪਣੀ ਰਿਹਾਇਸ਼ 'ਤੇ ਸਵਾਗਤ ਕੀਤਾ। ਇੱਥੇ ਦੱਸਣਯੋਗ ਹੈ ਕਿ ਸੰਯੁਕਤ ਰਾਜ ਵਿਚ ਨਵੰਬਰ ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਖੜ੍ਹੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਦਾ ਫਲੋਰੀਡਾ ਸਥਿਤ ਰਿਹਾਇਸ਼ 'ਤੇ ਸਵਾਗਤ ਕੀਤਾ। ਇਨ੍ਹਾਂ ਨੇਤਾਵਾਂ ਦੀ ਗੱਲਬਾਤ ਦੌਰਾਨ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਮੈਂ ਚੋਣਾਂ 'ਚ ਹਾਰ ਗਿਆ ਤਾਂ ਦੁਨੀਆਂ 'ਚ ਮੌਜੂਦਾ ਜੰਗ ਵਰਗਾ ਮਾਹੌਲ ਤੀਸਰੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦਾ ਹੈ। ਨੇਤਨਯਾਹੂ ਨਾਲ ਗੱਲਬਾਤ ਦੌਰਾਨ ਟਰੰਪ ਨੇ ਰਾਸ਼ਟਰਪਤੀ ਚੋਣ ਲਈ ਡੈਮੋਕ੍ਰੇਟਿਕ ਪਾਰਟੀ 'ਤੇ ਝੁਕਣ ਦੀ ਚਾਹਵਾਨ ਕਮਲਾ ਹੈਰਿਸ 'ਤੇ ਚੁਟਕੀ ਲੈਂਦੇ ਹੋਏ ਕਿਹਾ ਕਿ ਉਹ ਮੱਧ ਪੂਰਬ ਦੇ ਮਾਮਲਿਆਂ ਨੂੰ ਲੈ ਕੇ ਸਭ ਤੋਂ ਖਰਾਬ ਹੈ। ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਿਹਾ ਟਕਰਾਅ ਜੇਕਰ ਜਲਦੀ ਹੱਲ ਨਾ ਕੀਤਾ ਗਿਆ, ਤਾਂ ਇੱਕ ਸਰਬ-ਵਿਆਪਕ ਯੁੱਧ ਵਿਚ ਬਦਲ ਸਕਦਾ ਹੈ। ਜੇਕਰ ਮੈਂ ਨਵੰਬਰ 'ਚ ਹੋਣ ਵਾਲੀਆਂ ਚੋਣਾਂ ਜਿੱਤਦਾ ਹਾਂ, ਤਾਂ ਜੰਗ ਨੂੰ ਰੋਕਣਾ ਸੰਭਵ ਹੈ। ਜਦਕਿ ਭਾਰਤੀ ਮੂਲ ਦੀ ਕਮਲਾ ਹੈਰਿਸ ਸੰਯੁਕਤ ਰਾਜ ਵਿਚ ਟਰੰਪ ਦੇ ਮੁਕਾਬਲੇ 'ਚ ਡੈਮੋਕਰੇਟਿਕ ਪਾਰਟੀ ਦੀ ਰਾਸ਼ਟਰਪਤੀ ਉਮੀਦਵਾਰ ਵਜੋਂ ਸਾਹਮਣੇ ਆਈ ਹੈ। ਬਰਾਕ ਅਤੇ ਮਿਸ਼ੇਲ ਓਬਾਮਾ ਕਮਲਾ ਹੈਰਿਸ ਦਾ ਸਮਰਥਨ ਕਰਦੇ ਹਨ। ਟਰੰਪ ਨੇ ਦਾਅਵਾ ਕੀਤਾ ਕਿ 'ਅਸੀਂ ਦੇਖਾਂਗੇ ਕਿ ਸਥਿਤੀ ਕਿਵੇਂ ਅੱਗੇ ਵਧਦੀ ਹੈ। ਜੇਕਰ ਅਸੀਂ ਚੋਣਾਂ ਜਿੱਤ ਜਾਂਦੇ ਹਾਂ, ਤਾਂ ਜੰਗ ਨੂੰ ਰੋਕਣਾ ਸੰਭਵ ਹੈ। ਇਹ ਬਹੁਤ ਸਾਧਾਰਨ ਹੈ, ਪਰ ਜੇਕਰ ਅਸੀਂ ਚੋਣ ਹਾਰ ਜਾਂਦੇ ਹਾਂ, ਤਾਂ ਮੱਧ ਪੂਰਬ ਵਿਚ ਇੱਕ ਵੱਡੀ ਜੰਗ ਹੋ ਸਕਦੀ ਹੈ, ਸ਼ਾਇਦ ਇੱਕ ਤੀਜਾ ਵਿਸ਼ਵ ਯੁੱਧ ਵੀ ਹੋ ਸਕਦਾ ਹੈ। ਅਸੀਂ ਤੀਜੇ ਵਿਸ਼ਵ ਯੁੱਧ ਦੇ ਓਨੇ ਹੀ ਨੇੜੇ ਹਾਂ, ਜਿੰਨੇ ਅਸੀਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਆਏ ਹਾਂ, ਪਰ ਹੁਣ ਵਿਸ਼ਵ ਯੁੱਧ ਦਾ ਖ਼ਤਰਾ ਸਭ ਤੋਂ ਵੱਡਾ ਹੈ। ਕਿਉਂਕਿ ਅਯੋਗ ਲੋਕ ਹੁਣ ਦੇਸ਼ ਨੂੰ ਚਲਾ ਰਹੇ ਹਨ।' ਨੇਤਨਯਾਹੂ ਨੇ ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ ਇਸ ਹਫਤੇ ਦੇ ਸ਼ੁਰੂ ਵਿਚ ਵਾਸ਼ਿੰਗਟਨ 'ਚ ਕਮਲਾ ਹੈਰਿਸ ਨਾਲ ਵੀ ਮੁਲਾਕਾਤ ਕੀਤੀ ਸੀ।



## ਮੇਟਾ ਵੱਲੋਂ ਡੋਨਾਲਡ ਟਰੰਪ ਤੋਂ ਪਾਬੰਦੀ ਹਟਾਉਣ ਦਾ ਫੈਸਲਾ

ਨਿਊਯਾਰਕ, (ਪੰਜਾਬ ਮੇਲ)- ਡੋਨਾਲਡ ਟਰੰਪ 'ਤੇ ਜਾਨਲੇਵਾ ਹਮਲਾ ਹੋਇਆ, ਜਿਸ 'ਚ ਉਹ ਵਾਲ-ਵਾਲ ਬਚ ਗਏ। ਇਸ ਹਮਲੇ ਦੀ ਪੂਰੀ ਦੁਨੀਆਂ 'ਚ ਚਰਚਾ ਹੋ ਰਹੀ ਹੈ। ਡੋਨਾਲਡ ਟਰੰਪ ਸਾਲ 2024 ਵਿਚ ਅਮਰੀਕਾ ਦੇ ਰਾਸ਼ਟਰਪਤੀ ਦੀ ਹੋਣ ਜਾ ਰਹੀ ਚੋਣ ਲਈ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹਨ। ਅਜਿਹੇ 'ਚ ਮੇਟਾ ਨੇ ਉਨ੍ਹਾਂ 'ਤੇ ਲਗਾਈ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਹੈ। ਮੇਟਾ ਨੇ ਕਿ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਚੋਣਾਂ ਲੜ ਰਹੇ ਹਨ। ਅਜਿਹੇ 'ਚ ਮੈਟਾ ਦਾ ਮੰਨਣਾ ਹੈ ਕਿ ਸਾਰਿਆਂ ਨੂੰ ਬਰਾਬਰ ਮੌਕਾ ਮਿਲਣਾ ਚਾਹੀਦਾ ਹੈ, ਦੂਜੇ ਉਮੀਦਵਾਰ ਚੋਣ ਪ੍ਰਚਾਰ ਲਈ ਮੇਟਾ ਦੇ ਪਲੇਟਫਾਰਮ ਜਿਵੇਂ ਫੇਸਬੁੱਕ, ਇੰਸਟਾਗ੍ਰਾਮ ਆਦਿ ਦੀ ਵਰਤੋਂ ਕਰ ਰਹੇ ਹਨ, ਉਸੇ ਤਰ੍ਹਾਂ ਡੋਨਾਲਡ ਟਰੰਪ ਵੀ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ। ਮੇਟਾ ਨੇ ਸਾਲ 2021 ਵਿਚ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਪਾਬੰਦੀ ਲਗਾਈ ਸੀ। ਦਰਅਸਲ, ਸਾਲ 2021 ਦੌਰਾਨ ਅਮਰੀਕਾ ਵਿਚ ਹਿੰਸਾ ਹੋਈ ਸੀ ਅਤੇ ਉਸ ਤੋਂ ਬਾਅਦ ਟਰੰਪ ਦੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਬੈਨ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਮੇਟਾ ਦੇ ਫੇਸਬੁੱਕ ਅਤੇ ਇੰਸਟਾਗ੍ਰਾਮ ਪਲੇਟਫਾਰਮ 'ਤੇ ਵੀ ਬੈਨ ਕਰ ਦਿੱਤਾ ਗਿਆ। ਅਮਰੀਕਾ ਦੇ ਕੈਪੀਟਲ ਹਿੱਲ 'ਚ 6 ਜਨਵਰੀ 2021 ਨੂੰ ਹਿੰਸਾ ਹੋਈ ਸੀ। ਇਸ ਤੋਂ ਬਾਅਦ ਟਰੰਪ ਦੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਬੈਨ ਕਰ ਦਿੱਤਾ ਗਿਆ। ਮੈਟਾ ਦੇ ਗਲੋਬਲ ਮਾਮਲਿਆਂ ਦੇ ਪ੍ਰਧਾਨ ਨਿਕ ਕਲੇਗ ਨੇ ਪਾਬੰਦੀਆਂ ਹਟਾਉਂਦੇ ਹੋਏ ਜਾਰੀ ਕੀਤੇ ਇੱਕ ਬਿਆਨ ਵਿਚ ਕਿਹਾ ਕਿ ਕੰਪਨੀ ਦਾ ਮੰਨਣਾ ਹੈ ਕਿ ਅਮਰੀਕੀ ਲੋਕ ਰਾਸ਼ਟਰਪਤੀ ਅਹੁਦੇ ਦੇ ਨਾਮਜ਼ਦ ਵਿਅਕਤੀਆਂ ਨੂੰ ਬਰਾਬਰ ਸੁਣਨਾ ਚਾਹੁੰਦੇ ਹਨ। ਹੋਰ ਪਲੇਟਫਾਰਮਾਂ ਨੇ ਵੀ ਇਸ ਤੋਂ ਪਹਿਲਾਂ ਐਕਸ ਪਲੇਟਫਾਰਮ (ਪਹਿਲਾਂ ਟਵਿੱਟਰ) ਅਤੇ ਯੂਟਿਊਬ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਵੀ ਹਟਾ ਦਿੱਤਾ ਗਿਆ ਹੈ।


ੴ ਸਤਿਗੁਰ ਪ੍ਰਸਾਦਿ

ਜੇਹਾ ਚਿਰੀ ਲਿਖਿਆ ਤੇਹਾ ਹੁਕਮ ਕਮਾਹਿ ||
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ||

ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ

ਸ. ਸਰਬਜੀਤ ਸਿੰਘ ਵਿਰਦੀ

ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ: 26 ਜੁਲਾਈ, 2024 ਨੂੰ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ

ਮਿਤੀ: 4 ਅਗਸਤ, 2024 ਦਿਨ ਐਤਵਾਰ

ਨੂੰ ਗੁਰੂਦਵਾਰਾ ਸ਼੍ਰੀ ਸੁਖਮਨੀ ਸਾਹਿਬ

ਨੇੜੇ ਸੱਤ ਪਾਲ ਮਿੱਤਲ ਸਕੂਲ, ਅਰਬਨ ਸਟੇਟ ਫੇਸ 2, ਦੁੱਗਰੀ, ਲੁਧਿਆਣਾ ਵਿਖੇ

ਦੁਪਹਿਰ 12:30 ਤੋਂ 1:30 ਵਜੇ ਪਾਏ ਜਾਣਗੇ

ਸੋ ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ

ਗੁਰੂ ਦੇ ਭਾਣੇ ਵਿੱਚ

ਗੁਰਜੀਤ ਕੌਰ (ਪਤਨੀ)
ਜਸਪ੍ਰੀਤ ਸਿੰਘ (ਭਤੀਜਾ)
ਤਜਿੰਦਰ ਪਾਲ ਸਿੰਘ (ਪੁੱਤਰ)
ਜਸ਼ਨਪਾਲ ਸਿੰਘ (ਪੁੱਤਰ)
ਹਰਸਿਮਰਨ ਕੌਰ (ਬੇਟੀ)
ਰਣਜੀਤ ਸਿੰਘ ਵਿਰਦੀ (ਭਰਾ)

79735-43800 (ਪੁੱਤਰ)
98152-62550 (ਭਰਾ)
73948-22000 (ਭਤੀਜਾ)



Jaspreet Singh
Attorney at Law

ਅਮਰੀਕਾ ਦੀ ਇਮੀਗ੍ਰੇਸ਼ਨ

ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 S. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292


Copyright@Punjab Mail USA

# ਅਮਰੀਕਾ ਨੂੰ ਇਕਜੁੱਟ ਰੱਖਣ ਲਈ ਕਮਾਨ ਨਵੀਂ ਪੀੜ੍ਹੀ ਨੂੰ ਸੌਂਪੀ: ਬਾਇਡਨ

■ ਰਾਸ਼ਟਰਪਤੀ ਦੇ ਅਹੁਦੇ ਨਾਲੋਂ ਦੇਸ਼ ਨੂੰ ਵੱਧ ਪਿਆਰ ਕਰਨ ਦਾ ਦਾਅਵਾ



ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ਤੋਂ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ।

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਅਗਾਮੀ ਰਾਸ਼ਟਰਪਤੀ ਚੋਣਾਂ ’ਚੋਂ ਲਾਂਭੇ ਹੋਣ ਦਾ ਉਨ੍ਹਾਂ ਦਾ ਫੈਸਲਾ ਅਤੇ ਰਾਸ਼ਟਰਪਤੀ ਦੇ ਅਹੁਦੇ ਲਈ ਡੈਮੋਕ੍ਰੈਟਿਕ ਉਮੀਦਵਾਰ ਵਜੋਂ ਕਮਲਾ ਹੈਰਿਸ ਦੇ ਨਾਮ ਦੀ ਤਾਈਦ ਕਰਨ ਪਿਛਲਾ ਅਸਲ ਮੰਤਵ ਦੇਸ਼ ਨੂੰ ਇਕਜੁੱਟ ਰੱਖਣਾ ਤੇ ‘ਮਸ਼ਾਲ ਅੱਗੇ ਨਵੀਂ ਪੀੜ੍ਹੀ ਦੇ ਹੱਥਾਂ’ ਵਿਚ ਸੌਂਪਣਾ ਸੀ। ਬਾਇਡਨ ਨੇ ਕਿਹਾ ਕਿ ਕਮਾਨ ਨਵੀਂ ਪੀੜ੍ਹੀ ਹੱਥ ਦੇਣ ਦਾ ਇਹੀ ਸਹੀ ਸਮਾਂ ਹੈ। ਤਿੰਨ ਦਿਨ ਪਹਿਲਾਂ ਰਾਸ਼ਟਰਪਤੀ ਚੋਣਾਂ ’ਚੋਂ ਆਪਣਾ ਨਾਮ ਵਾਪਸ ਲੈਣ ਮਗਰੋਂ ਬਾਇਡਨ ਨੇ ਔਨ-ਕੈਮਰਾ ਅਮਰੀਕੀ ਲੋਕਾਂ ਨਾਲ ਸਿੱਧੇ ਮੁਖਾਤਿਬ ਹੁੰਦਿਆਂ ਇਹ ਗੱਲ ਕਹੀ।

ਜਜ਼ਬਾਤੀ ਹੋਏ ਬਾਇਡਨ ਨੇ ਓਵਲ ਦਫ਼ਤਰ ਤੋਂ ਕੀਤੇ ਆਪਣੇ ਸੰਬੋਧਨ ਵਿਚ ਕਿਹਾ, “ਮੈਂ ਫੈਸਲਾ ਕੀਤਾ ਹੈ ਕਿ ਅੱਗੇ ਨੂੰ ਕਦਮ ਪੁੱਟਣ ਦਾ ਸਭ ਤੋਂ ਬਿਹਤਰ ਤਰੀਕਾ ਇਹੀ ਹੈ ਕਿ ਮਸ਼ਾਲ (ਕਮਾਨ) ਨਵੀਂ ਪੀੜ੍ਹੀ ਦੇ ਹੱਥਾਂ ਵਿਚ ਸੌਂਪ ਦਿੱਤੀ ਜਾਵੇ। ਇਹ ਸਾਡੇ ਦੇਸ਼ ਨੂੰ ਇਕਜੁੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਜਨਤਕ ਜੀਵਨ ਵਿਚ ਲੰਮਾ ਤਜ਼ਰਬਾ ਲੈਣ ਦਾ ਵੀ ਇਕ ਵਕਤ ਤੇ ਸਮਾਂ ਹੁੰਦਾ ਹੈ ਅਤੇ ਇਸੇ ਦੇ ਨਾਲ ਨਵੀਆਂ ਆਵਾਜ਼ਾਂ, ਨੌਜਵਾਨ ਵਿਚਾਰਾਂ ਦਾ ਵੀ ਇਕ ਸਮਾਂ ਤੇ ਸਥਾਨ ਹੁੰਦਾ ਹੈ, ਉਹ ਸਮਾਂ ਤੇ ਸਥਾਨ ਇਹੀ ਹੈ।” ਬਾਇਡਨ (81) ਨੇ ਕਿਹਾ ਕਿ ਰਾਸ਼ਟਰਪਤੀ ਦਾ ਦਫ਼ਤਰ ਸਤਿਕਾਰਯੋਗ ਹੈ, ਪਰ ਉਹ ਆਪਣੇ ਦੇਸ਼ ਨੂੰ ਵੱਧ ਪਿਆਰ ਕਰਦੇ ਹਨ। ਅਮਰੀਕੀ ਸਦਰ ਨੇ ਕਿਹਾ, “ਰਾਸ਼ਟਰਪਤੀ ਵਜੋਂ ਸੇਵਾ ਕਰਨਾ ਮੇਰੀ ਜ਼ਿੰਦਗੀ ਲਈ ਵੱਡਾ ਆਦਰ ਮਾਣ ਹੈ ਪਰ ਜਮਹੂਰੀਅਤ ਦੀ ਰਾਖੀ, ਜੋ ਇਸ ਵੇਲੇ ਦਾਅ ਉੱਤੇ ਹੈ, ਮੇਰਾ ਮੰਨਣਾ ਹੈ ਕਿ ਇਹ ਕਿਸੇ ਵੀ ਹੋਰ ਚੀਜ਼ ਨਾਲੋਂ ਵੱਧ ਅਹਿਮ ਹੈ।” ਉਨ੍ਹਾਂ ਕਿਹਾ, “ਮੇਰਾ ਖ਼ਿਆਲ ਹੈ ਕਿ ਅਮਰੀਕਾ ਅਹਿਮ ਮੋੜ ’ਤੇ ਹੈ। ਅਸੀਂ ਅੱਜ ਜੋ ਫੈਸਲੇ ਲਵਾਂਗੇ, ਉਹ ਦਹਾਕਿਆਂ ਤੱਕ ਸਾਡੇ ਦੇਸ਼ ਤੇ ਕੁੱਲ ਆਲਮ ਦਾ ਭਵਿੱਖ ਤੈਅ ਕਰਨਗੇ।” ਰਾਸ਼ਟਰਪਤੀ ਦੇ ਸੰਬੋਧਨ ਦੌਰਾਨ ਉਨ੍ਹਾਂ ਦੀ ਪਤਨੀ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਤੇ ਪੁੱਤਰ ਹੰਟਰ ਬਾਇਡਨ ਵੀ ਮੌਜੂਦ ਸਨ।

# ਅਮਰੀਕਾ ’ਚ ਸੜਕ ਹਾਦਸੇ ’ਚ ਪੰਜਾਬੀ ਨੌਜਵਾਨ ਦੀ ਮੌਤ



ਸ੍ਰੀ ਹਰਗੋਬਿੰਦਪੁਰ ਸਾਹਿਬ (ਪੰਜਾਬ ਮੇਲ)- ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਨੌਜਵਾਨ ਦੀ ਅਮਰੀਕਾ ’ਚ ਐਕਸੀਡੈਂਟ ਦੌਰਾਨ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ ਮਲਕੀਤ ਸਿੰਘ ਪੁੱਤਰ ਸਕੱਤਰ ਸਿੰਘ ਵਾਸੀ ਸ੍ਰੀ ਹਰਗੋਬਿੰਦਪੁਰ ਸਾਹਿਬ ਕੁਝ ਸਮਾਂ ਪਹਿਲਾਂ ਰੋਜ਼ੀ ਰੋਟੀ ਕਮਾਉਣ ਅਤੇ ਚੰਗੇ ਦਿਨਾਂ ਦੀ ਆਸ ’ਚ ਅਮਰੀਕਾ ਗਿਆ ਸੀ ਪਰ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਬੀਤੇ ਦਿਨੀਂ ਮਲਕੀਤ ਸਿੰਘ ਪੁੱਤਰ ਸਕੱਤਰ ਸਿੰਘ ਦੀ ਇਕ ਸੜਕ ਹਾਦਸੇ ’ਚ ਦਰਦਨਾਕ ਮੌਤ ਹੋ ਗਈ।

ਮਲਕੀਤ ਸਿੰਘ ਆਪਣੇ ਪਿੱਛੇ ਦੋ ਛੋਟੇ ਬੱਚੇ ਅਤੇ ਬਜ਼ੁਰਗ ਮਾਤਾ ਪਿਤਾ ਛੱਡ ਗਿਆ ਹੈ। ਮਲਕੀਤ ਸਿੰਘ ਪੂਰੇ ਪਰਿਵਾਰ ਦਾ ਇਕੋ ਇਕ ਸਹਾਰਾ ਸੀ। ਬਜ਼ੁਰਗ ਮਾਤਾ ਪਿਤਾ ਨੇ ਐੱਨ.ਆਰ.ਆਈ. ਭਰਾਵਾਂ ਅਤੇ ਐੱਨ.ਜੀ.ਓ. ਸੰਸਥਾਵਾਂ ਨੂੰ ਮਦਦ ਦੀ ਅਪੀਲ ਕੀਤੀ ਹੈ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com



Global Allianz

LAW FIRM LLP

ਕਾਨੂੰਨੀ ਸਲਾਹਾਂ



Atul Kapoor
C.E.O

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਅਮਰੀਕੀ ਰਾਸ਼ਟਰਪਤੀ ਚੋਣਾਂ : ਭਾਰਤੀ ਅਮਰੀਕੀਆਂ ਨੂੰ ਨਾਗਰਿਕ ਤੇ ਵੋਟਰ ਬਣਾਉਣ ਲਈ ਮੁਹਿੰਮ ਸ਼ੁਰੂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਗ੍ਰੀਨ ਕਾਰਡ ਧਾਰਕਾਂ ਖਾਸ ਕਰਕੇ ਭਾਰਤੀ ਅਮਰੀਕੀਆਂ ਨੂੰ ਨਾਗਰਿਕ ਅਤੇ ਵੋਟਰ ਬਣਾਉਣ ਲਈ ਮੁਹਿੰਮ ਚਲਾਈ ਗਈ ਹੈ। ਅਸਲ ਵਿਚ ਰਾਸ਼ਟਰਪਤੀ ਚੋਣਾਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਭੂਮਿਕਾ ਅਹਿਮ ਹੈ। ਸੱਤਾਧਾਰੀ ਡੈਮੋਕਰੇਟਸ ਅਤੇ ਵਿਰੋਧੀ ਰਿਪਬਲਿਕਨਾਂ ਵੱਲੋਂ ਜ਼ੋਰਦਾਰ ਪ੍ਰਚਾਰ ਕੀਤਾ ਜਾ ਰਿਹਾ ਹੈ। ਉਥੇ ਰਹਿਣ ਵਾਲੇ ਗ੍ਰੀਨ ਕਾਰਡ ਧਾਰਕਾਂ ਨੂੰ ਨਾਗਰਿਕਤਾ ਅਤੇ ਵੋਟਿੰਗ ਲਈ ਰਜਿਸਟਰ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਨੂੰ ਨਾਗਰਿਕਤਾ ਹਾਸਲ ਕਰਨ ਅਤੇ ਵੋਟਿੰਗ ਵਿਚ ਅਹਿਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਜਾ ਰਹੀ ਹੈ।

ਜੇਕਰ ਗ੍ਰੀਨ ਕਾਰਡ ਧਾਰਕ ਪੰਜ ਸਾਲਾਂ ਲਈ ਅਮਰੀਕਾ ਵਿਚ ਰਹਿੰਦੇ ਹਨ, ਤਾਂ ਉਹ ਨਾਗਰਿਕਤਾ ਦੇ ਯੋਗ ਬਣ ਜਾਂਦੇ ਹਨ। ਕਾਰਡ ਧਾਰਕਾਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਅਮਰੀਕਨ ਅਤੇ ਏਸ਼ੀਆਈ ਅਮਰੀਕੀ ਸ਼ਾਮਲ ਹਨ। ਏਸ਼ੀਅਨ ਅਮਰੀਕਨ ਪੈਸੀਫਿਕ ਆਈਲੈਂਡਰਜ਼ ਵਿਕਟਰੀ ਫੰਡ ਦੇ ਪ੍ਰਧਾਨ ਅਤੇ ਸੰਸਥਾਪਕ ਸ਼ੇਖਰ ਨਰਸਿਮਹਨ ਨੇ ਉੱਥੇ ਰਹਿਣ ਵਾਲਿਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਤੁਹਾਡੇ ਕੋਲ ਗ੍ਰੀਨ ਕਾਰਡ ਹੈ ਅਤੇ ਤੁਸੀਂ ਇੱਥੇ ਪੰਜ ਸਾਲ ਤੋਂ ਹੋ, ਤਾਂ ਨਾਗਰਿਕਤਾ ਪ੍ਰਾਪਤ ਕਰੋ। ਵੋਟ ਪਾਉਣ ਲਈ ਰਜਿਸਟਰ ਕਰੋ। ਇੱਕ ਵਟਸਐਪ ਗਰੁੱਪ ਬਣਾਓ ਅਤੇ ਇਸ ਵਿਚ ਆਪਣੇ 20 ਦੋਸਤਾਂ ਨੂੰ ਸ਼ਾਮਲ ਕਰੋ। ਰਜਿਸਟਰ ਕਰਨ ਲਈ ਹਰ ਰੋਜ਼ ਇੱਕ ਦੂਜੇ ਨੂੰ ਯਾਦ ਦਿਵਾਓ। ਇਹ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੋਅ ਬਾਇਡਨ ਦੀ ਸਰਕਾਰ ਦੇ ਅਧੀਨ ਨਾਗਰਿਕਤਾ ਹਾਸਲ ਕਰਨ ਲਈ ਸਿਰਫ਼ ਤਿੰਨ ਹਫ਼ਤੇ ਲੱਗ ਰਹੇ ਹਨ। ਇਹ ਸਭ ਕੁਝ ਸਿਰਫ਼ 100 ਦਿਨਾਂ ਵਿਚ ਹੋ ਜਾਵੇਗਾ।

# ਹਮਲੇ ਦੀ ਜਾਂਚ ਤਹਿਤ ਟਰੰਪ ਤੋਂ ਕਰੇਗੀ ਪੁੱਛਗਿੱਛ ਐੱਫ.ਬੀ.ਆਈ.

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮਹੀਨੇ ਦੇ ਸ਼ੁਰੂ ਵਿਚ ਪੈਨਸਿਲਵੇਨੀਆ ਵਿਚ ਉਨ੍ਹਾਂ 'ਤੇ ਹੋਏ ਜਾਨਲੇਵਾ ਹਮਲੇ ਦੀ ਜਾਂਚ ਦੇ ਤਹਿਤ ਐੱਫ.ਬੀ.ਆਈ. ਦੁਆਰਾ ਪੁੱਛਗਿੱਛ ਕਰਨ ਲਈ ਸਹਿਮਤ ਹੋ ਗਏ ਹਨ। ਇਕ ਵਿਸ਼ੇਸ਼ ਏਜੰਟ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਤੋਂ ਪੁੱਛਗਿੱਛ ਅਪਰਾਧਿਕ ਜਾਂਚ ਦੌਰਾਨ ਪੀੜਤਾਂ ਨਾਲ ਗੱਲ ਕਰਨ ਲਈ ਐੱਫ.ਬੀ.ਆਈ. ਦੇ ਮਿਆਰੀ ਪ੍ਰੋਟੋਕੋਲ ਦਾ ਹਿੱਸਾ ਹੈ। ਐੱਫ.ਬੀ.ਆਈ. ਨੇ ਸ਼ੁੱਕਰਵਾਰ ਨੂੰ ਕਿਹਾ ਕਿ 13 ਜੁਲਾਈ ਨੂੰ ਬਟਲਰ, ਪੈਨਸਿਲਵੇਨੀਆ ਵਿਚ ਇੱਕ ਪ੍ਰਚਾਰ ਰੈਲੀ ਦੌਰਾਨ ਟਰੰਪ ਨੂੰ ਗੋਲੀ ਲੱਗੀ ਸੀ ਜਾਂ ਉਸ ਦਾ ਹਿੱਸਾ ਸੀ। ਐੱਫ.ਬੀ.ਆਈ. ਦੇ ਪਿਟਸਬਰਗ ਫੀਲਡ ਆਫਿਸ ਦੇ ਇੰਚਾਰਜ ਸਪੈਸ਼ਲ ਏਜੰਟ ਕੇਵਿਨ ਰੋਜ਼ੇਕ ਨੇ ਕਿਹਾ, "ਅਸੀਂ ਉਨ੍ਹਾਂ ਦਾ ਨਜ਼ਰੀਆ ਜਾਣਨਾ ਚਾਹੁੰਦੇ ਹਾਂ, ਜੋ ਉਨ੍ਹਾਂ ਨੇ ਦੇਖਿਆ ਹੈ। ਉਨ੍ਹਾਂ ਕਿਹਾ ਕਿ ਪੀੜਤ ਤੋਂ ਪੁੱਛਗਿੱਛ ਕਰਨਾ ਮਿਆਰੀ ਸੀ ਅਤੇ "ਅਸੀਂ ਕਿਸੇ ਹੋਰ ਸਥਿਤੀ ਵਿਚ ਕਿਸੇ ਹੋਰ ਪੀੜਤ ਨਾਲ ਕੀ ਕਰਨਾ ਸੀ।" ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬੰਦੂਕਧਾਰੀ, ਥਾਮਸ ਮੈਥਿਊ ਕਰੂਕਸ ਨੇ ਗੋਲੀਬਾਰੀ ਤੋਂ ਪਹਿਲਾਂ ਸਮੂਹਿਕ ਹਮਲਿਆਂ ਅਤੇ ਵਿਸਫੋਟਕ ਉਪਕਰਣਾਂ ਦੀ ਖੋਜ ਕੀਤੀ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕਮਲਾ ਹੈਰਿਸ ਭਾਰਤੀ-ਅਮਰੀਕੀਆਂ ਲਈ ਉਮੀਦ ਅਤੇ ਪ੍ਰਤੀਨਿਧਤਾ ਦਾ ਪ੍ਰਤੀਕ

**ਵਾਸ਼ਿੰਗਟਨ, (ਪੰਜਾਬ ਮੇਲ)-** ਉਪ ਰਾਸ਼ਟਰਪਤੀ ਕਮਲਾ ਹੈਰਿਸ ਅਮਰੀਕਾ 'ਚ 44 ਲੱਖ ਤੋਂ ਵੱਧ ਭਾਰਤੀ-



ਅਮਰੀਕੀਆਂ ਲਈ ਉਮੀਦ ਅਤੇ ਪ੍ਰਤੀਨਿਧਤਾ ਦਾ ਪ੍ਰਤੀਕ ਹਨ। ਹੈਰਿਸ ਦੀ ਰਾਸ਼ਟਰਪਤੀ ਮੁਹਿੰਮ ਦਾ "ਜ਼ਮੀਨੀ ਪੱਧਰ 'ਤੇ ਉਤਸ਼ਾਹ" ਨਤੀਜੇ ਦੇ ਰਿਹਾ ਹੈ। ਹੈਰਿਸ (59) ਨਵੰਬਰ ਵਿਚ ਅਮਰੀਕਾ ਵਿਚ ਪ੍ਰਸਤਾਵਿਤ ਰਾਸ਼ਟਰਪਤੀ ਚੋਣਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ। ਰਾਸ਼ਟਰਪਤੀ ਜੋਅ ਬਾਇਡਨ ਦੇ ਦੌੜ ਤੋਂ ਹਟਣ ਤੋਂ ਬਾਅਦ ਉਸਨੇ ਪਿਛਲੇ ਹਫਤੇ ਅਧਿਕਾਰਤ ਤੌਰ 'ਤੇ ਰਾਸ਼ਟਰਪਤੀ ਅਹੁਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ ਸੀ। ਹਾਲਾਂਕਿ ਡੈਮੋਕ੍ਰੇਟਿਕ ਪਾਰਟੀ ਨੇ ਅਜੇ ਤੱਕ ਉਨ੍ਹਾਂ ਨੂੰ ਆਪਣਾ ਅਧਿਕਾਰਤ ਉਮੀਦਵਾਰ ਨਹੀਂ ਐਲਾਨਿਆ ਹੈ। ਭਾਰਤੀ ਮੂਲ ਦੀ ਹੋਣ ਕਰਕੇ ਕਮਲਾ ਹੈਰਿਸ ਨੂੰ ਭਾਰਤੀ-ਅਮਰੀਕੀ ਭਾਈਚਾਰੇ ਵੱਲੋਂ ਵਾਧੂ ਉਤਸ਼ਾਹ ਅਤੇ ਸਮਰਥਨ ਮਿਲਿਆ ਹੈ। ਕਮਲਾ ਹੈਰਿਸ ਦੀ ਮਾਂ ਭਾਰਤ ਦੇ ਚੇਨਈ ਤੋਂ ਹੈ, ਇਸ ਲਈ ਉਹ ਨਾ ਸਿਰਫ 44 ਲੱਖ ਤੋਂ ਵੱਧ ਭਾਰਤੀ-ਅਮਰੀਕੀਆਂ ਲਈ ਉਮੀਦਵਾਰ ਹੈ, ਸਗੋਂ ਆਸ ਤੇ ਨੁਮਾਇੰਦਗੀ ਦੀ ਪ੍ਰਤੀਕ ਵੀ ਹੈ। ਇਸ ਨੇ ਮੁਹਿੰਮ ਦੇ ਪਹਿਲੇ ਹਫ਼ਤੇ 200 ਕਰੋੜ ਡਾਲਰ ਦਾ ਚੰਦਾ ਇਕੱਠਾ ਕੀਤਾ ਹੈ ਅਤੇ 1,70,000 ਵਾਲੰਟੀਅਰਾਂ ਦੇ ਦਸਤਖ਼ਤ ਹਾਸਲ ਕੀਤੇ ਹਨ।

# ਅਮਰੀਕਾ 'ਚ ਚੋਣਾਂ ਦੌਰਾਨ ਫਿਰ ਗੋਲੀਬਾਰੀ; ਗੰਨ ਕਲਚਰ 'ਤੇ ਸਵਾਲ ਉੱਠਣੇ ਸ਼ੁਰੂ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਇੱਕ ਪਾਸੇ ਜਿੱਥੇ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਸਥਿਤੀ ਗਰਮਾਈ ਹੋਈ ਹੈ। ਰਿਪਬਲਿਕਨ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਗੋਲੀਬਾਰੀ ਤੋਂ ਬਾਅਦ ਹਾਲ ਹੀ 'ਚ ਹੰਗਾਮਾ ਹੋਇਆ ਸੀ। ਇਸ ਘਟਨਾ ਦੇ ਕੁਝ ਹੀ ਦਿਨਾਂ ਬਾਅਦ ਇਕ ਵਾਰ ਫਿਰ ਅੰਨ੍ਹੇਵਾਹ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ, ਜਿਸ ਕਾਰਨ ਅਮਰੀਕਾ ਦੇ ਗੰਨ ਕਲਚਰ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਤਾਜ਼ਾ ਮਾਮਲਾ ਨਿਊਯਾਰਕ ਦਾ ਹੈ, ਜਿੱਥੇ ਇਕ 20 ਸਾਲਾ ਦੇ ਨੌਜਵਾਨ ਦੀ ਮੌਤ ਹੋ ਗਈ। ਖਬਰਾਂ ਮੁਤਾਬਕ ਗੋਲੀਬਾਰੀ ਦੀ ਘਟਨਾ ਨਿਊਯਾਰਕ ਦੇ ਰੋਚੈਸਟਰ ਸ਼ਹਿਰ ਦੇ ਇਕ ਪਾਰਕ 'ਚ ਸਾਹਮਣੇ ਆਈ ਹੈ। ਇਸ ਘਟਨਾ ਵਿਚ ਇੱਕ 20 ਸਾਲਾ ਨੌਜਵਾਨ ਦੀ ਮੌਤ ਹੋਣ ਦੀ ਸੂਚਨਾ ਹੈ, ਜਦਕਿ 6 ਹੋਰ ਲੋਕ ਜ਼ਖਮੀ ਹੋਏ ਹਨ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਜਾਂਚ ਕਰਨ 'ਤੇ ਪਤਾ ਲੱਗਾ ਕਿ 7 ਲੋਕਾਂ ਨੂੰ ਗੋਲੀ ਲੱਗੀ ਹੈ। ਪਾਰਕ ਵਿਚ ਵੱਡੀ ਗਿਣਤੀ ਵਿਚ ਲੋਕ ਮੌਜੂਦ ਹੋਣ ਕਾਰਨ ਹਫੜਾ-ਦਫੜੀ ਮੱਚ ਗਈ। ਇੱਕ ਦੀ ਹਾਲਤ ਨਾਜ਼ੁਕ ਹੋਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਸਾਰੇ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ। ਪੁਲਿਸ ਨੇ ਆਪਣੀ ਜਾਂਚ ਦੌਰਾਨ ਜਨਤਾ ਦੀ ਮਦਦ ਮੰਗੀ ਹੈ। ਨਿਊਯਾਰਕ ਪੁਲਿਸ ਦੇ ਇੱਕ ਅਧਿਕਾਰੀ ਨੇ ਕਿਹਾ, 'ਫਿਲਹਾਲ ਅਸੀਂ ਨਹੀਂ ਜਾਣਦੇ ਕਿ ਇਸ ਗੋਲੀਬਾਰੀ ਦੀ ਘਟਨਾ ਵਿਚ ਕਿੰਨੇ ਹਮਲਾਵਰ ਸ਼ਾਮਲ ਸਨ।

■ ਨਿਊਯਾਰਕ ਦੇ ਪਾਰਕ 'ਚ 20 ਸਾਲਾ ਵਿਅਕਤੀ ਦੀ ਮੌਤ




ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਹੈਰਿਸ ਅਮਰੀਕੀ ਇਤਿਹਾਸ 'ਚ ਸਭ ਤੋਂ ਵੱਧ ਕੱਟੜਪੰਥੀ ਉਦਾਰਵਾਦੀ ਰਾਸ਼ਟਰਪਤੀ ਹੋਵੇਗੀ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਨਵੰਬਰ 'ਚ ਪ੍ਰਸਤਾਵਿਤ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਡੈਮੋਕ੍ਰੇਟਿਕ ਪਾਰਟੀ ਦੀ ਦਾਅਵੇਦਾਰੀ ਦੀ ਦੌੜ 'ਚ ਸ਼ਾਮਲ ਕਮਲਾ ਹੈਰਿਸ 'ਤੇ ਆਪਣਾ ਸ਼ਬਦੀ ਹਮਲਾ ਤੇਜ਼ ਕਰਦੇ ਹੋਏ ਕਿਹਾ ਕਿ ਜੇਕਰ ਉਹ ਚੁਣੀ ਜਾਂਦੀ ਹੈ, ਤਾਂ ਉਹ "ਅਮਰੀਕਾ ਦੇ ਇਤਿਹਾਸ ਵਿਚ ਸਭ ਤੋਂ ਖ਼ਰਾਬ ਉਦਾਰਵਾਦੀ ਰਾਸ਼ਟਰਪਤੀ ਸਾਬਤ ਹੋਵੇਗੀ।" ਸਾਬਕਾ ਰਾਸ਼ਟਰਪਤੀ ਜੋਅ ਬਾਇਡਨ (81) ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਤੋਂ ਬਾਅਦ ਹੁਣ ਉਪ ਰਾਸ਼ਟਰਪਤੀ ਹੈਰਿਸ (59) ਡੈਮੋਕ੍ਰੇਟਿਕ ਪਾਰਟੀ 'ਚ ਸੰਭਾਵੀ ਉਮੀਦਵਾਰ ਹਨ। ਸਾਬਕਾ ਰਾਸ਼ਟਰਪਤੀ ਟਰੰਪ (78) ਨੇ ਹੈਰਿਸ ਨੂੰ ਇਮੀਗ੍ਰੇਸ਼ਨ ਅਤੇ ਗਰਭਪਾਤ ਦੇ ਮੁੱਦਿਆਂ 'ਤੇ ਬਹੁਤ ਜ਼ਿਆਦਾ ਉਦਾਰ ਦੱਸਿਆ।



ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਾਲ ਹੀ ਵਿਚ ਇਕ ਜਨਤਕ ਭਾਸ਼ਣ ਵਿਚ ਕਮਲਾ ਹੈਰਿਸ 'ਤੇ ਤਿੱਖਾ ਹਮਲਾ ਕੀਤਾ ਅਤੇ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੀ ਆਲੋਚਨਾ ਕੀਤੀ। ਟਰੰਪ ਨੇ ਹੈਰਿਸ ਨੂੰ "ਨਿਕੰਮੀ" ਕਿਹਾ, ਇੱਕ ਟਿੱਪਣੀ ਕਮਲਾ ਹੈਰਿਸ ਲਈ ਇਕ ਵੱਡਾ ਸ਼ਬਦੀ ਹਮਲਾ ਸੀ। ਟਰੰਪ ਦੀ ਟਿੱਪਣੀ ਉਨ੍ਹਾਂ ਦੇ ਉਸ ਪਹਿਲੇ ਜਨਤਕ ਸਮਾਗਮ ਵਿਚ ਆਈ ਸੀ, ਜਿਸ ਵਿਚ ਉਹ ਨੇ ਬਿਨਾਂ ਕੰਨਾਂ 'ਤੇ ਪੱਟੀ ਦੇ ਮੌਜੂਦਗੀ ਦਰਜ ਕੀਤੀ।

ਇਸ ਭਾਸ਼ਣ ਦੌਰਾਨ, ਟਰੰਪ ਨੇ ਬਾਇਡਨ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਫੈਸਲਿਆਂ ਦੀ ਤਿੱਖੀ ਆਲੋਚਨਾ ਕੀਤੀ, ਖਾਸ ਤੌਰ 'ਤੇ ਉਨ੍ਹਾਂ ਮੁੱਦਿਆਂ 'ਤੇ ਜਿਨ੍ਹਾਂ ਵਿਚ ਉਸਨੇ ਬਾਇਡਨ ਦੀ ਯੋਗਤਾ 'ਤੇ ਸਵਾਲ ਚੁੱਕੇ ਸਨ। ਬਾਇਡਨ ਦੇ ਕਾਰਜਕਾਲ ਦੀਆਂ ਅਸਫਲਤਾਵਾਂ ਨੂੰ ਉਜਾਗਰ ਕਰਦੇ ਹੋਏ, ਟਰੰਪ ਨੇ ਕਿਹਾ ਕਿ ਬਾਇਡਨ ਅਤੇ ਹੈਰਿਸ ਦੀ ਜੋੜੀ ਅਮਰੀਕਾ ਲਈ "ਖਤਰਾ" ਸਾਬਤ ਹੋ ਰਹੀ ਹੈ।

ਟਰੰਪ ਨੇ ਇਹ ਵੀ ਸੰਕੇਤ ਦਿੱਤਾ ਕਿ ਉਹ 2024 ਦੀਆਂ ਰਾਸ਼ਟਰਪਤੀ ਚੋਣਾਂ ਲਈ ਆਪਣੀ ਮੁਹਿੰਮ ਨੂੰ ਤੇਜ਼ ਕਰਨ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਨੇ ਆਪਣੇ ਭਾਸ਼ਣ 'ਚ ਸਪੱਸ਼ਟ ਕੀਤਾ ਕਿ ਉਹ ਬਾਇਡਨ ਅਤੇ ਹੈਰਿਸ ਦੀਆਂ ਨੀਤੀਆਂ ਖਿਲਾਫ ਠੋਸ ਰਣਨੀਤੀ ਲੈ ਕੇ ਆਉਣਗੇ। ਟਰੰਪ ਦਾ ਇਹ ਭਾਸ਼ਣ ਉਨ੍ਹਾਂ ਦੇ ਸਿਆਸੀ ਦ੍ਰਿਸ਼ਟੀਕੋਣ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਉਜਾਗਰ ਕਰਦਾ ਹੈ, ਇਸ ਦੇ ਨਾਲ ਹੀ ਇਹ ਵੀ ਦਰਸਾਉਂਦਾ ਹੈ ਕਿ ਉਹ ਆਉਣ ਵਾਲੀਆਂ ਚੋਣਾਂ ਵਿਚ ਆਪਣੇ ਵਿਰੋਧੀਆਂ ਦੇ ਖਿਲਾਫ ਕਿੰਨੀ ਮਜ਼ਬੂਤੀ ਨਾਲ ਖੜ੍ਹੇ ਹਨ।

ਉਸਨੇ ਹੈਰਿਸ ਨੂੰ ਅਮਰੀਕੀ ਇਤਿਹਾਸ ਵਿਚ ਸਭ ਤੋਂ ਅਯੋਗ, ਅਪ੍ਰਸਿੱਧ ਅਤੇ ਅਤਿ ਖੱਬੇ-ਪੱਖੀ ਉਪ ਰਾਸ਼ਟਰਪਤੀ ਦੱਸਿਆ। ਟਰੰਪ ਨੇ ਕਿਹਾ, "ਜੇ ਕਮਲਾ ਹੈਰਿਸ ਚੁਣੀ ਜਾਂਦੀ ਹੈ, ਤਾਂ ਉਹ ਅਮਰੀਕੀ ਇਤਿਹਾਸ ਦੀ ਸਭ ਤੋਂ ਖ਼ਰਾਬ ਉਦਾਰਵਾਦੀ ਰਾਸ਼ਟਰਪਤੀ ਸਾਬਤ ਹੋਵੇਗੀ... ਇੱਕ ਸੈਨੇਟ ਮੈਂਬਰ ਵਜੋਂ, ਹੈਰਿਸ ਪੂਰੀ ਸੈਨੇਟ ਵਿਚ ਸਭ ਤੋਂ ਕੱਟੜ ਖੱਬੇਪੱਖੀ ਡੈਮੋਕਰੇਟ ਨੇਤਾਵਾਂ ਵਿਚੋਂ ਪਹਿਲੇ ਨੰਬਰ 'ਤੇ ਸਨ।" ਉਨ੍ਹਾਂ ਨੇ ਕਿਹਾ ਸਾਡਾ ਕੰਮ ਸਮਾਜਵਾਦ ਨੂੰ ਹਰਾਉਣਾ, ਮਾਰਕਸਵਾਦ ਨੂੰ ਹਰਾਉਣਾ, ਕਮਿਊਨਿਜ਼ਮ ਨੂੰ ਹਰਾਉਣਾ, ਗੈਂਗਾਂ ਅਤੇ ਅਪਰਾਧੀਆਂ ਅਤੇ ਮਨੁੱਖੀ ਤਸਕਰਾਂ, ਔਰਤਾਂ ਦੇ ਤਸਕਰਾਂ ਨੂੰ ਹਰਾਉਣਾ ਹੈ"। ਇਸ ਦਾ ਮਤਲਬ ਹੈ ਕਿ ਕਮਲਾ ਹੈਰਿਸ ਨੂੰ ਵੱਡੀ ਬਹੁਮਤ ਨਾਲ ਹਰਾਉਣਾ ਹੈ। ਅਸੀਂ ਇਸ ਵਾਰ ਨਵੰਬਰ ਵਿਚ ਵੱਡੀ ਜਿੱਤ ਹਾਸਲ ਕਰਨਾ ਚਾਹੁੰਦੇ ਹਾਂ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਬਾਇਡਨ ਨੂੰ ਰਾਸ਼ਟਰਪਤੀ ਦੌੜ 'ਚੋਂ ਹਟਣ ਲਈ ਕੀਤਾ ਗਿਆ ਮਜਬੂਰ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਜੋਅ ਬਾਇਡਨ ਨੂੰ ਚੋਣ ਦੌੜ ਤੋਂ ਪਿੱਛੇ ਹਟਣ ਲਈ ਮਜਬੂਰ ਕੀਤਾ ਗਿਆ ਸੀ ਅਤੇ ਇਸ ਨੂੰ ਡੈਮੋਕ੍ਰੇਟਿਕ ਪਾਰਟੀ ਵੱਲੋਂ ਕੀਤਾ ਗਿਆ ਤਖਤਾਪਲਟ ਕਰਾਰ ਦਿੱਤਾ।

ਸਾਬਕਾ ਰਾਸ਼ਟਰਪਤੀ ਨੇ ਸ਼ਨੀਵਾਰ ਨੂੰ ਮਿਨੀਸੋਟਾ ਵਿਚ ਇੱਕ ਚੋਣ ਰੈਲੀ ਵਿਚ ਕਿਹਾ ਕਿ ਇਹ ਅਸਲ ਵਿਚ ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਦੁਆਰਾ ਇੱਕ ਤਖਤਾਪਲਟ ਸੀ। ਇਹ ਇੱਕ ਅਜਿਹੇ ਵਿਅਕਤੀ ਦਾ ਤਖਤਾਪਲਟ ਸੀ, ਜਿਸ ਦੀਆਂ 1 ਕਰੋੜ 40 ਲੱਖ ਵੋਟਾਂ ਸਨ। ਉਹ (ਬਾਇਡਨ) ਚੋਣ ਲੜਨਾ ਚਾਹੁੰਦਾ ਸੀ। ਉਨ੍ਹਾਂ (ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ) ਨੇ ਉਸ (ਬਾਇਡਨ) ਨੂੰ ਚੋਣ ਲੜਨ ਦੀ ਇਜਾਜ਼ਤ ਨਹੀਂ ਦਿੱਤੀ। ਉਨ੍ਹਾਂ ਨੇ ਉਨ੍ਹਾਂ ਨਾਲ ਬਹੁਤ ਬੁਰਾ ਸਲੂਕ ਕੀਤਾ। ਟਰੰਪ ਨੇ ਦਾਅਵਾ ਕੀਤਾ ਕਿ ਡੈਮੋਕ੍ਰੇਟਿਕ ਪਾਰਟੀ ਨੇ ਬਾਇਡਨ ਨੂੰ ਕਿਹਾ ਕਿ ਉਹ ਇਹ ਕੰਮ ਚੰਗੀ ਤਰ੍ਹਾਂ ਕਰ ਸਕਦੇ ਹਨ, ਨਹੀਂ ਤਾਂ ਉਨ੍ਹਾਂ ਨੂੰ ਸਖ਼ਤੀ ਕਰਨੀ ਪਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਇਹ ਰਾਸ਼ਟਰਪਤੀ ਖ਼ਿਲਾਫ਼ ਤਖ਼ਤਾਪਲਟ ਸੀ। ਟਰੰਪ (78) ਨੇ ਦੋਸ਼ ਲਗਾਇਆ ਕਿ ਡੈਮੋਕ੍ਰੇਟਿਕ ਪਾਰਟੀ ਨੇ 25ਵੀਂ ਸੋਧ ਨਾਲ ਬਾਇਡਨ ਨੂੰ ਧਮਕੀ ਦਿੱਤੀ ਹੈ। ਉਸਨੇ ਕਿਹਾ ਤੇ ਉਨ੍ਹਾਂ ਨੇ (ਬਾਇਡਨ) ਕਿਹਾ ਕਿ ਮੈਂ ਪਿੱਛੇ ਹਟ ਜਾਵਾਂਗਾ।' ਤੇ ਫਿਰ ਜਾਅਲੀ ਖ਼ਬਰਾਂ 'ਚ ਕਿਹਾ ਗਿਆ ਕਿ ਉਹ ਬਹੁਤ ਬਹਾਦਰ ਸਨ। ਅਜਿਹਾ ਨਹੀਂ ਹੈ, ਉਸ ਨੂੰ ਜਾਣ ਲਈ ਮਜਬੂਰ ਕੀਤਾ ਗਿਆ ਸੀ।

## ਸਿਆਟਲ ਖੇਡ ਕੈਂਪ ਵਿਚ ਬਿੱਲਾ ਸੰਘੇੜਾ, ਸੰਤੋਖ ਸਿੰਘ ਮੰਡੇਰ, ਜੇ.ਪੀ. ਸਿੰਘ ਸੈਨਹੋਜ਼ੇ ਸਨਮਾਨਤ



ਸਿਆਟਲ ਦਾ ਪੰਜਾਬੀ ਭਾਈਚਾਰਾ ਹਰਦੂਮਨ ਸਿੰਘ ਬਿੱਲਾ ਸੰਘੇੜਾ, ਸੰਤੋਖ ਸਿੰਘ ਮੰਡੇਰ ਸਰੀ ਅਤੇ ਜੇ.ਪੀ. ਸਿੰਘ ਸੈਨਹੋਜ਼ੇ ਦਾ ਸਨਮਾਨ ਕਰਦੇ ਹੋਏ। ਨਾਲ ਖੜ੍ਹੇ ਹਨ ਬੱਚਿਆਂ ਦੇ ਖੇਡ ਕੈਂਪ ਦੇ ਸੰਚਾਲਕ ਗੁਰਦੀਪ ਸਿੰਘ ਸਿੱਧੂ, ਗੁਰਚਰਨ ਸਿੰਘ ਢਿੱਲੋਂ, ਸੁਖਪ੍ਰੀਤ ਸਿੰਘ ਮੱਲੀ ਤੇ ਸਰਬਜੀਤ ਸਿੰਘ ਝੱਲੀ, ਵਾਲੀਬਾਲ ਖਿਡਾਰੀ ਅਤੇ ਹੋਰ ਸ਼ਖਸੀਅਤਾਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਪਹਿਲੇ ਪ੍ਰਧਾਨ ਬਲਜੀਤ ਸਿੰਘ ਸੋਹਲ ਦੇ ਵੱਡੇ ਲੜਕੇ ਦੀ ਸ਼ਾਦੀ 'ਤੇ ਕੈਲੀਫੋਰਨੀਆ ਤੋਂ ਪਹੁੰਚੇ ਹਰਦੂਮਨ ਸਿੰਘ ਬਿੱਲਾ ਸੰਘੇੜਾ, ਸੰਤੋਖ ਸਿੰਘ ਮੰਡੇਰ ਤੇ ਜੇ.ਪੀ. ਸਿੰਘ ਸੈਨਹੋਜ਼ੇ, ਜਿਨ੍ਹਾਂ ਨਵਜੋੜੀ ਆਸ਼ੀਰਵਾਦ ਦਿੱਤਾ। ਬਲਜੀਤ ਸਿੰਘ ਸੋਹਲ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ ਵਧਾਈਆਂ ਦੇਣ ਤੋਂ ਬਾਅਦ ਬੱਚਿਆਂ ਦੇ ਖੇਡ ਕੈਂਪ ਵੇਖਣ ਲਈ ਪਹੁੰਚੇ, ਜਿੱਥੇ ਬੱਚਿਆਂ ਦੇ ਕੈਂਪ ਤੇ ਖੇਡਾਂ ਦਾ ਆਨੰਦ ਮਾਣਿਆ ਤੇ ਬੱਚਿਆਂ ਨੂੰ ਆਸ਼ੀਰਵਾਦ ਦੇ ਕੇ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਮੁੱਖ ਪ੍ਰਬੰਧਕਾਂ 'ਚੋਂ ਗੁਰਦੀਪ ਸਿੰਘ ਸਿੱਧੂ ਨੇ ਸਵਾਗਤੀ ਭਾਸ਼ਣ 'ਚ ਦੱਸਿਆ ਕਿ ਹਰਦੂਮਨ ਸਿੰਘ ਬਿੱਲਾ ਸੰਘੇੜਾ ਸੈਨਹੋਜ਼ੇ ਪੰਜਾਬੀ ਸੱਭਿਆਚਾਰਕ ਮੇਲੇ ਦੇ ਪ੍ਰਧਾਨ ਹਨ ਤੇ ਪੰਜਾਬੀ ਭਾਈਚਾਰੇ ਦੀ ਸੇਵਾ ਕਰ ਰਹੇ ਹਨ। ਸੰਤੋਖ ਸਿੰਘ ਮੰਡੇਰ ਸਰੀ ਤੋਂ ਇੰਡੋ-ਕੈਨੇਡੀਅਨ ਅਖਬਾਰ ਦੇ ਜਰਨਲਿਸਟ ਅਤੇ ਅੰਤਰਰਾਸ਼ਟਰੀ ਫੋਟੋਗ੍ਰਾਫਰ ਹਨ। ਜੇ.ਪੀ. ਸਿੰਘ ਸੈਨਹੋਜ਼ੇ ਦੇ ਨਾਮਵਰ ਕਾਰੋਬਾਰੀ ਹਨ, ਜੋ ਕਿ ਇਨ੍ਹਾਂ ਦੀ ਟੀਮ ਦੇ ਮੈਂਬਰ ਹਨ। ਇਸ ਮੌਕੇ ਸਿਆਟਲ ਦੇ ਪੰਜਾਬੀ ਭਾਈਚਾਰ ਵੱਲੋਂ ਇਨ੍ਹਾਂ ਨੂੰ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ। ਬਲਜੀਤ ਸਿੰਘ ਸੋਹਲ ਦੇ ਲੜਕੇ ਦੀ ਰਿਸੈਪਸ਼ਨ 'ਤੇ ਵੀ ਪਹੁੰਚੇ।

### ਅਮਰੀਕੀ 'ਚ ਵਿਦਿਆਰਥੀ ਵੀਜ਼ੇ 'ਤੇ ਆਏ ਇਕ ਭਾਰਤੀ ਨੂੰ ਨਾਬਾਲਿਗ ਨਾਲ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਮਾਮਲੇ 'ਚ 12 ਸਾਲ ਕੈਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪੈਨਸਿਲਵੇਨੀਆ ਦੇ ਏਰੀ ਸ਼ਹਿਰ ਵਿਚ ਇਕ ਭਾਰਤੀ ਨਾਗਰਿਕ ਜੋ ਵਿਦਿਆਰਥੀ ਵੀਜ਼ੇ ਉਪਰ ਅਮਰੀਕਾ ਆਇਆ ਸੀ, ਨੂੰ ਇਕ ਨਾਬਾਲਿਗ ਨੂੰ ਫੁਸਲਾਉਣ ਤੇ ਉਸ ਨਾਲ ਗੈਰ ਕਾਨੂੰਨੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਇਕ




# ਅਮਰੀਕੀ ਰਾਸ਼ਟਰਪਤੀ ਚੋਣ : ਬਰਾਕ ਓਬਾਮਾ ਵੱਲੋਂ ਕਮਲਾ ਹੈਰਿਸ ਦਾ ਸਮਰਥਨ

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਰਾਸ਼ਟਰਪਤੀ ਅਹੁਦੇ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਵਜੋਂ ਕਮਲਾ ਹੈਰਿਸ ਦਾ ਸਮਰਥਨ ਕਰਦੇ ਹੋਏ ਕਿਹਾ ਕਿ ਉਹ ਅਮਰੀਕਾ ਦੀ ਇਕ ਮਹਾਨ ਰਾਸ਼ਟਰਪਤੀ ਸਾਬਤ ਹੋਵੇਗੀ। ਬਰਾਕ ਓਬਾਮਾ ਨੇ ਹੈਰਿਸ ਨੂੰ ਕਿਹਾ ਨੂੰ ਕਿਹਾ ਨਵੰਬਰ 'ਚ ਹੋਣ ਵਾਲੀਆਂ ਚੋਣਾਂ 'ਚ ਤੁਹਾਨੂੰ ਜਿੱਤ ਦਿਵਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਤਰ੍ਹਾਂ ਉਪ ਰਾਸ਼ਟਰਪਤੀ ਹੈਰਿਸ ਨੂੰ ਦੇਸ਼ ਦੇ ਦੋ ਸਭ ਤੋਂ ਲੋਕਪ੍ਰਿਯ ਡੈਮੋਕਰੇਟਸ ਦਾ ਅਹਿਮ ਸਮਰਥਨ ਮਿਲਿਆ ਹੈ।

ਓਬਾਮਾ ਨੇ ਹੈਰਿਸ 59 ਦਾ ਰਾਸ਼ਟਰਪਤੀ ਜੋਅ ਬਾਇਡਨ ਦੇ ਰਾਸ਼ਟਰਪਤੀ ਦੀ ਦੌੜ ਤੋਂ ਹਟਣ ਦੇ ਕੁਝ ਦਿਨ ਬਾਅਦ ਸਮਰਥਨ ਕੀਤਾ। ਇਸ ਨਾਲ ਰਿਪਬਲਿਕਨ ਵਿਰੋਧੀ ਡੋਨਾਲਡ ਟਰੰਪ ਖਿਲਾਫ ਉਨ੍ਹਾਂ ਦੀ ਚੁਣੌਤੀ ਹੋਰ ਮਜ਼ਬੂਤ ਹੋਵੇਗੀ। ਓਬਾਮਾ ਨੇ ਐਤਵਾਰ ਨੂੰ ਰਾਸ਼ਟਰਪਤੀ ਬਾਇਡਨ ਦੇ ਚੋਣ ਨਾ ਲੜਨ ਦੇ ਐਲਾਨ ਤੋਂ ਬਾਅਦ ਹੈਰਿਸ ਦਾ ਤੁਰੰਤ ਸਮਰਥਨ ਨਹੀਂ ਕੀਤਾ। ਓਬਾਮਾ ਨੇ ਉਪ ਰਾਸ਼ਟਰਪਤੀ ਦੇ ਸਮਰਥਨ ਲਈ ਇੱਕ ਵੀਡੀਓ ਜਾਰੀ ਕੀਤਾ। ਓਬਾਮਾ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਇਸ ਹਫ਼ਤੇ ਦੇ ਸ਼ੁਰੂ ਵਿਚ, ਮਿਸ਼ੇਲ ਅਤੇ ਮੈਂ

**■ ਕਿਹਾ, "ਸਾਨੂੰ ਤੁਹਾਡੇ 'ਤੇ ਮਾਣ"**



ਆਪਣੀ ਦੋਸਤ ਕਮਲਾ ਹੈਰਿਸ ਨੂੰ ਫ਼ੋਨ ਕੀਤਾ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਸੋਚਿਆ ਕਿ ਉਹ ਸੰਯੁਕਤ ਰਾਜ ਦੀ ਇੱਕ ਸ਼ਾਨਦਾਰ ਰਾਸ਼ਟਰਪਤੀ ਬਣੇਗੀ। ਸਾਡੇ ਦੇਸ਼ ਲਈ ਇਸ ਨਾਜ਼ੁਕ ਸਮੇਂ ਵਿਚ, ਅਸੀਂ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਉਸਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਡੇ ਨਾਲ ਜੁੜੋਗੇ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੋਨ 'ਤੇ ਹੈਰਿਸ ਨੂੰ ਕਿਹਾ ਕਿ ਮਿਸ਼ੇਲ ਅਤੇ ਮੈਨੂੰ ਤੁਹਾਡਾ ਸਮਰਥਨ ਕਰਨ 'ਤੇ ਬਹੁਤ ਮਾਣ ਹੈ ਅਤੇ ਅਸੀਂ ਇਸ ਚੋਣ ਨੂੰ ਜਿੱਤਣ ਅਤੇ ਤੁਹਾਨੂੰ ਓਵਲ ਦਫਤਰ ਤੱਕ ਪਹੁੰਚਾਉਣ ਲਈ ਹਰ ਸੰਭਵ ਮਦਦ ਕਰਾਂਗੇ। ਮਿਸ਼ੇਲ ਓਬਾਮਾ ਨੇ ਕਿਹਾ ਕਿ ਮੈਨੂੰ ਤੁਹਾਡੇ 'ਤੇ ਮਾਣ ਹੈ। ਇਹ ਇਤਿਹਾਸਕ ਹੋਵੇਗਾ। ਹੈਰਿਸ ਨੇ ਸਮਰਥਨ ਅਤੇ ਉਨ੍ਹਾਂ ਦੀ ਦੋਸਤੀ ਲਈ ਧੰਨਵਾਦ ਪ੍ਰਗਟਾਇਆ। ਉਸ ਨੇ ਕਿਹਾ ਕਿ ਤੁਹਾਡਾ ਦੋਵਾਂ ਦਾ ਧੰਨਵਾਦ। ਇਹ ਮੇਰੇ ਲਈ ਬਹੁਤ ਮਾਅਨੇ ਰੱਖਦਾ ਹੈ। ਅਸੀਂ ਇਸ ਨਾਲ ਕੁਝ ਬਿਹਤਰ ਕਰਾਂਗੇ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਇਸ ਸਾਲ ਨਵੰਬਰ ਮਹੀਨੇ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ।

## ਡੈਮੋਕਰੈਟਿਕ ਪਾਰਟੀ ਵੱਲੋਂ ਕਮਲਾ ਹੈਰਿਸ ਅਧਿਕਾਰਤ ਉਮੀਦਵਾਰ ਬਣੀ

**ਵਾਸ਼ਿੰਗਟਨ, (ਪੰਜਾਬ ਮੇਲ)-** ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਅਧਿਕਾਰਤ ਤੌਰ 'ਤੇ ਆਪਣੇ ਫਾਰਮ 'ਤੇ ਦਸਤਖ਼ਤ ਕਰਕੇ ਖ਼ੁਦ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਅਤੇ ਭਰੋਸਾ ਜ਼ਾਹਿਰ ਕੀਤਾ ਕਿ ਉਹ 5 ਨਵੰਬਰ ਨੂੰ ਹੋਣ ਵਾਲੀਆਂ ਉੱਚ ਪੱਧਰੀ ਚੋਣਾਂ 'ਚ ਜਿੱਤ ਹਾਸਲ ਕਰੇਗੀ। ਭਾਰਤੀ ਤੇ ਅਫਰੀਕੀ ਮੂਲ ਦੀ 59 ਸਾਲਾ ਹੈਰਿਸ ਨੇ ਐਕਸ 'ਤੇ ਲਿਖਿਆ, 'ਮੈਂ ਅਧਿਕਾਰਤ ਤੌਰ 'ਤੇ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਖੁਦ ਨੂੰ ਉਮੀਦਵਾਰ ਐਲਾਨਣ ਵਾਲੇ ਫਾਰਮ 'ਤੇ ਦਸਤਖਤ ਕੀਤੇ ਹਨ। ਮੈਂ ਹਰ ਵੋਟ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਾਂਗੀ।' ਉਨ੍ਹਾਂ ਕਿਹਾ ਕਿ ਨਵੰਬਰ ਵਿਚ ਸਾਡੇ ਲੋਕਾਂ ਦੀ ਸ਼ਕਤੀਸ਼ਾਲੀ ਮੁਹਿੰਮ ਜਿੱਤੇਗੀ। ਕਮਲਾ ਹੈਰਿਸ ਜੇ ਚੋਣਾਂ ਜਿੱਤਦੀ ਹੈ, ਤਾਂ ਉਹ ਨਾ ਸਿਰਫ਼ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਹੋਵੇਗੀ, ਬਲਕਿ ਉਹ ਪਹਿਲੀ ਭਾਰਤੀ-ਅਮਰੀਕੀ, ਪਹਿਲੀ ਏਸ਼ਿਆਈ, ਪਹਿਲੀ ਸਿਆਹਫਾਮ ਔਰਤ ਤੇ ਪਹਿਲੀ ਜਮਾਇਕਨ ਵਿਅਕਤੀ ਹੋਵੇਗੀ, ਜੋ ਇਸ ਅਹੁਦੇ 'ਤੇ ਬੈਠੇਗੀ।

# 54 ਫ਼ੀਸਦੀ ਅਮਰੀਕੀ ਮਹਿਲਾ ਰਾਸ਼ਟਰਪਤੀ ਲਈ ਤਿਆਰ : ਸਰਵੇਖਣ

**ਵਾਸ਼ਿੰਗਟਨ, (ਪੰਜਾਬ ਮੇਲ)-** ਜ਼ਿਆਦਾਤਰ ਅਮਰੀਕੀ ਹੁਣ ਇਕ ਮਹਿਲਾ ਰਾਸ਼ਟਰਪਤੀ ਲਈ ਤਿਆਰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਮੀਦਵਾਰ ਭਾਵੇਂ ਔਰਤ ਹੋਵੇ ਜਾਂ ਮਰਦ, ਦੋਵਾਂ ਦੇ ਬਰਾਬਰ ਅਧਿਕਾਰ ਹਨ। ਇਕ ਸਰਵੇਖਣ ਅਨੁਸਾਰ 54 ਫੀਸਦੀ ਅਮਰੀਕੀ ਮਹਿਲਾ ਰਾਸ਼ਟਰਪਤੀ ਲਈ ਤਿਆਰ ਹਨ। ਹਾਲਾਂਕਿ 30 ਫੀਸਦੀ ਅਮਰੀਕੀ ਨਹੀਂ ਚਾਹੁੰਦੇ ਕਿ ਕੋਈ ਔਰਤ ਰਾਸ਼ਟਰਪਤੀ ਬਣੇ। ਇਹ ਅੰਕੜੇ 2015 ਵਿਚ ਕੀਤੇ ਗਏ ਇਕ ਇਹੋ ਜਿਹੇ ਹੀ ਸਰਵੇਖਣ ਤੋਂ ਘੱਟ ਹਨ, ਜਦੋਂ ਸਰਵੇ ਵਿਚ 63 ਫੀਸਦੀ ਅਮਰੀਕੀਆਂ ਨੇ ਕਿਹਾ ਸੀ ਕਿ ਉਹ ਮਹਿਲਾ ਰਾਸ਼ਟਰਪਤੀ ਲਈ ਤਿਆਰ ਹਨ।

ਇਸ ਸਰਵੇਖਣ ਤੋਂ ਇਕ ਮਹੀਨੇ ਬਾਅਦ ਹੀ ਡੈਮੋਕ੍ਰੇਟ ਹਿਲੇਰੀ ਕਲਿੰਟਨ ਨੇ ਆਪਣੀ ਉਮੀਦਵਾਰੀ ਦਾ ਐਲਾਨ ਕਰ ਦਿੱਤਾ ਸੀ। ਹਾਲਾਂਕਿ ਉਹ ਟਰੰਪ ਤੋਂ ਚੋਣ ਹਾਰ ਗਈ ਸੀ। ਹੁਣ ਕਮਲਾ ਹੈਰਿਸ ਇਹੋ ਜਿਹੀ ਦੂਜੀ ਡੈਮੋਕ੍ਰੇਟ ਮਹਿਲਾ ਹੈ, ਜਿਸ ਨੇ ਖੁਦ ਨੂੰ ਟਰੰਪ ਖਿਲਾਫ ਉਮੀਦਵਾਰ ਐਲਾਨਿਆ ਹੈ।

**■ ਕਿਹਾ- "ਔਰਤ-ਮਰਦ ਇਕ ਬਰਾਬਰ..."**

ਲਗਭਗ 41 ਫੀਸਦੀ ਅਮਰੀਕਨ ਇਹ ਵੀ ਮਹਿਸੂਸ ਕਰਦੇ ਹਨ ਕਿ ਮਰਦ ਅਤੇ ਔਰਤ ਦੇ ਬਰਾਬਰ ਯੋਗ ਹੋਣ 'ਤੇ ਉਨ੍ਹਾਂ ਦੇ ਦੇਸ਼ ਦੇ ਅੱਧੇ ਤੋਂ ਵੱਧ ਲੋਕ ਮਰਦ ਉਮੀਦਵਾਰ ਨੂੰ ਹੀ ਵੋਟ ਦੇਣਗੇ।

ਡੈਮੋਕ੍ਰੇਟ ਪਾਰਟੀ ਦੇ 77 ਫੀਸਦੀ ਮੈਂਬਰਾਂ ਦਾ ਮੰਨਣਾ ਹੈ ਕਿ ਦੇਸ਼ ਇਕ ਮਹਿਲਾ ਰਾਸ਼ਟਰਪਤੀ ਲਈ ਤਿਆਰ ਹੈ। ਦੂਜੇ ਪਾਸੇ ਉਨ੍ਹਾਂ ਦੇ ਬਾਕੀ ਸਾਥੀਆਂ ਦਾ ਮੰਨਣਾ ਹੈ ਕਿ ਅਮਰੀਕੀ ਬਰਾਬਰ ਦੀ ਯੋਗਤਾ ਵਾਲੀ ਔਰਤ ਨੂੰ ਵੋਟ ਦੇਣ ਤੋਂ ਝਿਜਕਦੇ ਹਨ। 35 ਫੀਸਦੀ ਡੈਮੋਕ੍ਰੇਟਸ ਵੀ ਚਾਹੁੰਦੇ ਹਨ ਕਿ ਕਮਲਾ ਹੈਰਿਸ ਆਪਣੇ ਲਈ ਉਪ ਰਾਸ਼ਟਰਪਤੀ ਕਿਸੇ ਮਰਦ ਨੂੰ ਚੁਣੇ, ਜਦਕਿ ਸਿਰਫ 6 ਫੀਸਦੀ ਡੈਮੋਕ੍ਰੇਟਸ ਹੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਲਈ ਕਿਸੇ ਔਰਤ ਨੂੰ ਉਪ ਰਾਸ਼ਟਰਪਤੀ ਚੁਣਨਾ ਚਾਹੀਦਾ ਹੈ।

ਡੈਮੋਕ੍ਰੇਟਸ ਵਿਚੋਂ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਸਭ ਤੋਂ ਵੱਧ 27 ਫੀਸਦੀ ਸਮਰਥਨ ਮਿਸ਼ੀਗਨ ਦੀ ਗਵਰਨਰ ਗ੍ਰੇਚਨ ਵ੍ਹਿਟਮਰ ਨੂੰ ਪ੍ਰਾਪਤ ਹੈ। ਸਾਬਕਾ ਪੁਲਾੜ ਯਾਤਰੀ ਅਤੇ ਐਰੀਜ਼ੋਨਾ ਦੇ ਸੀਨੇਟਰ ਮਾਰਕ ਕੈਲੀ ਅਤੇ ਪੈਨਸਿਲਵੀਨੀਆ ਦੇ ਗਵਰਨਰ ਜੋਸ਼ ਸ਼ਾਪਿਰੋ ਨੂੰ 22-22 ਫੀਸਦੀ ਸਮਰਥਨ ਪ੍ਰਾਪਤ ਹੈ।

# ਕਮਲਾ ਹੈਰਿਸ ਦੀ ਪ੍ਰਚਾਰ ਟੀਮ ਵੱਲੋਂ ਰਿਕਾਰਡ ਫੰਡ ਰੇਜ਼ਿੰਗ

**ਵਾਸ਼ਿੰਗਟਨ, (ਪੰਜਾਬ ਮੇਲ)-** ਕਮਲਾ ਹੈਰਿਸ ਦੇ ਅਮਰੀਕੀ ਰਾਸ਼ਟਰਪਤੀ ਚੋਣ ਦੀ ਦੌੜ 'ਚ ਸ਼ਾਮਲ ਹੋਣ ਤੋਂ ਇਕ ਹਫ਼ਤੇ ਤੋਂ ਵੀ ਘੱਟ ਸਮੇਂ ਬਾਅਦ ਉਨ੍ਹਾਂ ਦੀ ਪ੍ਰਚਾਰ ਟੀਮ ਨੇ 20 ਕਰੋੜ ਅਮਰੀਕੀ ਡਾਲਰ ਦੀ ਫੰਡ ਰੇਜ਼ ਕੀਤਾ ਹੈ। ਹੈਰਿਸ ਦੀ ਪ੍ਰਚਾਰ ਟੀਮ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਹੈਰਿਸ ਦੀ ਪ੍ਰਚਾਰ ਟੀਮ ਨੇ ਕਿਹਾ ਕਿ ਇੰਨੇ ਘੱਟ ਸਮੇਂ ਵਿਚ 20 ਕਰੋੜ ਅਮਰੀਕੀ ਡਾਲਰ ਦਾ ਫੰਡ ਰੇਜ਼ ਕਰਨਾ ਦਰਸਾਉਂਦਾ ਹੈ ਕਿ ਹੈਰਿਸ ਦੇ ਹੱਕ ਵਿਚ ਸਮਰਥਨ ਵੱਧ ਰਿਹਾ ਹੈ।

ਪ੍ਰਚਾਰ ਟੀਮ ਨੇ ਇਹ ਵੀ ਮੰਨਿਆ ਕਿ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਸਖ਼ਤ ਮੁਕਾਬਲਾ ਦੇਖਣ ਨੂੰ ਮਿਲੇਗਾ ਅਤੇ ਵੋਟਾਂ ਦਾ ਫਰਕ ਬਹੁਤ ਘੱਟ ਰਹੇਗਾ।

ਰਾਸ਼ਟਰਪਤੀ ਜੋਅ ਬਾਇਡਨ ਵੱਲੋਂ 20 ਜੁਲਾਈ ਨੂੰ ਚੋਣ ਨਾ ਲੜਨ ਦਾ ਐਲਾਨ ਕਰਨ ਤੋਂ ਬਾਅਦ ਉਪ ਰਾਸ਼ਟਰਪਤੀ ਹੈਰਿਸ ਹੁਣ ਰਾਸ਼ਟਰਪਤੀ ਲਈ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ।

ਹੈਰਿਸ ਦੀ ਰਾਸ਼ਟਰਪਤੀ ਮੁਹਿੰਮ ਦੇ ਸੰਚਾਰ ਨਿਰਦੇਸ਼ਕ ਮਾਈਕਲ ਟਾਈਲਰ ਨੇ ਕਿਹਾ, "ਪਿਛਲੇ ਐਤਵਾਰ ਨੂੰ ਰਾਸ਼ਟਰਪਤੀ ਬਾਇਡਨ ਦੇ ਸਮਰਥਨ ਤੋਂ ਬਾਅਦ ਹੈਰਿਸ ਦੀ ਪ੍ਰਚਾਰ ਟੀਮ ਨੇ 20 ਕਰੋੜ ਅਮਰੀਕੀ ਡਾਲਰ ਇਕੱਠੇ ਕੀਤੇ ਹਨ, ਜੋ ਕਿ ਇਕ ਰਿਕਾਰਡ ਹੈ।" 66 ਫੀਸਦੀ ਰਕਮ ਉਨ੍ਹਾਂ ਲੋਕਾਂ ਤੋਂ ਆਈ ਹੈ, ਜਿਨ੍ਹਾਂ ਨੇ ਪਹਿਲੀ ਵਾਰ ਦਾਨ ਕੀਤਾ ਸੀ। ਇਹ ਹੋਰ ਸਬੂਤ ਹੈ ਕਿ ਹੈਰਿਸ ਲਈ ਸਮਰਥਨ ਮਜ਼ਬੂਤ ਹੋ ਰਿਹਾ ਹੈ।



Designed By Punjab Mail USA

# ਅਮਰੀਕਾ ’ਚ 2 ਲੱਖ ਭਾਰਤੀ ਨੌਜਵਾਨਾਂ ’ਤੇ ਡਿਪੋਰਟੇਸ਼ਨ ਦਾ ਖਤਰਾ ਮੰਡਰਾਇਆ

- 21 ਸਾਲ ਦੀ ਉਮਰ ਟੱਪ ਰਹੇ ਨੇ ਕੱਚੇ ਪ੍ਰਵਾਸੀਆਂ ਦੇ ਢਾਈ ਲੱਖ ਬੱਚੇ
- ਮਾਪਿਆਂ ਦੇ ਗਰੀਨ ਕਾਰਡ ’ਚ ਦੇਰ ਹੋਣ ਕਾਰਨ ਪੈਦਾ ਹੋਈ ਸਮੱਸਿਆ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ 2 ਲੱਖ ਭਾਰਤੀ ਨੌਜਵਾਨਾਂ ’ਤੇ ਡਿਪੋਰਟੇਸ਼ਨ ਦਾ ਖਤਰਾ ਮੰਡਰਾ ਰਿਹਾ ਹੈ ਅਤੇ ਸਮਾਂ ਲੰਘਣ ਨਾਲ ਉਮੀਦਾਂ ਟੁੱਟਦੀਆਂ ਮਹਿਸੂਸ ਹੋ ਰਹੀਆਂ ਹਨ। ਮਾਪਿਆਂ ਨੂੰ ਗਰੀਨ ਕਾਰਡ ਮਿਲਣ ਵਿਚ ਹੋ ਰਹੀ ਦੇਰ ਬੱਚਿਆਂ ਦਾ ਭਵਿੱਖ ਧੁੰਦਲਾ ਕਰ ਸਕਦੀ ਹੈ ਅਤੇ ਵਾਈਟ ਹਾਊਸ ਵੱਲੋਂ ਇਸ ਸਮੱਸਿਆ ਲਈ ਰਿਪਬਲਿਕਨ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਵ੍ਹਾਈਟ ਹਾਊਸ ਨੇ ਦਾਅਵਾ ਕੀਤਾ ਹੈ ਕਿ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਏ ਪ੍ਰਵਾਸੀਆਂ ਦੇ ਤਕਰੀਬਨ ਢਾਈ ਲੱਖ ਬੱਚਿਆਂ ਨੂੰ ਪੱਕਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਪਰ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਹੋਣ ਕਾਰਨ ਮਤਾ ਅੱਗੇ ਨਹੀਂ ਵਧ ਰਿਹਾ।

ਪਿਛਲੇ ਮਹੀਨੇ ‘ਇੰਪਰੂਵ ਦਾ ਡਰੀਮ’ ਨਾਂ ਦੀ ਜਥੇਬੰਦੀ ਵੱਲੋਂ 100 ਤੋਂ ਵੱਧ ਸੰਸਦ ਮੈਂਬਰਾਂ ਅਤੇ ਪ੍ਰਸ਼ਾਸਨਿਕ ਅਫਸਰਾਂ ਨਾਲ ਮੁਲਾਕਾਤ ਕਰ ਕੇ ਇਹ ਮੁੱਦਾ ਉਠਾਇਆ ਗਿਆ। ਜਥੇਬੰਦੀ ਦੇ ਬਾਨੀ ਦੀਪ ਪਟੇਲ ਨੇ ਕਿਹਾ ਕਿ 21 ਸਾਲ ਦੀ ਉਮਰ ਤੱਕ ਪੁੱਜ ਚੁੱਕੇ ਬੱਚਿਆਂ ਨੂੰ ਤੁਰੰਤ ਰਾਹਤ ਮਿਲਣੀ ਚਾਹੀਦੀ ਹੈ। ਦੱਸ ਦੇਈਏ ਕਿ ਜੈਫਰੀਨਾ ਵਰਗੇ ਕੁਝ ਨੌਜਵਾਨ ਉਮਰ ਹੱਦ ਪਾਰ ਵੀ ਕਰ ਚੁੱਕੇ ਹਨ। ਜੈਫਰੀਨਾ ਨੇ ਦੱਸਿਆ ਕਿ ਉਹ 7 ਸਾਲ ਦੀ ਉਮਰ ’ਚ 2005 ’ਚ ਅਮਰੀਕਾ ਪੁੱਜੀ ਸੀ। ਜੈਫਰੀਨਾ ਦੇ ਪਰਿਵਾਰ ਨੇ 2010 ’ਚ ਗਰੀਨ ਕਾਰਡ ਵਾਸਤੇ ਅਰਜ਼ੀ ਦਾਇਰ ਕੀਤੀ, ਤਾਂ ਉਸ ਦੀ ਉਮਰ 12 ਸਾਲ ਹੋ ਚੁੱਕੀ ਸੀ ਪਰ 21 ਸਾਲ ਦੀ ਉਮਰ ਹੋਣ ਤੋਂ ਪਹਿਲਾਂ ਜੈਫਰੀਨਾ ਦੇ ਪਰਿਵਾਰ ਨੂੰ ਗਰੀਨ ਕਾਰਡ ਨਾ ਮਿਲਿਆ। ਇਸ ਵੇਲੇ ਜੈਫਰੀਨਾ 27 ਸਾਲ ਦੀ ਹੋ ਚੁੱਕੀ ਹੈ ਅਤੇ ਮਿਨੀਸੋਟਾ ਦੀ ਯੂਨੀਵਰਸਿਟੀ ਵਿਚ ਐੱਮ.ਬੀ.ਏ. ਕਰ ਰਹੀ ਹੈ। ਦੂਜੇ ਪਾਸੇ ਟੈਕਸਸ ਵਿਚ ਕਲਾਊਡ ਇੰਜੀਨੀਅਰ ਵਜੋਂ ਕੰਮ ਕਰ ਰਹੀ ਪ੍ਰਨੀਤਾ ਦੀ ਵੀ ਇਹੋ ਕਹਾਣੀ ਹੈ, ਜੋ 8 ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਅਮਰੀਕਾ ਆਈ।

ਮਾਪਿਆਂ ਨੂੰ ਸਮਾਂ ਰਹਿੰਦੇ ਗਰੀਨ ਕਾਰਡ ਨਾ ਮਿਲਿਆ ਅਤੇ ਹੁਣ ਉਸ ਨੂੰ ਵੀ ਐੱਚ-1ਬੀ ਵੀਜ਼ਾ ਦੇ ਸਹਾਰੇ ਅਮਰੀਕਾ ਵਿਚ ਰਹਿਣਾ ਪੈ ਰਿਹਾ ਹੈ। ਪ੍ਰਨੀਤਾ ਦੇ ਉਲਟ ਰੌਸ਼ਨ ਨੂੰ ਪਿਛਲੇ ਸਾਲ ਅਮਰੀਕਾ ਛੱਡਣਾ ਪਿਆ। ਰੌਸ਼ਨ 10 ਸਾਲ ਦੀ ਉਮਰ ’ਚ ਅਮਰੀਕਾ ਆਇਆ ਸੀ ਅਤੇ 2019 ’ਚ ਉਸ ਦੀ ਉਮਰ 21 ਸਾਲ ਤੋਂ ਟੱਪ ਗਈ। ਵੱਖ-ਵੱਖ ਤਰੀਕਿਆਂ ਨਾਲ ਅਮਰੀਕਾ ’ਚ ਰਹਿਣ ਦੇ ਉਪਰਾਲੇ ਕੀਤੇ ਪਰ ਆਖਰਕਾਰ ਭਾਰਤ ਪਰਤਣਾ ਹੀ ਪਿਆ। ਅਜਿਹੇ ਕਈ ਹੋਰ ਨੌਜਵਾਨਾਂ ਦਾ ਜ਼ਿਕਰ ਕਰਦਿਆਂ ਦੀਪ ਪਟੇਲ ਨੇ ਕਿਹਾ ਕਿ ਹਰ 24 ਘੰਟੇ ਬਾਅਦ ਕੋਈ ਨਾ ਕੋਈ ਆਪਣੀ ਉਮਰ ਦਾ 21ਵਾਂ ਵਰ੍ਹਾ ਪਾਰ ਕਰ ਰਿਹਾ ਹੈ ਅਤੇ ਅਮਰੀਕਾ ਛੱਡਣ ਲਈ ਮਜਬੂਰ ਹੈ, ਜਦਕਿ ਉਸ ਦੇ ਪਰਿਵਾਰ ਨੇ ਮੁਲਕ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ। ਬਾਇਡਨ ਸਰਕਾਰ ਨੂੰ ਲਿਖੇ ਪੱਤਰ ਵਿਚ ਵੱਖ-ਵੱਖ ਜਥੇਬੰਦੀਆਂ ਨੇ ਕਿਹਾ ਹੈ ਕਿ ਆਪਣੀ ਉਮਰ ਦੀ ਜ਼ਿਆਦਾਤਰ ਵਰ੍ਹੇ ਅਮਰੀਕਾ ’ਚ ਲੰਘਾਉਣ ਦੇ ਬਾਵਜੂਦ ਪ੍ਰਵਾਸੀਆਂ ਦੇ ਬੱਚਿਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ। ਮਾਪਿਆਂ ਦੀਆਂ ਗਰੀਨ ਕਾਰਡ ਅਰਜ਼ੀਆਂ ਸਮਾਂ ਰਹਿੰਦੇ ਪ੍ਰੋਸੈਸ ਹੋ ਜਾਂਦੀਆਂ, ਤਾਂ ਸ਼ਾਇਦ ਇਹ ਨੌਬਤ ਨਾ ਆਉਂਦੀ ਅਤੇ ਉਹ ਵੀ ਪੱਕੇ ਤੌਰ ’ਤੇ ਅਮਰੀਕਾ ਵਿਚ ਰਹਿ ਸਕਦੇ।

# ਪ੍ਰਚਾਰ ਮੁਹਿੰਮ ਦੇ ਦਮ ’ਤੇ ਨਵੰਬਰ ’ਚ ਹੋਣ ਵਾਲੀ ਰਾਸ਼ਟਰਪਤੀ ਚੋਣ ਜ਼ਰੂਰ ਜਿੱਤਾਂਗੀ : ਕਮਲਾ ਹੈਰਿਸ

ਵਾਸ਼ਿੰਗਟਨ, (ਪੰਜਾਬ ਮੇਲ)- ਡੈਮੋਕਰੈਟਿਕ ਪਾਰਟੀ ਤਰਫੋਂ ਰਾਸ਼ਟਰਪਤੀ ਅਹੁਦੇ ਦੀ ਸੰਭਾਵੀ ਉਮੀਦਵਾਰ ਕਮਲਾ ਹੈਰਿਸ ਨੇ ਕਿਹਾ ਕਿ ਉਨ੍ਹਾਂ ਨੂੰ ਵ੍ਹਾਈਟ ਹਾਊਸ ਦੀ ਦੌੜ ਵਿਚ ਭਾਵੇਂ ‘ਕਮਜ਼ੋਰ’ ਸਮਝਿਆ ਜਾ ਰਿਹਾ ਹੈ, ਪਰ ਉਹ ਜ਼ਮੀਨੀ ਪੱਧਰ ’ਤੇ ਆਪਣੀ ਲੋਕ ਕੇਂਦਰਿਤ ਪ੍ਰਚਾਰ ਮੁਹਿੰਮ ਦੇ ਦਮ ’ਤੇ ਨਵੰਬਰ ਵਿਚ ਹੋਣ ਵਾਲੀ ਚੋਣ ਜ਼ਰੂਰੀ ਜਿੱਤੇਗੀ। ਉਪ ਰਾਸ਼ਟਰਪਤੀ ਹੈਰਿਸ ਨੇ ਮੈਸਾਚਿਊਸੈਟਸ ਦੇ ਪਿਟਫੀਲਡ ਵਿਚ ਆਪਣੇ ਲਈ ਫੰਡ ਜੁਟਾਉਣ ਵਾਲੇ 800 ਲੋਕਾਂ ਦੇ ਇੱਕ ਗਰੁੱਪ ਨੂੰ ਸੰਬੋਧਨ ਕਰਦਿਆਂ ਕਿਹਾ, “ਸਾਨੂੰ ਭਾਵੇਂ ਇਸ ਦੌੜ ਵਿਚ ਕਮਜ਼ੋਰ ਸਮਝਿਆ ਜਾ ਰਿਹਾ ਹੈ ਪਰ ਇਹ ਜ਼ਮੀਨੀ ਪੱਧਰ ’ਤੇ ਇੱਕ ਲੋਕ ਕੇਂਦਰਿਤ ਪ੍ਰਚਾਰ ਮੁਹਿੰਮ ਹੈ।” ਰਾਸ਼ਟਰਪਤੀ ਅਹੁਦੇ ਲਈ ਆਪਣੀ ਉਮੀਦਵਾਰੀ ਦੇ ਅਧਿਕਾਰਿਤ ਐਲਾਨ ਮਗਰੋਂ ਫੰਡ ਜੁਟਾਉਣ ਸਬੰਧੀ ਪਹਿਲੀ ਮੁਹਿੰਮ ਵਿਚ ਹੈਰਿਸ ਨੇ ਸਮਰਥਕਾਂ ਨੂੰ ਕਿਹਾ ਕਿ ਇਹ ਚੋਣ ਦੇਸ਼ ਲਈ ਦੋ ਨਜ਼ਰੀਆਂ ਦਰਮਿਆਨ ਚੋਣ ਹੈ।



ਡੈਮੋਕਰੈਟ ਉਮੀਦਵਾਰ ਕਮਲਾ ਹੈਰਿਸ ਵੈਸਟਫੀਲਡ-ਬਾਰਨਜ਼ ਖੇਤਰੀ ਹਵਾਈ ਅੱਡੇ ਤੋਂ ਰਵਾਨਾ ਹੋਣ ਤੋਂ ਪਹਿਲਾਂ ਆਪਣੇ ਸਟਾਫ ਮੈਂਬਰਾਂ ਨਾਲ।

## ਅਮਰੀਕਾ ’ਚ ਅਪਰਾਧ, ਤਬਾਹੀ ਤੇ ਮੌਤ ਲੈ ਕੇ ਆਵੇਗੀ ਹੈਰਿਸ: ਟਰੰਪ

ਵਾਸ਼ਿੰਗਟਨ: ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟਿਕ ਪਾਰਟੀ ਦੀ ਆਪਣੀ ਵਿਰੋਧੀ ਕਮਲਾ ਹੈਰਿਸ ’ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਮੌਜੂਦਾ ਉਪ ਰਾਸ਼ਟਰਪਤੀ ਅਮਰੀਕਾ ਵਿਚ ਅਪਰਾਧ, ਅਰਾਜਕਤਾ, ਤਬਾਹੀ ਅਤੇ ਮੌਤ ਲੈ ਕੇ ਆਵੇਗੀ। ਇਸ ਸਾਲ ਦੇ ਅਖ਼ੀਰ ਵਿਚ ਹੋਣ ਵਾਲੀ ਰਾਸ਼ਟਰਪਤੀ ਚੋਣ ਵਿਚ ਸਿਰਫ਼ 100 ਦਿਨ ਬਚੇ ਹਨ। ਇਸ ਚੋਣ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟਰੰਪ ਨੇ ਇੱਕ ਰੈਲੀ ਦੌਰਾਨ ਹੈਰਿਸ ਨੂੰ ਮਿਨੀਸੋਟਾ ਵਿਚ ਬਾਇਡਨ ਤੋਂ ਵੀ ਖ਼ਰਾਬ ਕਰਾਰ ਦਿੱਤਾ। ਟਰੰਪ (78) ਨੇ ਕਿਹਾ, “ਅਤਿ-ਉਦਾਰਵਾਦੀ ਕਮਲਾ ਹੈਰਿਸ ਸਾਡੇ ਦੇਸ਼ ਵਿਚ ਅਪਰਾਧ, ਅਰਾਜਕਤਾ, ਤਬਾਹੀ ਅਤੇ ਮੌਤ ਲੈ ਕੇ ਆਵੇਗੀ। ਮੈਂ ਅਮਰੀਕਾ ਵਿਚ ਕਾਨੂੰਨ ਵਿਵਸਥਾ ਅਤੇ ਨਿਆਂ ਲੈ ਕੇ ਆਵਾਂਗਾ।”

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਿੱਖਾਂ ’ਚ ਵੋਟਾਂ ਬਣਾਉਣ ਦਾ ਮੱਠਾ ਰੁਝਾਨ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਗਾਮੀ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਿੱਖਾਂ ਦੀ ਗਿਣਤੀ ਪਿਛਲੀਆਂ ਚੋਣਾਂ ਮੁਕਾਬਲੇ ਲਗਪਗ ਅੱਧੀ ਰਹਿ ਗਈ ਹੈ। ਇਸ ਦਾ ਵੱਡਾ ਕਾਰਨ ਸਿੱਖਾਂ ਵਿਚ ਵੋਟਰ ਬਣਨ ਦਾ ਮੱਠਾ ਰੁਝਾਨ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਭਾਰਤ ਸਰਕਾਰ ਦੁਆਰਾ ਬਣਾਏ ਗਏ ਗੁਰਦੁਆਰਾ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ। ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਵਲੋਂ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ ਨੂੰ ਤਿੰਨ ਵਾਰ ਅੱਗੇ ਵਧਾਉਣ ਦੇ ਬਾਵਜੂਦ, 25 ਜੁਲਾਈ ਤੱਕ ਕੁੱਲ ਰਜਿਸਟਰਡ ਵੋਟਰਾਂ ਦੀ ਗਿਣਤੀ 27.87 ਲੱਖ ਹੈ, ਜਦੋਂਕਿ 2011 ਵਿਚ ਹੋਈਆਂ ਪਿੱਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲਗਪਗ 52 ਲੱਖ ਵੋਟਰ ਸਨ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚਲਾਏ ਮੁਫ਼ਤ ਸਿਖਲਾਈ ਸੈਂਟਰਾਂ ਦੇ ਸੀਨੀਅਰ ਸਿਵਲ ਜੱਜ ਵੱਲੋਂ ਉਦਘਾਟਨ





ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਸ਼ੁਰੂ ਕੀਤੀ ਗਈ ਹੈ। ਇਸ ਸਕੀਮ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਚ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਅਤੇ ਮੁਫ਼ਤ ਬਿਊਟੀ ਪਾਰਲਰ ਸੈਂਟਰ ਖੋਲ੍ਹੇ ਗਏ ਹਨ, ਜਿਨ੍ਹਾਂ ਦਾ ਉਦਘਾਟਨ ਡਾਕਟਰ ਗਗਨਦੀਪ ਕੌਰ (ਸਿਵਲ ਜੱਜ ਸੀਨੀਅਰ ਡਵੀਜ਼ਨ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਸ੍ਰੀ ਮੁਕਤਸਰ ਸਾਹਿਬ) ਵੱਲੋਂ ਆਪਣੇ ਕਰ-ਕਮਲਾਂ ਨਾਲ ਕੀਤਾ ਗਿਆ ਅਤੇ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਕਿਹਾ ਕਿ ਅਜਿਹੇ ਉਪਰਾਲੇ ਬੇਰੁਜ਼ਗਾਰ ਅਤੇ ਗਰੀਬ ਲੋਕਾਂ ਲਈ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕੋਰਸਾਂ ਨੂੰ ਕਰਨ ਉਪਰੰਤ ਨੌਜਵਾਨ ਅਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸਮਰੱਥ ਬਣਦੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਅਜਿਹੇ ਮੁਫ਼ਤ 9 ਸਿਖਲਾਈ ਸੈਂਟਰ (ਬਿਊਟੀ ਪਾਰਲਰ, ਕੰਪਿਊਟਰ ਸੈਂਟਰ, ਸਿਲਾਈ ਸੈਂਟਰ) ਚੱਲ ਰਹੇ ਹਨ ਅਤੇ ਪਿਛਲੇ ਸਮੇਂ ਦੌਰਾਨ ਸੈਂਕੜਿਆਂ ਦੀ ਗਿਣਤੀ ਵਿਚ ਨੌਜਵਾਨ ਲੜਕੇ ਲੜਕੀਆਂ ਇਨ੍ਹਾਂ ਸੈਂਟਰਾਂ ਤੋਂ ਸਿਖਲਾਈ ਲੈ ਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ। 6 ਮਹੀਨੇ ਦਾ ਕੋਰਸ ਪੂਰਾ ਕਰਨ ਉਪਰੰਤ ਆਈ.ਐੱਸ.ਓ. ਸਰਟੀਫਿਕੇਟ ਜਾਰੀ ਕੀਤੇ ਜਾਂਦੇ ਹਨ। ਸਿਖਲਾਈ ਦੌਰਾਨ ਕਿਸੇ ਵੀ ਸਿੱਖਿਆਰਥੀ ਤੋਂ ਕੋਈ ਵੀ ਫੀਸ ਨਹੀਂ ਲਈ ਜਾਂਦੀ। ਇਸ ਮੌਕੇ ਜੀਵਨ ਕੁਮਾਰ ਸਿੰਗਲਾ ਸੀਨੀਅਰ ਸਹਾਇਕ, ਜਸਪਾਲ ਸਿੰਘ ਰਿਟਾ. ਲੈਕਚਰਾਰ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਜਤਿੰਦਰ ਸਿੰਘ ਕੈਂਥ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਸੋਮਨਾਥ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਅਨੀਤਾ ਰਾਣੀ ਬਿਊਟੀ ਪਾਰਲਰ ਅਧਿਆਪਕ, ਰੇਣੂ ਸ਼ਰਮਾ ਸਿਲਾਈ ਅਧਿਆਪਕ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

## ਕੈਨੇਡਾ 'ਚ ਗੋਲੀਬਾਰੀ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ



ਵੈਨਕੂਵਰ, (ਪੰਜਾਬ ਮੇਲ)- ਕੈਨੇਡਾ 'ਚ ਗੋਲੀਬਾਰੀ ਦੌਰਾਨ 25 ਸਾਲਾ ਪੰਜਾਬੀ ਨੌਜਵਾਨ ਹਿਤਕਰਨ ਜੌਹਲ ਦੀ ਮੌਤ ਹੋ ਗਈ। ਸਾਊਥ ਵੈਨਕੂਵਰ ਦੇ ਫਰੇਜ਼ਰ ਸਟਰੀਟ 'ਤੇ ਹੋਈ ਗੋਲੀਬਾਰੀ 'ਚ ਡਰਾਈਵਰ ਅਤੇ 2 ਯਾਤਰੀਆਂ ਨੂੰ ਗੋਲੀ ਮਾਰ ਦਿੱਤੀ ਗਈ। ਡਰਾਈਵਰ ਦੀ ਬਾਂਹ 'ਤੇ ਗੋਲੀ ਲੱਗਣ ਨਾਲ ਸਾਹਮਣੇ ਵਾਲੇ ਯਾਤਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬਾਕੀ ਯਾਤਰੀ ਬਚ ਗਏ। ਸਾਰੇ ਯਾਤਰੀ ਇੰਡੋ ਕੈਨੇਡੀਅਨ ਸਨ।

ਵੀ.ਪੀ.ਡੀ. ਨੇ ਪੁਸ਼ਟੀ ਕੀਤੀ ਕਿ ਦੋ ਵਿਅਕਤੀਆਂ ਨੂੰ ਉਨ੍ਹਾਂ ਦੇ ਵਾਹਨ ਵਿਚ ਗੋਲੀ ਮਾਰ ਦਿੱਤੀ ਗਈ, ਫਿਰ ਉਹ ਕਾਰ ਦੋ ਹੋਰ ਵਾਹਨਾਂ ਨਾਲ ਟਕਰਾ ਗਈ। 25 ਸਾਲਾ ਹਿਤਕਰਨ ਜੌਹਲ ਦੀ ਮੌਕੇ 'ਤੇ ਹੀ ਮੌਤ ਹੋ ਗਈ, ਦੂਜੇ ਯਾਤਰੀ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ। ਕੁਝ ਬਲਾਕ ਦੂਰ ਇੱਕ ਬਲਦੀ ਕਾਰ ਮਿਲੀ। ਇਸ ਮਾਮਲੇ 'ਚ ਫਿਲਹਾਲ ਕੋਈ ਗ੍ਰਿਫ਼ਤਾਰੀ ਨਹੀਂ ਹੈ। ਪੁਲਿਸ ਵੱਲੋਂ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

# ਦੋ ਭਾਰਤੀ-ਅਮਰੀਕੀ ਨੇਤਾ ਕੈਲੀਫੋਰਨੀਆ ਯੂਥ ਕਮਿਸ਼ਨ 'ਚ ਨਿਯੁਕਤ





ਵਾਸ਼ਿੰਗਟਨ, (ਪੰਜਾਬ ਮੇਲ)- ਕੈਲੀਫੋਰਨੀਆ ਗਵਰਨਰ ਗੈਵਿਨ ਨਿਊਸਮ ਨੇ ਭਾਰਤੀ-ਅਮਰੀਕੀ ਨੇਤਾਵਾਂ ਰਾਜ ਭੂਟੋਰੀਆ ਅਤੇ ਅਵੰਤੀ ਰਾਮਰਾਜ ਨੂੰ ਆਪਣੇ ਯੂਥ ਸਸ਼ਕਤੀਕਰਨ ਕਮਿਸ਼ਨ ਵਿਚ ਨਿਯੁਕਤ ਕੀਤਾ ਹੈ। 2023 ਵਿਚ ਰਸਮੀ ਤੌਰ 'ਤੇ ਸਥਾਪਿਤ ਕੈਲੀਫੋਰਨੀਆ ਯੂਥ ਕਮਿਸ਼ਨ ਨਾਗਰਿਕਾਂ, ਖਾਸ ਤੌਰ 'ਤੇ ਅਲੱਗ-ਥਲੱਗ ਅਤੇ ਵਾਂਝੇ ਨੌਜਵਾਨਾਂ ਲਈ ਸਾਰਥਕ ਰੁਝੇਵੇਂ ਦੇ ਮੌਕੇ ਪ੍ਰਦਾਨ ਕਰਦਾ ਹੈ। ਭੂਟੋਰੀਆ 2023 ਤੋਂ ਸਨੈਪਰ ਕੰਪਨੀ ਦੇ 'ਚੀਫ਼ ਆਫ਼ ਸਟਾਫ' ਹਨ। ਉਹ ਪਹਿਲਾਂ 2022 ਤੋਂ 2023 ਤੱਕ 'ਐਕਸੈਂਚਰ' ਵਿਚ ਇੱਕ ਰਣਨੀਤੀ ਵਿਸ਼ਲੇਸ਼ਕ ਅਤੇ 2019 ਤੋਂ 2021 ਤੱਕ ਵਿੱਤੀ ਅਰਥ ਸ਼ਾਸਤਰ ਦੇ ਸੰਸਥਾਨ ਵਿਚ ਇੱਕ ਖੋਜੀ ਸੀ।

ਗਵਰਨਰ ਦੇ ਦਫ਼ਤਰ ਨੇ ਇੱਕ ਬਿਆਨ ਵਿਚ ਕਿਹਾ ਕਿ ਰਾਮਰਾਜ 2024 ਤੱਕ ਸੈਂਟਾ ਕਲਾਰਾ ਵਿਚ ਅੰਡਰਯੂਟੀਲਾਈਜ਼ਡ ਮੈਡੀਕੇਅਰ ਰੀਇਨਵੈਸਟਮੈਂਟ ਇਨੀਸ਼ੀਏਟਿਵ (SIRUM) ਵਿਚ ਇੰਟਰਨਿੰਗ ਕਰ ਰਿਹਾ ਹੈ। ਉਹ 2018 ਤੋਂ 2021 ਤੱਕ ਏਸ਼ੀਅਨ ਪੈਸੀਫਿਕ ਆਈਲੈਂਡਰ ਅਮਰੀਕਨ ਪਬਲਿਕ ਅਫੇਅਰਜ਼ ਐਸੋਸੀਏਸ਼ਨ ਵਿਚ ਇੱਕ ਇੰਟਰਨ ਸੀ ਅਤੇ 2020 ਵਿਚ ਕੈਲੀਫੋਰਨੀਆ ਡੈਮੋਕਰੇਟਿਕ ਫੰਡ-ਰੇਜ਼ਿੰਗ ਐਸੋਸੀਏਸ਼ਨ ਲਈ ਇੱਕ ਪ੍ਰਬੰਧਕ ਸੀ। ਉਹ 'ਸਟੈਨਫੋਰਡ ਵੂਮੈਨ ਇਨ ਮੈਡੀਸਨ ਐਗਜ਼ੀਕਿਊਟਿਵ ਬੋਰਡ' ਦੀ ਮੈਂਬਰ ਵੀ ਹੈ। ਭੁੱਟੋਰੀਆ ਨੇ ਇੱਕ ਬਿਆਨ ਵਿਚ ਕਿਹਾ ਕਿ ਕੈਲੀਫੋਰਨੀਆ ਯੂਥ ਏਮਪਾਵਰਮੈਂਟ ਕਮਿਸ਼ਨ ਦਾ ਕਮਿਸ਼ਨਰ ਬਣਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਸਨੇ ਕਿਹਾ, "ਕੈਲੀਫੋਰਨੀਆ ਦੇ ਨੌਜਵਾਨਾਂ ਦੇ ਜੀਵਨ ਵਿਚ ਅਸਲ ਵਿਚ ਤਬਦੀਲੀ ਲਿਆਉਣ ਦਾ ਇਹ ਇੱਕ ਵਿਲੱਖਣ ਮੌਕਾ ਹੈ।" ਇਹ ਕਮਿਸ਼ਨ ਰਾਜਪਾਲ, ਰਾਜ ਵਿਧਾਨ ਸਭਾ ਅਤੇ ਜਨਤਕ ਨਿਰਦੇਸ਼ਾਂ ਦੇ ਸੁਪਰਡੈਂਟ ਨੂੰ ਨੌਜਵਾਨਾਂ ਨਾਲ ਸਬੰਧਤ ਕਈ ਮੁੱਦਿਆਂ 'ਤੇ ਸਲਾਹ ਦਿੰਦਾ ਹੈ।

## ਗੁਰਦੁਆਰਿਆਂ 'ਚ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਜਲਦ ਫ਼ੈਸਲਾ ਕਰੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ, (ਪੰਜਾਬ ਮੇਲ)- ਗੁਰਦੁਆਰਿਆਂ 'ਚ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਜਲਦੀ ਫ਼ੈਸਲਾ ਕੀਤਾ ਜਾਵੇਗਾ। ਉਸ ਤੋਂ ਬਾਅਦ ਸਮੂਹ ਗੁਰਦੁਆਰਿਆਂ ਵਿਚ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਵਿਚ ਦੱਸੇ ਗਏ ਰੰਗਾਂ ਦੇ ਮੁਤਾਬਕ ਹੀ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਤੈਅ ਹੋਵੇਗਾ। ਇਸ ਸਬੰਧੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹਦਾਇਤ ਕੀਤੀ ਗਈ ਹੈ ਕਿ ਸਿੱਖ ਰਹਿਤ ਮਰਿਆਦਾ ਵਿਚ ਦੱਸੇ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਮੁਤਾਬਕ ਹੀ ਗੁਰਦੁਆਰਿਆਂ ਵਿਚ ਨਿਸ਼ਾਨ ਸਾਹਿਬ ਦਾ ਰੰਗ ਹੋਵੇ। ਰਹਿਤ ਮਰਿਆਦਾ ਦੇ ਮੁਤਾਬਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਖਾਲਸਾਈ ਅਤੇ ਸੁਰਮਈ ਦੱਸਿਆ ਗਿਆ ਹੈ ਪਰ ਅੱਜ-ਕੱਲ੍ਹ ਰੰਗਾਂ ਵਿਚ ਵੱਡੇ ਵਖਰੇਵੇਂ ਹਨ।









# ਸਿਨਸਿਨਾਟੀ ਦੇ ਸਿੱਖ ਭਾਈਚਾਰੇ ਵੱਲੋਂ ਇੰਟਰਫੇਥ ਸਮਾਗਮ 'ਚ ਸ਼ਮੂਲੀਅਤ

**ਸਿੱਖ ਧਰਮ 'ਚ ਸੇਵਾ ਅਤੇ ਲੰਗਰ ਦੀ ਮਹੱਤਤਾ ਸੰਬੰਧੀ ਸਾਂਝੀ ਕੀਤੀ ਜਾਣਕਾਰੀ**



ਫੋਟੋ ਸਰੋਤ : ਸਮੀਪ ਸਿੰਘ ਗੁਮਟਾਲਾ

**ਸਿਨਸਿਨਾਟੀ (ਓਹਾਇਓ), (ਪੰਜਾਬ ਮੇਲ)**- ਗੁਰੂ ਨਾਨਕ ਸੁਸਾਇਟੀ ਆਫ਼ ਗ੍ਰੇਟਰ ਸਿਨਸਿਨਾਟੀ ਅਤੇ ਡੇਟਨ ਤੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਹਾਲ ਹੀ ਵਿਚ ਸਿਨਸਿਨਾਟੀ, ਓਹਾਇਓ ਵਿਚ "ਦ ਐਪੀਸਕੋਪਲ ਚਰਚ ਆਫ਼ ਦਿ ਰੀਡੀਮਰ" ਵਿਖੇ ਆਯੋਜਿਤ "ਇੰਟਰਫੇਥ ਕੰਨਵਰਸੇਸ਼ਨ ਐਂਡ ਕੁਜ਼ੀਨ" ਸਮਾਗਮ ਵਿਚ ਹਿੱਸਾ ਲਿਆ। ਇਸ ਇਕੱਠ ਦਾ ਮੰਤਵ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਖਾਣੇ 'ਤੇ ਇਕੱਠੇ ਕਰਕੇ ਆਪਸ 'ਚ ਆਪਣੇ ਧਰਮ ਬਾਰੇ ਜਾਣਕਾਰੀ ਸਾਂਝੀ ਕਰਨਾ ਸੀ। ਇਸ ਸਮਾਗਮ ਵਿਚ ਸਿੱਖ ਭਾਈਚਾਰੇ ਤੋਂ ਇਲਾਵਾ ਜਿਊਜ਼ ਕਮਿਊਨਿਟੀ ਕੌਂਸਲ, ਹਿੰਦੂ ਟੈਂਪਲ ਆਫ ਗ੍ਰੇਟਰ ਸਿਨਸਿਨਾਟੀ, ਇਸਲਾਮਿਕ ਸੈਂਟਰ ਆਫ ਗ੍ਰੇਟਰ ਸਿਨਸਿਨਾਟੀ, ਬਹਾਈ ਅਤੇ ਹੋਰ ਧਰਮਾਂ ਦੇ ਮੈਂਬਰ ਸ਼ਾਮਲ ਸਨ।

ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਕਮਿਊਨਿਟੀ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਜਿਵੇਂ ਕਿ ਸੇਵਾ, ਕਿਰਤ ਕਰੋ, ਨਾਮ ਜਪੋ ਦੀ ਮਹੱਤਤਾ ਬਾਰੇ ਦੱਸਿਆ। ਗੁਮਟਾਲਾ ਨੇ ਕਿਹਾ ਕਿ ਵੱਖ-ਵੱਖ ਧਰਮਾਂ ਦੇ ਮੈਂਬਰਾਂ ਨੂੰ ਖਾਣੇ ਦੇ ਟੇਬਲਾਂ 'ਤੇ ਇਕੱਠੇ ਬਿਠਾਇਆ ਗਿਆ ਸੀ, ਤਾਂ ਜੋ ਉਹ ਇੱਕ-ਦੂਜੇ ਨਾਲ ਆਪਣੇ ਧਰਮ ਅਤੇ ਸੱਭਿਆਚਾਰ ਬਾਰੇ ਜਾਣਕਾਰੀ ਸਾਂਝੀ ਕਰ ਸਕਣ। ਉਨ੍ਹਾਂ ਕਿਹਾ, "ਇਹ ਦੇਖਣਾ ਬਹੁਤ ਉਤਸ਼ਾਹਜਨਕ ਹੈ ਕਿ ਹਰ ਉਮਰ ਦੇ ਲੋਕ ਇਸ ਸਮਾਗਮ ਦਾ ਹਿੱਸਾ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਏਕਤਾ ਬਣਾਉਣ ਅਤੇ ਕਾਇਮ ਰੱਖਣ ਲਈ ਅਜਿਹੇ ਸਮਾਗਮ ਬਹੁਤ ਮਹੱਤਤਾ ਰੱਖਦੇ ਹਨ।

ਹਾਈ ਸਕੂਲ ਅਤੇ ਕਾਲਜ 'ਚ ਪੜ੍ਹ ਰਹੇ ਸਿੱਖ ਨੌਜਵਾਨ ਕੀਰਤ ਸਿੰਘ, ਜਪਨੀਤ ਸਿੰਘ, ਮਾਨਿਤ ਸਿੰਘ ਅਤੇ ਮਿਹਰ ਕੌਰ ਨੇ ਵੀ ਹੋਰ ਧਰਮਾਂ ਦੇ ਮੈਂਬਰਾਂ ਨਾਲ ਸਰਗਰਮੀ ਨਾਲ ਸ਼ਮੂਲੀਅਤ ਕੀਤੀ। 10ਵੀਂ ਜਮਾਤ ਦੀ ਵਿਦਿਆਰਥਣ ਮਿਹਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਖਾਣੇ ਦੇ ਟੇਬਲ 'ਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ 'ਚ ਸੇਵਾ ਅਤੇ ਲੰਗਰ ਦੀ ਮਹੱਤਤਾ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਮੌਕੇ ਬੋਲਦਿਆਂ ਅਸੀਸ ਕੌਰ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕੱਠਾ ਕੀਤਾ ਅਤੇ ਉਨ੍ਹਾਂ ਦੇ ਧਰਪ ਤੇ ਹੋਰ ਪ੍ਰੰਪਰਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਮੌਕਾ ਦਿੱਤਾ।

ਸਿੱਖ ਭਾਈਚਾਰੇ ਦੇ ਮੈਂਬਰਾਂ ਵਿਚ ਡਾ: ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਹਰਵਿੰਦਰ ਸਿੰਘ ਅਤੇ ਰਸਪ੍ਰੀਤ ਕੌਰ ਵੀ ਸ਼ਾਮਲ ਸਨ। ਇਨ੍ਹਾਂ ਸਾਰੇ ਮਹਿਮਾਨਾਂ ਨੇ ਚਰਚ ਵੀ ਦੇਖਿਆ, ਜਿੱਥੇ ਉਨ੍ਹਾਂ ਨੂੰ ਰੇਵ. ਮੈਲਾਨੀ ਸਲੇਨ ਨੇ ਸਿਨਸਿਨਾਟੀ ਸਥਿਤ ਇਸ ਚਰਚ ਦੇ ਇਤਿਹਾਸ, ਹਫਤਾਵਾਰੀ ਪ੍ਰੋਗਰਾਮਾਂ 'ਚ ਬਾਈਬਲ ਤੋਂ ਦਿੱਤੇ ਜਾਂਦੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੱਤੀ।

ਗਿਆਨ ਭਰਪੂਰ ਵਿਚਾਰ-ਵਟਾਂਦਰੇ ਤੋਂ ਇਲਾਵਾ, ਮੈਂਬਰਾਂ ਨੇ ਉੱਥੇ ਮੌਜੂਦ ਵਿਭਿੰਨ ਸੱਭਿਆਚਾਰਾਂ ਦੀ ਨੁਮਾਇੰਦਗੀ ਕਰਦੇ ਹੋਏ ਕਈ ਮੁਲਕਾਂ ਦੇ ਕਈ ਤਰ੍ਹਾਂ ਦੇ ਪਕਵਾਨਾਂ

# ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਵੱਲੋਂ ਅਮਰੀਕਾ ਦੇ ਗੁਰੂ ਘਰਾਂ ਦੇ ਨਿਵਾਰਨ ਲਈ 7 ਮੈਂਬਰੀ ਕਮੇਟੀ ਨਿਯੁਕਤ



ਅਮਰੀਕ ਸਿੰਘ ਸ਼ਿਕਾਗੋ | ਜਸਪ੍ਰੀਤ ਸਿੰਘ ਅਟਾਰਨੀ | ਬੀਬੀ ਗੁਰਵਿੰਦਰ ਕੌਰ। | ਬਾਬਾ ਮੁਖਤਿਆਰ ਸਿੰਘ ਮੁਖੀ (ਇੰਡੀਆਨਾ) | ਗਿਆਨੀ ਰਣਜੀਤ ਸਿੰਘ ਨਿਊਯਾਰਕ | ਭਾਈ ਸ਼ਵਿੰਦਰ ਸਿੰਘ ਮੈਰੀਲੈਂਡ | ਅਜੇਪਾਲ ਸਿੰਘ ਨਿਊਯਾਰਕ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਵੱਲੋਂ ਅਮਰੀਕਾ ਦੇ ਗੁਰੂ ਘਰਾਂ ਦੇ ਨਿਵਾਰਨ ਲਈ ਧਾਰਮਿਕ/ ਮਰਿਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦਾ ਨਿਵਾਰਨ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਮੈਂਬਰੀ ਕਮੇਟੀ ਨਿਯੁਕਤ ਕੀਤੀ ਗਈ ਹੈ। ਇਹ ਸਬ-ਕਮੇਟੀ ਗੁਰੂ ਸਾਹਿਬ ਜੀ ਦੀ ਭੈਅ ਭਾਵਨੀ ਵਿਚ ਰਹਿੰਦਿਆਂ ਹੋਇਆਂ ਗੁਰਮਤਿ ਦੀ ਰੋਸ਼ਨੀ ਦੁਆਰਾ ਨਿਰਪੱਖਤਾ ਨਾਲ ਗੁਰੂ ਸਾਹਿਬ ਜੀ ਦੀ ਦਰਸਾਈ ਹੋਈ ਮਰਿਯਾਦਾ ਅਨੁਸਾਰ ਸੇਵਾ ਨਿਭਾਏਗੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਇਸ ਕਮੇਟੀ ਵਿਚ ਵਿਸ਼ੇਸ਼ ਤੌਰ 'ਤੇ ਬੀਬੀਆਂ ਨੂੰ ਵੀ ਸਤਿਕਾਰ ਦਿੰਦਿਆਂ ਹੋਇਆਂ ਇਸ ਸਬ-ਕਮੇਟੀ ਵਿਚ ਬੀਬੀ ਗੁਰਵਿੰਦਰ ਕੌਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਸਿੰਘ ਸਾਹਿਬ ਜੀ ਵੱਲੋਂ ਵਿਸ਼ੇਸ਼ ਤੌਰ 'ਤੇ ਇਸ ਸਬ ਕਮੇਟੀ ਦੇ ਕੋਆਰਡੀਨੇਸ਼ਨ ਦੀ ਸੇਵਾ ਨਿਭਾਉਣ ਲਈ ਭਾਈ ਸਵਿੰਦਰ ਸਿੰਘ ਮੈਰੀਲੈਂਡ ਨੂੰ ਸੌਂਪੀ ਗਈ ਹੈ ਅਤੇ ਜੋ ਸਮੇਂ-ਸਮੇਂ 'ਤੇ ਸਾਰੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਣਗੇ। ਬੀਤੇ ਦਿਨੀਂ ਇਸ ਕਮੇਟੀ ਦੇ ਮੈਂਬਰਾਂ ਨੇ ਪਹਿਲੀ ਮੀਟਿੰਗ 20 ਜੁਲਾਈ 2024 ਨੂੰ ਕੀਤੀ ਗਈ ਸੀ। ਸਮੂਹ ਮੈਂਬਰਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਸਮੂਹ ਕਮੇਟੀ ਮੈਂਬਰ ਖਾਲਸਾ ਪੰਥ ਦੀਆਂ ਰਹੁ-ਰੀਤਾਂ ਦੇ ਅਨੁਸਾਰ ਪੰਥਕ ਸੇਵਾਵਾਂ ਕਰ ਸਕਣ ਅਤੇ ਅਮਰੀਕਾ ਵਿਚ ਰਹਿੰਦੇ ਸਮੂਹ ਸਿੱਖਾਂ ਦਾ ਆਪਸੀ ਪਿਆਰ, ਸਦਭਾਵਨਾ ਅਤੇ ਏਕਤਾ ਰੱਖਣ ਵਿਚ ਆਪਣਾ ਯੋਗਦਾਨ ਪਾ ਸਕਣ। ਮੀਟਿੰਗ ਦੌਰਾਨ ਸਮੂਹ ਮੈਂਬਰਾਂਨ, ਜਿਨ੍ਹਾਂ ਵਿਚ ਉੱਘੇ ਗੁਰਸਿੱਖ ਨਾਮੀ ਵਕੀਲ ਜਸਪ੍ਰੀਤ ਸਿੰਘ (ਕੈਲੀਫੋਰਨੀਆ), ਭਾਈ ਸਵਿੰਦਰ ਸਿੰਘ ਜੀ (ਮੈਰੀਲੈਂਡ), ਭਾਈ ਰਣਜੀਤ ਸਿੰਘ ਜੀ (ਨਿਊਯਾਰਕ), ਬੀਬੀ ਗੁਰਵਿੰਦਰ ਕੌਰ ਜੀ (ਵਰਜੀਨੀਆ), ਬਾਬਾ ਮੁਖਤਿਆਰ ਸਿੰਘ ਜੀ ਮੁਖੀ (ਇੰਡੀਆਨਾ), ਸ. ਅਜੈਪਾਲ ਸਿੰਘ ਜੀ (ਨਿਊਯਾਰਕ), ਸ. ਅਮਰੀਕ ਸਿੰਘ ਜੀ (ਸ਼ਿਕਾਗੋ) ਦੇ ਨਾਂ ਸ਼ਾਮਲ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਸੈਨਫਰਾਂਸਿਸਕੋ ਮੈਰਾਥਨ 'ਚ 82 ਸਾਲਾ ਅਮਰੀਕੀ ਸਿੱਖ ਪਹਿਲੇ ਅਤੇ 70 ਸਾਲਾ ਅਮਰੀਕੀ ਸਿੱਖ ਹਾਫ ਮੈਰਾਥਨ ਵਿਚ ਤੀਜੇ ਸਥਾਨ 'ਤੇ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਸਾਨ ਫਰਾਂਸਿਸਕੋ ਵਿਚ 47ਵੀਂ ਸਾਨ ਫਰਾਂਸਿਸਕੋ ਮੈਰਾਥਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਦੁਨੀਆਂ ਭਰ ਦੇ ਲਗਭਗ 31000 ਐਥਲੀਟਾਂ ਨੇ ਭਾਗ ਲਿਆ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਮਨਟੀਕਾ ਦੇ 82 ਸਾਲਾ ਜੋਗਿੰਦਰ ਸਿੰਘ 5ਕੇ ਦੌੜ ਵਿਚ ਪਹਿਲੇ ਅਤੇ ਫਰਿਜ਼ਨੋ ਦੇ 70 ਸਾਲਾ ਹਰਭਜਨ ਸਿੰਘ ਹਾਫ ਮੈਰਾਥਨ (13.1 ਮੀਲ) ਵਿਚ ਤੀਜੇ ਸਥਾਨ 'ਤੇ ਰਹੇ।

ਇਨ੍ਹਾਂ ਮੁਕਾਬਲਿਆਂ ਵਿਚ ਮਨਟੀਕਾ, ਲੈਥਰੋਪ, ਬੇ ਏਰੀਆ, ਲਾਸ ਏਂਜਲਸ ਅਤੇ ਫਰਿਜ਼ਨੋ ਤੋਂ ਮਰਦ ਅਤੇ ਮਹਿਲਾ ਸਿੱਖ ਅਥਲੀਟਾਂ ਨੇ ਭਾਗ ਲਿਆ। ਕੈਲੀਫੋਰਨੀਆ ਦੇ ਸਿੱਖ ਅਥਲੀਟਾਂ ਵਿਚ ਰਜਿੰਦਰ ਸੇਖੋਂ, ਦਰਸ਼ਨ ਸਿੰਘ, ਕੁਲਵੰਤ ਗਿੱਲ, ਕੇਵਿਨ ਘੁੰਮਣ, ਜੋਗਿੰਦਰ ਸਿੰਘ, ਰਜਿੰਦਰ ਟਾਂਡਾ, ਕਮਲਜੀਤ ਸਿੰਘ, ਨਰਿੰਦਰ ਕੌਰ, ਜੋਤੀ ਕੌਰ ਬਰਾੜ, ਚਰਨ ਭੰਡਾਲ, ਹਰਭਜਨ ਸਿੰਘ ਤੇ ਹੋਰ ਸ਼ਾਮਲ ਸਨ। ਫਰਿਜ਼ਨੋ ਦੇ ਕੈਲ ਕੋਸਟ ਲਿਮੋਜ਼ਿਨ ਸਰਵਿਸਿਜ਼ ਦੇ ਹਰਜਿੰਦਰ ਕਲੀਰਾਏ ਅਤੇ ਗੁਰਸਿਮਰਨ ਕਲੀਰਾਏ ਨੇ ਕੈਲੀਫੋਰਨੀਆ ਦੇ ਸਿੱਖ ਐਥਲੀਟਾਂ ਲਈ ਸਾਨ ਫਰਾਂਸਿਸਕੋ ਤੱਕ ਮੁਫਤ ਲਿਮੋਜ਼ਿਨ ਰਾਈਡ ਨੂੰ ਸਪਾਂਸਰ ਕੀਤਾ।

ਖੇਡਾਂ ਅਤੇ ਐਥਲੈਟਿਕ ਮੁਕਾਬਲਿਆਂ ਵੱਲ ਖਾਸ ਕਰਕੇ ਬਜ਼ੁਰਗ ਸਿੱਖਾਂ ਦੀ ਭਾਗੀਦਾਰੀ ਅਤੇ ਰੁਚੀ ਵਧ ਰਹੀ ਹੈ। ਸਿਹਤਮੰਦ ਜੀਵਨ ਸ਼ੈਲੀ ਲਈ ਅਜਿਹੀਆਂ ਬਾਹਰੀ ਗਤੀਵਿਧੀਆਂ ਬਹੁਤ ਜ਼ਰੂਰੀ ਹਨ।

ਸਾਨ ਫਰਾਂਸਿਸਕੋ ਮੈਰਾਥਨ ਵੱਖ-ਵੱਖ ਸਥਾਨਕ ਅਤੇ ਰਾਸ਼ਟਰੀ ਗੈਰ-ਮੁਨਾਫ਼ਿਆਂ ਨੂੰ ਦਾਨ ਕਰਦਾ ਹੈ, ਜਿਸ ਵਿਚ ਅਲਜ਼ਾਈਮਰਜ਼ ਐਸੋਸੀਏਸ਼ਨ, ਅਮਰੀਕਾ ਸਕੋਰ ਬੇ ਏਰੀਆ, ਸਾਨ ਫਰਾਂਸਿਸਕੋ ਸੇਫਹਾਊਸ, ਸਿਲਵਰ ਚੈਰਿਟੀ ਪਾਰਟਨਰਜ਼, ਐਕਟਿਵ ਮਾਈਂਡਸ ਇੰਕ, ਫ੍ਰੈਂਡਜ਼ ਆਫ ਦਿ ਅਰਬਨ ਫਾਰੈਸਟ ਅਤੇ ਜੋਸੀ ਪਲੇਸ ਸ਼ਾਮਲ ਹਨ।

ਸ਼ਨੀਵਾਰ 26 ਜੁਲਾਈ ਅਤੇ ਐਤਵਾਰ 27 ਨੂੰ ਸਾਨ ਫਰਾਂਸਿਸਕੋ ਫੁੱਲ ਮੈਰਾਥਨ, ਹਾਫ-ਮੈਰਾਥਨ, ਅਲਟਰਾ ਮੈਰਾਥਨ, 5ਕੇ, 10ਕੇ ਅਤੇ ਹੋਰ ਸੰਬੰਧਿਤ ਈਵੈਂਟਸ ਨਾ ਸਿਰਫ ਕੈਲੀਫੋਰਨੀਆ ਦੇ ਲੋਕਾਂ ਲਈ, ਬਲਕਿ ਪੂਰੀ ਦੁਨੀਆਂ ਲਈ ਖਿੱਚ ਦਾ ਕੇਂਦਰ ਸਨ। ਇਸ ਸਾਲ ਇਨ੍ਹਾਂ ਮੈਰਾਥਨ ਦੌੜ ਦੌਰਾਨ ਮੌਸਮ ਬੱਦਲਵਾਈ ਵਾਲਾ ਅਤੇ ਥੋੜ੍ਹਾ ਠੰਢਾ ਸੀ।

# ਕੈਨੇਡਾ 'ਚ ਸੜਕ ਹਾਦਸੇ ਦੌਰਾਨ 3 ਪੰਜਾਬੀ ਹਲਾਕ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਉੱਤਰੀ ਸੂਬੇ ਨਿਊ ਬਰੰਜ਼ਵਿੱਕ ਵਿਚ ਸੜਕ ਹਾਦਸੇ 'ਚ ਪੰਜਾਬ ਤੋਂ ਸਟੱਡੀ ਵੀਜ਼ੇ 'ਤੇ ਆਈਆਂ ਦੋ ਲੜਕੀਆਂ ਤੇ ਇੱਕ ਲੜਕੇ ਦੀ ਮੌਤ ਹੋ ਗਈ। ਇਨ੍ਹਾਂ 'ਚ ਦੋ ਚਚੇਰੇ ਭੈਣ-ਭਰਾ ਸਨ। ਮ੍ਰਿਤਕਾਂ ਦੀ ਪਛਾਣ ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਵਾਸੀ ਮਲੌਦ, ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ (ਦੋਵੇਂ ਚਚੇਰੇ ਭੈਣ-ਭਰਾ) ਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ (24) ਪੁੱਤਰੀ ਭੁਪਿੰਦਰ ਸਿੰਘ ਵਾਸੀ ਸਮਾਣਾ ਵਜੋਂ ਹੋਈ ਹੈ।

ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਕੁਝ ਸਾਲ ਪਹਿਲਾਂ ਕੈਨੇਡਾ ਵਿਚ ਪੜ੍ਹਾਈ ਕਰਨ ਗਈ ਸੀ ਤੇ ਹੁਣ ਪੜ੍ਹਾਈ ਪੂਰੀ ਹੋਣ ਮਗਰੋਂ ਪੱਕੇ ਤੌਰ 'ਤੇ ਉੱਥੋਂ ਦੀ ਵਸਨੀਕ ਹੋ ਗਈ ਸੀ। ਉਸ ਦਾ ਚਚੇਰਾ ਭਰਾ ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ ਅਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ ਵਾਸੀ ਸਮਾਣਾ ਆਪਣੇ ਚੌਥੇ ਸਾਥੀ ਨਾਲ ਕਾਰ ਵਿਚ ਸਫਰ ਕਰ ਰਹੇ ਸੀ, ਤਾਂ ਹਾਈਵੇਅ 'ਤੇ ਟਾਇਰ ਫਟਣ ਨਾਲ ਬੇਕਾਬੂ ਹੋਈ ਕਾਰ ਪਲਟ ਗਈ ਤੇ ਇਸ ਹਾਦਸੇ 'ਚ ਉਪਰੋਕਤ ਤਿੰਨਾਂ ਨੌਜਵਾਨਾਂ ਦੀ ਮੌਤ ਹੋ ਗਈ, ਜਦਕਿ ਡਰਾਈਵਰ ਜ਼ਖ਼ਮੀ ਹੋ ਗਿਆ। ਨਵਜੋਤ ਸੋਮਲ ਤਿੰਨ ਮਹੀਨੇ ਪਹਿਲਾਂ ਹੀ ਕੈਨੇਡਾ ਪੜ੍ਹਨ ਗਿਆ ਸੀ। ਪੀੜਤ ਪਰਿਵਾਰ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮ੍ਰਿਤਕ ਨੌਜਵਾਨਾਂ ਦੀਆਂ ਦੇਹਾਂ ਵਾਪਸ ਲਿਆਉਣ 'ਚ ਮਦਦ ਕੀਤੀ ਜਾਵੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage) Call: +1-510-281-7065, WhatsApp: +91 98993 79442 Email: cjsingh55@gmail.com

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA


## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਗੁਲਾਬ ਚੰਦ ਕਟਾਰੀਆ ਪੰਜਾਬ ਦੇ ਨਵੇਂ ਰਾਜਪਾਲ ਨਿਯੁਕਤ

**ਚੰਡੀਗੜ੍ਹ/ਨਵੀਂ ਦਿੱਲੀ, (ਪੰਜਾਬ ਮੇਲ)**- ਅਸਾਮ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਪੰਜਾਬ ਦੇ ਨਵੇਂ ਰਾਜਪਾਲ ਹੋਣਗੇ। ਕਟਾਰੀਆ ਰਾਜਸਥਾਨ ਭਾਜਪਾ ਦੇ ਸੀਨੀਅਰ ਆਗੂ ਹਨ ਤੇ ਉਹ ਬਨਵਾਰੀ ਲਾਲ ਪੁਰੋਹਿਤ ਦੀ ਥਾਂ ਲੈਣਗੇ। ਪੁਰੋਹਿਤ ਨੇ 3 ਫਰਵਰੀ ਨੂੰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਵੀਕਾਰ ਕਰ ਲਿਆ ਹੈ। ਸ਼ਨਿੱਚਰਵਾਰ ਦੇਰ ਰਾਤ ਨੂੰ ਕੀਤੀਆਂ ਕੁਝ ਨਵੀਆਂ ਨਿਯੁਕਤੀਆਂ ਤੇ ਫੇਰਬਦਲ ਵਿਚ ਰਾਸ਼ਟਰਪਤੀ ਮੁਰਮੂ ਨੇ ਛੇ ਨਵੇਂ ਰਾਜਪਾਲਾਂ ਨੂੰ ਨਿਯੁਕਤ ਤੇ ਤਿੰਨ ਨੂੰ ਤਬਦੀਲ ਕੀਤਾ ਹੈ। ਮਹਾਰਾਸ਼ਟਰ ਅਸੈਂਬਲੀ ਦੇ ਸਾਬਕਾ ਸਪੀਕਰ ਹਰੀਭਾਊ ਕਿਸ਼ਨਰਾਓ ਬਾਗੜੇ ਨੂੰ ਰਾਜਸਥਾਨ ਦਾ ਰਾਜਪਾਲ ਜਦੋਂਕਿ

**■ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ 6 ਨਵੇਂ ਰਾਜਪਾਲਾਂ ਦੀ ਨਿਯੁਕਤੀ; ਤਿੰਨ ਰਾਜਪਾਲਾਂ ਨੂੰ ਤਬਦੀਲ ਕੀਤਾ**



ਗੁਲਾਬ ਚੰਦ ਕਟਾਰੀਆ

ਤ੍ਰਿਪੁਰਾ ਦੇ ਸਾਬਕਾ ਉਪ ਮੁੱਖ ਮੰਤਰੀ ਜਿਸ਼ਨੂ ਦੇਵ ਵਰਮਾ ਨੂੰ ਤਿਲੰਗਾਨਾ ਦਾ ਰਾਜਪਾਲ ਲਾਇਆ ਗਿਆ ਹੈ। ਸਾਬਕਾ ਰਾਜ ਸਭਾ ਮੈਂਬਰ ਓਮ ਪ੍ਰਕਾਸ਼ ਮਾਥੁਰ ਨੂੰ ਸਿੱਕਿਮ, ਸਾਬਕਾ ਕੇਂਦਰੀ ਮੰਤਰੀ ਸੰਤੋਸ਼ ਕੁਮਾਰ ਗੰਗਵਾਰ ਨੂੰ ਝਾਰਖੰਡ, ਅਸਾਮ ਤੋਂ ਸਾਬਕਾ ਲੋਕ ਸਭਾ ਮੈਂਬਰ ਰਮਨ ਡੇਕਾ ਨੂੰ ਛੱਤੀਸਗੜ੍ਹ, ਕਰਨਾਟਕ ਸਰਕਾਰ ’ਚ ਸਾਬਕਾ ਮੰਤਰੀ ਸੀ.ਐੱਚ. ਵਿਜੈਸ਼ੰਕਰ ਨੂੰ ਮੇਘਾਲਿਆ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਝਾਰਖੰਡ ਦੇ ਮੌਜੂਦਾ ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਮਹਾਰਾਸ਼ਟਰ ਤਬਦੀਲ ਕੀਤਾ ਗਿਆ ਹੈ। ਇਸੇ ਤਰ੍ਹਾਂ ਸਿੱਕਿਮ ਦੇ ਰਾਜਪਾਲ ਲਕਸ਼ਣ ਪ੍ਰਸਾਦ ਅਚਾਰੀਆ ਨੂੰ ਅਸਾਮ ਤਬਦੀਲ ਕਰਨ ਦੇ ਨਾਲ ਮਨੀਪੁਰ ਦੇ ਰਾਜਪਾਲ ਦਾ ਵਧੀਕ ਚਾਰਜ ਵੀ ਦਿੱਤਾ ਗਿਆ ਹੈ। ਸਾਬਕਾ ਆਈ.ਏ.ਐੱਸ. ਅਧਿਕਾਰੀ ਕੇ. ਕੈਲਾਸ਼ਨਾਥਨ ਨੂੰ ਪੁੱਡੂਚੇਰੀ ਦਾ ਰਾਜਪਾਲ ਲਾਇਆ ਗਿਆ ਹੈ।

# ਪੰਜਾਬ ਪੁਲਿਸ ਵੱਲੋਂ ਕੌਮਾਂਤਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼, 2 ਨਸ਼ਾ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਪੁਲਿਸ ਨੇ ਇਕ ਕੌਮਾਂਤਰੀ ਡਰੱਗ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੇ ਕਬਜ਼ੇ ’ਚੋਂ 1 ਕਰੋੜ ਰੁਪਏ ਤੋਂ ਵੱਧ ਦੀ ਨਗ਼ਦੀ ਬਰਾਮਦ ਕੀਤੀ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਮੁਲਜ਼ਮ ਵਿਦੇਸ਼ ਬੈਠੇ ਦੋ ਨਸ਼ਾ ਤਸਕਰਾਂ ਲਈ ਕੰਮ ਕਰਦੇ ਸਨ। ਯਾਦਵ ਨੇ ਐਕਸ ’ਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਾਬੂ ਕੀਤੇ ਨਸ਼ਾ ਤਸਕਰਾਂ ਦੀ ਪਛਾਣ ਗੁਰਜੰਟ ਸਿੰਘ ਭੋਲੂ ਤੇ ਕਿੰਦਰਬੀਰ ਸਿੰਘ ਉਰਫ਼ ਸੰਨੀ ਦਿਆਲ ਵਜੋਂ

**■ 1 ਕਰੋੜ ਰੁਪਏ ਤੋਂ ਵੱਧ ਦੀ ਡਰੱਗ ਮਨੀ ਬਰਾਮਦ**

ਦੱਸੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੇ ਸਟੇਟ ਸਪੈਸ਼ਲ ਸੈੱਲ ਨੇ ਕਾਬੂ ਕੀਤੇ ਦੋਵਾਂ ਨਸ਼ਾ ਤਸਕਰਾਂ ਤੇ ਉਨ੍ਹਾਂ ਦੇ ਵਿਦੇਸ਼ ਬੈਠੇ ਆਕਾਵਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਡੀ.ਜੀ.ਪੀ. ਨੇ ਕਿਹਾ ਕਿ ਮੁਲਜ਼ਮਾਂ ਕੋਲੋਂ 1.07 ਕਰੋੜ ਰੁਪਏ ਦੀ ਡਰੱਗ ਮਨੀ, ਨੋਟ ਗਿਣਨ ਵਾਲੀ ਮਸ਼ੀਨ, ਇਕ ਕਾਰ ਤੇ ਦੋ ਮੋਬਾਈਲ ਫੋਨ ਬਰਾਮਦ ਕੀਤੇ ਹਨ।




# ਮੋਦੀ ਸਰਕਾਰ ਵੱਲੋਂ ਜਾਰੀ ਨਵੇਂ ਬਣੇ ਗਵਰਨਰਾਂ ਦੀ ਲਿਸਟ ’ਚ ਕਿਸੇ ਸਿੱਖ ਨੂੰ ਨਹੀਂ ਮਿਲੀ ਥਾਂ!



**ਲੁਧਿਆਣਾ, (ਪੰਜਾਬ ਮੇਲ)**- ਦੇਸ਼ ਵਿਚ ਰਾਜ ਕਰਦੀ ਐੱਨ.ਡੀ.ਏ. ਦੀ ਮੋਦੀ ਸਰਕਾਰ ਨੇ ਅੱਧੀ ਦਰਜਨ ਤੋਂ ਵੱਧ ਸੂਬਿਆਂ ਦੇ ਜਿਵੇਂ ਪੰਜਾਬ, ਰਾਜਸਥਾਨ, ਝਾਰਖੰਡ, ਛੱਤੀਸਗੜ੍ਹ, ਮਹਾਰਾਸ਼ਟਰ, ਮੇਘਾਲਿਆ ਦੇ ਗਵਰਨਰ ਨਵੇਂ ਜਾਂ ਅਦਲਾ-ਬਦਲੀ ਕਰਕੇ ਲਗਾਏ ਗਏ ਹਨ। ਇਸ ਤਾਜ਼ੀ ਜਾਰੀ ਲਿਸਟ ਵਿਚ ਕੋਈ ਵੀ ਸਿੱਖ ਪਗੜੀਧਾਰੀ ਗਵਰਨਰ ਚਿਹਰਾ ਨਾ ਹੋਣ ’ਤੇ ਸਿਆਸੀ ਹਲਕਿਆਂ ਵਿਚ ਖਾਸ ਕਰਕੇ ਸਿੱਖ ਹਲਕਿਆਂ ’ਚ ਇਸ ਗੱਲ ਦੀ ਚਰਚਾ ਹੋ ਰਹੀ ਹੈ। ਤੀਜੀ ਵਾਰ ਮੋਦੀ ਸਰਕਾਰੀ ਨੇ ਵੱਖ-ਵੱਖ ਸੂਬਿਆਂ ’ਚ ਗਵਰਨਰ ਲਗਾਉਣ ਮੌਕੇ ਸ਼ਾਇਦ ਕੋਈ ਐਸਾ ਸਿੱਖ ਨਹੀਂ ਲੱਭਿਆ, ਜਿਸ ਦੇ ਮੂੰਹ ਨੂੰ ਗਵਰਨਰੀ ਦਾ ਛੁਹਾਰਾ ਲੱਗ ਸਕੇ, ਜਦੋਂਕਿ ਭਾਜਪਾ ’ਚ ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਅਟਵਾਲ, ਫ਼ਤਿਹ ਸਿੰਘ ਬਾਜਵਾ, ਮਨਪ੍ਰੀਤ ਸਿੰਘ ਬਾਦਲ, ਮਨਜਿੰਦਰ ਸਿੰਘ ਸਿਰਸਾ, ਮਹਾਰਾਣੀ ਪ੍ਰਨੀਤ ਕੌਰ, ਤਰਨਜੀਤ ਸਿੰਘ ਸੰਧੂ ਤੋਂ ਇਲਾਵਾ ਹੋਰ ਕਈ ਸਿੱਖ ਆਗੂ ਭਾਜਪਾ ਵਿਚ ਸ਼ਾਮਲ ਹਨ। ਇਥੇ ਦੱਸਣਾ ਉਚਿਤ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਗਵਰਨਰ ਬਣਨ ਦੀਆਂ ਕਈ ਵਾਰ ਖਬਰਾਂ ਵੀ ਉੱਡ ਚੁੱਕੀਆਂ ਹਨ ਪਰ ਹੁਣ ਤਾਜ਼ੀ ਜਾਰੀ ਹੋਈ ਲਿਸਟ ਵਿਚ ਕਿਸੇ ਸਿੱਖ ਚਿਹਰੇ ਦਾ ਗਵਰਨਰ ਨਾ ਹੋਣ ’ਤੇ ਭਾਜਪਾ ਵਿਚ ਗਏ ਸਿੱਖ ਨੇਤਾ ਇਕ-ਦੂਜੇ ਦੇ ਮੂੰਹ ਵੱਲ ਦੇਖ ਰਹੇ ਹਨ।

# ਕੈਨੇਡਾ ’ਚ ਫਿਰੌਤੀ ਮਾਮਲੇ ’ਚ ਸ਼ਾਮਲ 6 ਭਾਰਤੀ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)**- ਕੈਨੇਡੀਅਨ ਪੁਲਿਸ ਨੇ ਪ੍ਰੋਜੈਕਟ ਗੈਸਲਾਈਟ ਵਜੋਂ ਜਾਣੇ ਜਾਂਦੇ ਇੱਕ ਜਬਰੀ ਵਸੂਲੀ ਰਿੰਗ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਭਾਰਤੀ ਮੂਲ ਦੇ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਵਿਚ ਸੱਤਵੇਂ ਸ਼ੱਕੀ ਖ਼ਿਲਾਫ਼ ਦੇਸ਼ ਵਿਚ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀਆਂ ਐਡਮਿੰਟਨ ਖੇਤਰ ਵਿਚ ਦੱਖਣੀ ਏਸ਼ੀਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਜ਼ਬਰਦਸਤੀ ਯੋਜਨਾ ਦੇ ਸਬੰਧ ਵਿਚ ਕੀਤੀਆਂ ਗਈਆਂ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਜਸ਼ਨਦੀਪ ਕੌਰ (19), ਗੁਰਕਰਨ ਸਿੰਘ (19), ਮਾਨਵ ਹੀਰ (19), ਪਰਮਿੰਦਰ ਸਿੰਘ (21), ਦੀਵਾਨੂਰ ਆਸ਼ਟ (19) ਅਤੇ ਇੱਕ 17 ਸਾਲਾ ਮੁੰਡਾ ਸ਼ਾਮਲ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ’ਤੇ ਕਈ ਗੰਭੀਰ ਅਪਰਾਧਿਕ ਦੋਸ਼ ਹਨ। ਸੱਤ ਮੁਲਜ਼ਮਾਂ ਖ਼ਿਲਾਫ਼ ਕੁੱਲ 54 ਦੋਸ਼ ਲਾਏ ਗਏ ਹਨ।

ਐਡਮਿੰਟਨ ਪੁਲਿਸ ਸਰਵਿਸ (ਈ.ਪੀ.ਐੱਸ.) ਵਰਤਮਾਨ ਵਿਚ ਇਸ ਜਬਰੀ ਵਸੂਲੀ ਦੀ ਲੜੀ ਨਾਲ ਸਬੰਧਤ 40 ਘਟਨਾਵਾਂ ਦੀ ਜਾਂਚ ਕਰ ਰਹੀ ਹੈ, ਜਿਨ੍ਹਾਂ ਵਿਚੋਂ ਸਭ ਤੋਂ ਤਾਜ਼ਾ ਕਾਵਨਾਗ ਇਲਾਕੇ ਵਿਚ ਇੱਕ ਅਪਾਰਟਮੈਂਟ ਬਿਲਡਿੰਗ ਵਿਚ ਅੱਗ ਲੱਗਣ ਦੀ ਘਟਨਾ ਹੈ। 25 ਜੁਲਾਈ ਨੂੰ ਐਡਮਿੰਟਨ ਪੁਲਿਸ ਸਰਵਿਸ ਅਤੇ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਅਫਸਰਾਂ ਨੇ ਦੱਖਣ-ਪੂਰਬੀ ਐਡਮੰਟਨ ਵਿਚ ਛੇ ਸਥਾਨਾਂ ’ਤੇ ਖੋਜ ਵਾਰੰਟ ਲਾਗੂ ਕੀਤੇ, ਨਤੀਜੇ ਵਜੋਂ ਪੰਜ ਮਰਦਾਂ ਅਤੇ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਐਡਮਿੰਟਨ ਖੇਤਰ ਵਿਚ ਦੱਖਣੀ ਏਸ਼ੀਆਈ ਕਾਰੋਬਾਰੀ ਮਾਲਕਾਂ

**■ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ’ਤੇ ਕਈ ਗੰਭੀਰ ਅਪਰਾਧਿਕ ਦੋਸ਼**




ਨੂੰ ਨਿਸ਼ਾਨਾ ਬਣਾਉਣ ਵਾਲੀ ਜਬਰੀ ਵਸੂਲੀ ਦੀ ਯੋਜਨਾ ਵਿਚ ਸ਼ਾਮਲ ਮੰਨੇ ਜਾਂਦੇ ਹਨ।

ਐਡਮਿੰਟਨ ਪੁਲਿਸ ਸਰਵਿਸ ਆਰਗੇਨਾਈਜ਼ਡ ਕ੍ਰਾਈਮ ਬ੍ਰਾਂਚ ਦੇ ਕਾਰਜਕਾਰੀ ਇੰਸਪੈਕਟਰ ਡੇਵਿਡ ਪੈਟਨ ਨੇ ਕਿਹਾ, “ਸਾਡੇ ਜਾਂਚਕਰਤਾਵਾਂ ਨੇ ਸਮੀਖਿਆ ਕੀਤੀ। ਜਾਣਕਾਰੀ ਤੋਂ ਇਹ ਸ਼ਾਇਦ ਈ.ਪੀ.ਐੱਸ. ਦੇ ਇਤਿਹਾਸ ਵਿਚ ਸਭ ਤੋਂ ਵੱਡੀ ਜਾਂਚ ਸੀ, ਜਿਸ ਦੇ ਨਤੀਜੇ ਵਜੋਂ ਸਾਰੇ ਮੁਲਜ਼ਮਾਂ ਖ਼ਿਲਾਫ਼ ਠੋਸ ਦੋਸ਼ ਲਗਾਏ ਗਏ।” ਉਸਨੇ ਕਿਹਾ, “ਸਾਡਾ ਮੰਨਣਾ ਹੈ ਕਿ ਪਛਾਣੇ ਗਏ ਵਿਅਕਤੀ ਇਸ ਅਪਰਾਧਿਕ ਨੈੱਟਵਰਕ ਦੇ ਮੁੱਖ ਮੈਂਬਰਾਂ ਨੂੰ ਦਰਸਾਉਂਦੇ ਹਨ; ਹਾਲਾਂਕਿ, ਅਸੀਂ ਜਾਣਦੇ ਹਾਂ ਕਿ ਧਾਲੀਵਾਲ ਸਰਗਰਮੀ ਨਾਲ ਹੋਰ ਨੌਜਵਾਨਾਂ ਦੀ ਭਰਤੀ ਕਰ ਰਿਹਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਮਾਪੇ, ਖਾਸ ਤੌਰ ’ਤੇ ਦੱਖਣੀ ਏਸ਼ੀਆਈ ਭਾਈਚਾਰਾ ਜਾਗਰੂਕ ਰਹੇ ਅਤੇ ਆਪਣੇ ਨੌਜਵਾਨ ਬਾਲਗਾਂ ਨਾਲ ਜਬਰੀ ਵਸੂਲੀ ਅਤੇ ਅੱਗਜ਼ਨੀ ਬਾਰੇ ਗੱਲਬਾਤ ਕਰਨ।” 34 ਸਾਲਾ ਮਨਿੰਦਰ ਸਿੰਘ ਧਾਲੀਵਾਲ ਲਈ ਕੈਨੇਡਾ-ਵਿਆਪੀ ਵਾਰੰਟ ਜਾਰੀ ਕੀਤੇ ਗਏ ਹਨ, ਜਿਸ ’ਤੇ ਫਿਰੌਤੀ ਲਈ ਜ਼ਿੰਮੇਵਾਰ ਅਪਰਾਧਿਕ ਸੰਗਠਨ ਦਾ ਆਗੂ ਹੋਣ ਦਾ ਦੋਸ਼ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.

Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।









# ਸੱਭਿਆਚਾਰਕ ਸੱਥ ਪੰਜਾਬ ਵੱਲੋਂ ਉੱਘੇ ਫਿਲਮ ਕਲਾਕਾਰ ਹੌਬੀ ਧਾਲੀਵਾਲ ਦਾ ਸਨਮਾਨ



**ਲੁਧਿਆਣਾ, (ਪੰਜਾਬ ਮੇਲ)**- 'ਵਿਸ਼ਵ ਪੰਜਾਬਣ' ਦਾ ਵੱਕਾਰੀ ਮੁਕਾਬਲਾ ਕਰਾਉਣ ਵਾਲੀ ਨਾਮੀ ਸੰਸਥਾ ਸੱਭਿਆਚਾਰਕ ਸੱਥ ਪੰਜਾਬ ਵੱਲੋਂ ਸੱਥ ਦੇ ਦਫ਼ਤਰ ਵਿਚ ਉੱਘੇ ਫਿਲਮ ਕਲਾਕਾਰ ਹੌਬੀ ਧਾਲੀਵਾਲ ਦਾ ਸਨਮਾਨ ਕੀਤਾ ਗਿਆ। ਸੰਖੇਪ ਪਰ ਪ੍ਰਭਾਵਸਾਲੀ ਸਨਮਾਨ ਸਮਾਗਮ ਵਿਚ ਸੱਭਿਆਚਾਰ ਅਤੇ ਸਾਹਿਤ ਨਾਲ ਜੁੜੀਆਂ ਮਾਣਮੱਤੀਆਂ ਸ਼ਖ਼ਸੀਅਤਾਂ ਨੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਇਸ ਸਮੇਂ ਹੌਬੀ ਧਾਲੀਵਾਲ ਨੂੰ ਸੱਥ ਵੱਲੋਂ ਖ਼ੂਬਸੂਰਤ ਯਾਦਗਾਰੀ ਚਿੰਨ੍ਹ ਅਤੇ ਫੁਲਕਾਰੀ ਪ੍ਰਦਾਨ ਕੀਤੇ ਗਏ।

ਸੱਭਿਆਚਾਰਕ ਸੱਥ ਦੇ ਚੇਅਰਮੈਨ ਸਰਦਾਰ ਜਸਮੇਰ ਸਿੰਘ ਢੱਟ ਨੇ ਆਪਣੇ ਸਵਾਗਤੀ ਸ਼ਬਦਾਂ ਨਾਲ ਹੌਬੀ ਧਾਲੀਵਾਲ ਨੂੰ ਸਿਰਫ ਪੰਜਾਬੀਆਂ ਦਾ ਚਹੇਤਾ ਕਲਾਕਾਰ ਹੀ ਨਹੀਂ, ਸਗੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਬਰਦਾਰ ਐਲਾਨਿਆ। ਉਨ੍ਹਾਂ ਕਿਹਾ ਕਿ ਧਾਲੀਵਾਲ ਦੀ ਸ਼ਮੂਲੀਅਤ ਵਾਲੀ ਫਿਲਮ ਪੰਜਾਬੀਆਂ ਦੇ ਰੋਹਬਦਾਰ ਅਤੇ ਦਮਦਾਰ ਕਿਰਦਾਰਾਂ ਦੀ ਝਲਕ ਨਜ਼ਰੀਂ ਪੈਂਦੀ ਹੈ। ਸੱਥ ਦੇ ਸਕੱਤਰ ਜਨਰਲ ਉਘੇ ਰੰਗਕਰਮੀ ਡਾ. ਨਿਰਮਲ ਜੌੜਾ ਨੇ ਹੌਬੀ ਧਾਲੀਵਾਲ ਦੀ ਲੰਮੀ ਫਿਲਮੀ ਪਾਰੀ ਨਾਲ ਜੁੜੇ ਮੁੱਦਿਆਂ ਦਾ ਬਾਤ ਪਾਈ। ਉਨ੍ਹਾਂ ਪੰਜਾਬੀ ਫਿਲਮਾਂ ਨੂੰ ਫਿਰ ਤੋਂ ਸਨਮਾਨਜਨਕ ਪਾਏਦਾਨ 'ਤੇ ਪਹੁੰਚਾਉਣ ਲਈ ਧਾਲੀਵਾਲ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਸਮਾਗਮ ਵਿਚ ਕੈਨੇਡਾ ਦੇ ਕੈਲਗਰੀ ਤੋਂ ਉੱਘੇ ਮੀਡੀਆ ਕਰਮੀ ਕੁਮਾਰ ਸ਼ਰਮਾ ਅਤੇ ਐਡਮਿੰਟਨ ਤੋਂ ਵੱਡੇ ਖੇਡ ਪ੍ਰੋਮੋਟਰ ਇੰਦਰਜੀਤ ਮੁੱਲਾਂਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ।

ਹੌਬੀ ਧਾਲੀਵਾਲ ਨੇ ਆਪਣੇ ਸੰਬੋਧਨ ਵਿਚ ਸੱਥ ਵੱਲੋਂ ਕਰਵਾਏ ਜਾਂਦੇ ਮਿਸ ਵਰਲਡ ਪੰਜਾਬਣ ਮੁਕਾਬਲਿਆਂ ਦੀ ਭਰਵੀਂ ਪ੍ਰਸ਼ੰਸਾ ਕੀਤੀ ਅਤੇ ਮਹਿਸੂਸ ਕੀਤਾ ਕਿ ਅਜੋਕੇ ਸਮੇਂ ਵਿਚ ਇਸ ਤਰ੍ਹਾਂ ਦੇ ਮੁਕਾਬਲੇ ਕਰਾਉਣੇ ਬਹੁਤ ਚੁਣੌਤੀਆਂ ਭਰਪੂਰ ਕਾਰਜ ਹਨ। ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੱਕ ਇਹ ਵਿਲੱਖਣ ਮੁਕਾਬਲਾ ਕਰਵਾਉਣਾ ਸ. ਢੱਟ ਦੇ ਦ੍ਰਿੜ੍ਹ ਇਰਾਦੇ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਜਨੂੰਨ ਦਾ ਇਜ਼ਹਾਰ ਹੈ। ਉਨ੍ਹਾਂ ਆਪਣੇ ਛੁਪੇ ਗੁਣ ਨੂੰ ਉਜਾਗਰ ਕਰਦਿਆਂ ਦੋ ਗੀਤ ਗਾ ਕੇ ਹਾਜ਼ਰੀਨ ਨੂੰ ਮੰਤਰ-ਮੁਗਧ ਕਰ ਦਿੱਤਾ।

ਧੰਨਵਾਦੀ ਸ਼ਬਦ ਜਗਜੀਤ ਸਿੰਘ ਲੋਹਟਬੱਦੀ ਨੇ ਕਹੇ। ਉਨ੍ਹਾਂ ਹੌਬੀ ਧਾਲੀਵਾਲ ਅਤੇ ਵਿਦੇਸ਼ਾਂ ਤੋਂ ਪਹੰਚੇ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ ਅਤੇ ਦੱਸਿਆ ਕਿ ਧਾਲੀਵਾਲ ਨੂੰ ਸਨਮਾਨਿਤ ਕਰਕੇ ਸੱਥ ਮਾਣ ਮਹਿਸੂਸ ਕਰ ਰਹੀ ਹੈ। ਇਸ ਸਮੇਂ ਕੁਮਾਰ ਸ਼ਰਮਾ, ਇੰਦਰਜੀਤ ਮੁੱਲਾਂਪੁਰ ਤੋਂ ਇਲਾਵਾ ਸ. ਜਤਿੰਦਰਪਾਲ ਸਿੰਘ ਹੈਪੀ, ਰਿਸ਼ੀ ਇੰਡਸਟਰੀਜ਼ ਦੇ ਮਾਲਕ ਜਸਵਿੰਦਰ ਰਿਸ਼ੀ, ਗੁਰਮਿੰਦਰ ਸਿੰਘ ਟਿੱਕਾ, ਉੱਘੇ ਕਾਰੋਬਾਰੀ ਸੈਮੀ ਉਬਰਾਏ ਅਤੇ ਹੋਰ ਪਤਵੰਤੇ ਹਾਜ਼ਰ ਸਨ।

## ਦਿੱਲੀ ਏਅਰਪੋਰਟ 'ਤੇ ਲੋਕਾਂ ਨੂੰ ਜਾਅਲੀ ਵੀਜ਼ਿਆਂ 'ਤੇ ਕੈਨੇਡਾ ਭੇਜਣ ਵਾਲਾ ਏਜੰਟ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਆਈ.ਜੀ.ਆਈ. ਏਅਰਪੋਰਟ ਪੁਲਿਸ ਨੇ ਪੰਜਾਬ ਦੇ ਇਕ ਏਜੰਟ ਨੂੰ ਗ੍ਰਿਫਤਾਰ ਕੀਤਾ ਹੈ, ਜੋ ਨੌਜਵਾਨਾਂ ਕੋਲੋਂ ਮੋਟੇ ਪੈਸੇ ਲੈ ਕੇ ਉਨ੍ਹਾਂ ਨੂੰ ਮਲੇਸ਼ੀਆ, ਗੁਆਟੇਮਾਲਾ ਅਤੇ ਨੀਦਰਲੈਂਡ ਦੇ ਰਸਤਿਓਂ ਕੈਨੇਡਾ ਭੇਜਦਾ ਸੀ। ਡੀ.ਸੀ.ਪੀ. ਊਸ਼ਾ ਰੰਗਨਾਨੀ ਨੇ ਦੱਸਿਆ ਕਿ 23 ਜੁਲਾਈ ਨੂੰ ਅੰਬਾਲਾ ਦਾ ਰਹਿਣ ਵਾਲਾ ਗੁਰਜਸ ਸਿੰਘ ਨੀਦਰਲੈਂਡ ਤੋਂ ਡਿਪੋਰਟ ਹੋ ਕੇ ਦਿੱਲੀ ਦੇ ਆਈ.ਜੀ.ਆਈ. ਏਅਰਪੋਰਟ 'ਤੇ ਪਹੁੰਚਿਆ।

ਉਸ ਦੇ ਦਸਤਾਵੇਜ਼ਾਂ ਦੀ ਜਾਂਚ ਦੌਰਾਨ ਉਸ ਦੇ ਪਾਸਪੋਰਟ 'ਤੇ ਗੁਆਟੇਮਾਲਾ ਦਾ ਜਾਅਲੀ ਵੀਜ਼ਾ ਚਿਪਕਿਆ ਹੋਇਆ ਪਾਇਆ ਗਿਆ ਕਿਉਂਕਿ ਉਸ ਨੇ ਜਾਅਲੀ ਵੀਜ਼ੇ ਵਾਲੇ ਪਾਸਪੋਰਟ 'ਤੇ ਯਾਤਰਾ ਕਰਕੇ ਭਾਰਤੀ ਇਮੀਗ੍ਰੇਸ਼ਨ ਨੂੰ ਧੋਖਾ ਦਿੱਤਾ ਸੀ, ਇਸ ਲਈ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ। ਪੁਲਿਸ ਨੇ ਕਾਨੂੰਨੀ ਕਾਰਵਾਈ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਇਹ ਪਾਸਪੋਰਟ ਉਸ ਨੂੰ ਧਰਮਪ੍ਰੀਤ ਨੇ ਦਿਵਾਇਆ ਸੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕੈਨੇਡਾ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਲਈ ਨਿਯਮਾਂ 'ਚ ਬਦਲਾਅ

- ਨਵੇਂ ਅਧਿਐਨ ਪਰਮਿਟਾਂ ਦੀ ਗਿਣਤੀ 'ਤੇ ਦੋ ਸਾਲ ਦੀ ਅਸਥਾਈ ਸੀਮਾ ਲਗਾਈ
- ਭਾਰਤੀ ਹੋਣਗੇ ਸਭ ਤੋਂ ਜ਼ਿਆਦਾ ਪ੍ਰਭਾਵਿਤ

**ਓਟਾਵਾ, (ਪੰਜਾਬ ਮੇਲ)** ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਨੂੰ ਲੈ ਕੇ ਕੈਨੇਡਾ ਨੇ ਵੱਡਾ ਐਲਾਨ ਕੀਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 2024 ਤੋਂ ਨਵੇਂ ਅਧਿਐਨ ਪਰਮਿਟਾਂ ਦੀ ਗਿਣਤੀ 'ਤੇ ਦੋ ਸਾਲ ਦੀ ਅਸਥਾਈ ਸੀਮਾ ਲਗਾ ਦਿੱਤੀ ਹੈ। 2024 ਲਈ ਸਿਰਫ਼ 3,64,000 ਸਟੱਡੀ ਪਰਮਿਟ ਮਨਜ਼ੂਰ ਕੀਤੇ ਜਾਣਗੇ। ਸਟੱਡੀ ਪਰਮਿਟ ਕੈਪ ਲਾਗੂ ਹੋਣ ਨਾਲ ਸਰਕਾਰ ਦਾ ਫੋਕਸ ਸਰੋਤਾਂ ਦੇ ਪ੍ਰਬੰਧਨ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਹਾਇਤਾ ਲਈ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਵੱਲ ਵੱਧ ਜਾਵੇਗਾ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਦੇ ਇਸ ਕਦਮ ਦਾ ਉਦੇਸ਼ ਆਉਣ ਵਾਲੇ ਵਿਦਿਆਰਥੀਆਂ ਦੀ ਸੰਖਿਆ ਨੂੰ ਕੈਨੇਡੀਅਨ ਸੰਸਥਾਵਾਂ ਦੀ ਸਮਰੱਥਾ ਨਾਲ ਸੰਤੁਲਿਤ ਕਰਨਾ ਹੈ, ਤਾਂ ਜੋ ਸਾਰਿਆਂ ਲਈ ਵਧੀਆ ਵਿਦਿਅਕ ਅਨੁਭਵ ਯਕੀਨੀ ਬਣਾਇਆ ਜਾ ਸਕੇ। ਕੈਨੇਡਾ ਸਰਕਾਰ ਨੂੰ 2024 ਵਿਚ 606,000 ਸਟੱਡੀ ਪਰਮਿਟ ਅਰਜ਼ੀਆਂ ਪ੍ਰਾਪਤ ਹੋਣ ਦੀ ਉਮੀਦ ਹੈ। 60 ਫੀਸਦੀ ਦੀ ਦੇਸ਼ ਵਿਆਪੀ ਸਵੀਕ੍ਰਿਤੀ ਦਰ ਨਾਲ ਇਨ੍ਹਾਂ ਵਿਚੋਂ ਸਿਰਫ 364,000 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ। 2024 ਵਿਚ ਸਮਾਪਤ ਹੋਣ ਵਾਲੇ ਅਧਿਐਨ ਪਰਮਿਟਾਂ ਦੀ ਸੰਖਿਆ ਅਸਲ ਸਟੱਡੀ ਪਰਮਿਟ ਕੈਪ ਨੂੰ ਨਿਰਧਾਰਤ ਕਰੇਗੀ, ਮਤਲਬ ਕਿ ਕੈਨੇਡਾ ਵਿਚ ਦਾਖਲ ਹੋਣ ਵਾਲੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕੁੱਲ ਗਿਣਤੀ ਲਗਭਗ ਉਨ੍ਹਾਂ ਵਿਦਿਆਰਥੀਆਂ ਦੀ ਕੁੱਲ ਸੰਖਿਆ ਦੇ ਬਰਾਬਰ ਹੋਵੇਗੀ, ਜਿਨ੍ਹਾਂ ਦੇ ਪਰਮਿਟ ਉਸੇ ਸਾਲ ਵਿਚ ਖ਼ਤਮ ਹੋ ਰਹੇ ਹਨ। ਅਧਿਐਨ ਵੀਜ਼ਾ ਸੀਮਾ ਤੋਂ ਇਲਾਵਾ ਆਈ.ਆਰ.ਸੀ.ਸੀ. ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪੋਸਟ ਗ੍ਰੈਜੂਏਟ ਵਰਕ ਪਰਮਿਟ ਯੋਗਤਾ ਮਾਪਦੰਡ ਅਤੇ ਜੀ.ਆਈ.ਸੀ. ਲੋੜਾਂ ਨੂੰ ਵੀ ਬਦਲ ਦਿੱਤਾ ਹੈ। ਕੈਨੇਡੀਅਨ ਸਰਕਾਰ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟਾਂ ਲਈ ਯੋਗਤਾ ਨਿਯਮਾਂ ਵਿਚ ਵੀ ਤਬਦੀਲੀ ਕੀਤੀ ਹੈ। ਇਸ ਕਾਰਨ ਕਈ ਪ੍ਰਾਈਵੇਟ ਕਾਲਜਾਂ ਦੇ ਵਿਦਿਆਰਥੀ ਜਲਦੀ ਹੀ ਵਰਕ ਪਰਮਿਟ ਲੈਣ ਦੇ ਅਯੋਗ ਹੋ ਜਾਣਗੇ। ਇਨ੍ਹਾਂ ਤਬਦੀਲੀਆਂ ਦੇ ਤਹਿਤ ਸਿਰਫ ਮਾਸਟਰ, ਡਾਕਟਰੇਟ ਜਾਂ ਪੇਸ਼ੇਵਰ ਡਿਗਰੀ ਪ੍ਰੋਗਰਾਮਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਦੇ ਜੀਵਨ ਸਾਥੀ ਹੀ ਇੱਕ ਓਪਨ ਵਰਕ ਪਰਮਿਟ ਲਈ ਯੋਗ ਹੋਣਗੇ।



# ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਸੂਨਕ ਦੇ ਅਮਰੀਕਾ 'ਚ ਸ਼ਿਫਟ ਹੋਣ ਦੀ ਸੰਭਾਵਨਾ!

- 6 ਸਾਲ ਤੱਕ ਆਪਣਾ ਅਮਰੀਕੀ ਗ੍ਰੀਨ ਕਾਰਡ ਲੁਕਾ ਕੇ ਰੱਖਿਆ
- ਸੂਨਕ ਨੇ ਅਮਰੀਕਾ ਜਾਣ ਦੀ ਗੱਲ ਨੂੰ ਚੋਣਾਂ ਦੌਰਾਨ ਕੀਤਾ ਸੀ ਰੱਦ

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੀਆਂ ਆਮ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਦੀ ਕਰਾਰੀ ਹਾਰ ਤੋਂ ਬਾਅਦ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਮਰੀਕਾ ਸ਼ਿਫਟ ਹੋ ਸਕਦੇ ਹਨ। ਵਿਰੋਧੀ ਦਾਅਵਿਆਂ ਅਤੇ ਸੂਤਰਾਂ ਅਨੁਸਾਰ ਸੂਨਕ ਕੈਲੀਫੋਰਨੀਆ ਵਿਚ ਏ.ਆਈ. ਵੈਂਚਰ ਕੈਪੀਟਲ ਦੇ ਖੇਤਰ ਵਿਚ ਜਾ ਸਕਦੇ ਹਨ। ਸੂਨਕ ਵਿਰੋਧੀ ਪ੍ਰਸਿੱਧ ਨੇਤਾ ਜੈਕ ਗੋਲਡਸਮਿਥ ਨੇ ਕਿਹਾ ਕਿ ਸੂਨਕ ਪਹਿਲਾਂ ਕੈਲੀਫੋਰਨੀਆ ਵਿਚ ਕੰਮ ਕਰ ਚੁੱਕੇ ਹਨ ਅਤੇ ਉੱਥੇ ਕਰੋੜਾਂ ਦੀ ਜਾਇਦਾਦ ਦੇ ਮਾਲਕ ਹਨ। ਇਸ ਸਭ ਵਿਚਕਾਰ ਸੂਨਕ ਨੇ ਅਮਰੀਕਾ ਜਾਣ ਦੀ ਗੱਲ ਨੂੰ ਰੱਦ ਕਰ ਦਿੱਤਾ ਹੈ। ਸੂਨਕ ਨੇ ਚੋਣ ਪ੍ਰਚਾਰ ਦੌਰਾਨ ਅਮਰੀਕਾ ਸ਼ਿਫਟ ਹੋਣ ਤੋਂ ਇਨਕਾਰ ਕਰ ਦਿੱਤਾ ਸੀ, ਹਾਲਾਂਕਿ, ਤਾਜ਼ਾ ਚਰਚਾਵਾਂ ਵਿਚਕਾਰ ਸੂਨਕ ਨੇ ਕੋਈ ਤਾਜ਼ਾ ਬਿਆਨ ਨਹੀਂ ਦਿੱਤਾ ਹੈ।

ਗਲੋਬਲ ਰਿਕਰੂਟਮੈਂਟ ਫਰਮ ਮਿਸ਼ੇਲਲੇਕ ਦੇ ਜੋਨਾਥਨ ਟੈਨਰ ਨੇ ਇਕ ਅਖ਼ਬਾਰ ਨਾਲ ਗੱਲਬਾਤ ਵਿਚ ਕਿਹਾ ਕਿ ਪਿਛਲੇ ਸਾਲ ਨਵੰਬਰ ਵਿਚ ਸੂਨਕ ਨੇ ਅਮਰੀਕਾ ਦੇ ਏ.ਆਈ. ਕਾਰੋਬਾਰੀ ਨੇਤਾਵਾਂ ਨਾਲ ਬੰਦ ਕਮਰਾ ਗੱਲਬਾਤ ਕੀਤੀ ਸੀ। ਕੁਝ ਦਿਨਾਂ ਬਾਅਦ ਸੂਨਕ ਨੇ ਟੇਸਲਾ ਦੇ ਮੁਖੀ ਐਲੋਨ ਮਸਕ ਦੀ ਇੰਟਰਵਿਊ ਕੀਤੀ, ਜਿਸ ਵਿਚ ਏ.ਆਈ. ਬਾਰੇ ਚਰਚਾ ਕੀਤੀ ਗਈ ਸੀ। ਇਹ ਸਾਰੀਆਂ ਗੱਲਾਂ ਸੁਣ ਕੇ ਜਲਦੀ ਹੀ ਅਮਰੀਕਾ ਵਿਚ ਤਬਦੀਲ ਹੋਣ ਦੇ ਸੰਕੇਤ ਹਨ।



ਰਿਸ਼ੀ ਸੂਨਕ ਦਾ ਅਮਰੀਕਾ ਪ੍ਰਤੀ ਪਿਆਰ ਕਿਸੇ ਤੋਂ ਲੁਕਿਆ ਨਹੀਂ ਹੈ। ਬ੍ਰਿਟਿਸ਼ ਨਾਗਰਿਕ ਰਿਸ਼ੀ ਸੂਨਕ ਕੋਲ 2015 ਤੋਂ ਅਮਰੀਕਾ ਦਾ ਗ੍ਰੀਨ ਕਾਰਡ ਸੀ। ਪਰ ਬ੍ਰਿਟੇਨ ਵਿਚ ਜਨਤਕ ਜੀਵਨ ਵਿਚ ਹੋਣ ਦੇ ਬਾਵਜੂਦ ਉਸ ਨੇ ਕਦੇ ਇਸ ਗੱਲ ਦਾ ਖੁਲਾਸਾ ਨਹੀਂ ਕੀਤਾ। ਸੂਨਕ ਨੇ ਚੋਣ ਲੜੀ ਅਤੇ ਰਿਚਮੰਡ ਤੋਂ ਐੱਮ.ਪੀ. ਵੀ ਬਣੇ। 2021 ਵਿਚ ਜਦੋਂ ਉਹ ਜੌਨਸਨ ਸਰਕਾਰ ਵਿਚ ਵਿੱਤ ਮੰਤਰੀ ਸਨ, ਸੂਨਕ ਕੋਲ ਅਮਰੀਕੀ ਗ੍ਰੀਨ ਕਾਰਡ ਹੋਣ ਦਾ ਮੁੱਦਾ ਗਰਮ ਹੋ ਗਿਆ ਸੀ। ਇਸ ਤੋਂ ਬਾਅਦ ਹੀ ਸੂਨਕ ਨੇ ਅਮਰੀਕੀ ਗ੍ਰੀਨ ਕਾਰਡ ਸਰੰਡਰ ਕੀਤਾ।

ਚੋਣ ਹਾਰ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸੂਨਕ ਇਸ ਸਮੇਂ ਕੰਜ਼ਰਵੇਟਿਵ ਪਾਰਟੀ ਦੇ ਅੰਤਰਿਮ ਪ੍ਰਧਾਨ ਹਨ। ਪਾਰਟੀ ਵਿਚ ਨਵੇਂ ਨੇਤਾ ਦੀ ਚੋਣ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਨਵੰਬਰ ਵਿਚ ਨਵੇਂ ਨੇਤਾ ਦੀ ਚੋਣ ਕੀਤੀ ਜਾਵੇਗੀ। ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਰਾਬਰਟ ਜੇਨਰਿਕ, ਕੈਮੀ ਬੇਡਨੋਚ, ਟੌਮ ਟੂਗੇਨਹਾਰਟ ਸਮੇਤ ਭਾਰਤੀ ਮੂਲ ਦੀ ਪ੍ਰੀਤੀ ਪਟੇਲ ਅਤੇ ਸੁਏਲਾ ਬ੍ਰੇਵਰਮੈਨ ਨੇ ਨਾਮਜ਼ਦਗੀਆਂ ਦਾਖਲ ਕੀਤੀਆਂ ਹਨ, ਪਰ ਸੂਨਕ ਨੇ ਅਜੇ ਤੱਕ ਨਵੇਂ ਨੇਤਾ ਦੇ ਅਹੁਦੇ ਲਈ ਨਾਮਜ਼ਦਗੀ ਦਾਖਲ ਨਹੀਂ ਕੀਤੀ ਹੈ।

# ਪੁਤਿਨ ਵੱਲੋਂ ਮਿਜ਼ਾਇਲਾਂ ਦੀ ਤਾਇਨਾਤੀ ਦੀ ਚਿਤਾਵਨੀ



**ਮਾਸਕੋ, (ਪੰਜਾਬ ਮੇਲ)-** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਐਤਵਾਰ ਨੂੰ ਕਿਹਾ ਕਿ ਜਰਮਨੀ 'ਚ ਲੰਬੀ ਦੂਰੀ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਤਾਇਨਾਤ ਕਰਨ ਦੀ ਅਮਰੀਕਾ ਦੀ ਯੋਜਨਾ ਦੇ ਜਵਾਬ 'ਚ ਰੂਸ ਨਵੇਂ ਹਮਲਾਵਰ ਹਥਿਆਰ ਤਾਇਨਾਤ ਕਰ ਸਕਦਾ ਹੈ। ਸੇਂਟ ਪੀਟਰਸਬਰਗ ਵਿਚ ਇੱਕ ਜਲ ਸੈਨਾ ਪਰੇਡ ਵਿਚ, ਪੁਤਿਨ ਨੇ 'ਵਿਰੋਧੀ ਉਪਾਅ' ਕਰਨ ਦਾ ਵਾਅਦਾ ਕੀਤਾ।

ਅਮਰੀਕਾ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਐਲਾਨ ਕੀਤਾ ਸੀ ਕਿ ਉਹ ਫਰਵਰੀ 2022 ਵਿਚ ਯੂਕਰੇਨ ਉੱਤੇ ਮਾਸਕੋ ਦੇ ਹਰ ਤਰ੍ਹਾਂ ਦੇ ਹਮਲੇ ਤੋਂ ਬਾਅਦ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਅਤੇ ਯੂਰਪੀਅਨ ਦੇਸ਼ਾਂ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਅੱਗੇ ਵਧਾਉਣ ਲਈ 2026 ਵਿਚ ਹਥਿਆਰਾਂ ਦੀ ਤਾਇਨਾਤੀ ਸ਼ੁਰੂ ਕਰ ਦੇਵੇਗਾ। ਪੁਤਿਨ ਨੇ ਕਿਹਾ ਕਿ ਜੇ ਸੰਯੁਕਤ ਰਾਜ ਅਜਿਹੀਆਂ ਯੋਜਨਾਵਾਂ ਨੂੰ ਲਾਗੂ ਕਰਦਾ ਹੈ, ਤਾਂ ਅਸੀਂ ਆਪਣੇ ਆਪ ਨੂੰ ਮੱਧਮ ਅਤੇ ਛੋਟੀ ਦੂਰੀ ਦੀਆਂ ਮਿਜ਼ਾਈਲਾਂ ਦੀ ਤਾਇਨਾਤੀ 'ਤੇ ਪਹਿਲਾਂ ਲਗਾਈਆਂ ਇਕਪਾਸੜ ਪਾਬੰਦੀਆਂ ਤੋਂ ਮੁਕਤ ਸਮਝਾਂਗੇ, ਜਿਸ ਵਿਚ ਸਾਡੀ ਨੇਵੀ ਦੇ ਤੱਟਵਰਤੀ ਬਲਾਂ ਦੀ ਸਮਰੱਥਾ ਵਧਾਉਣ ਦੀ ਕਾਰਵਾਈ ਵੀ ਸ਼ਾਮਲ ਹੈ। ਉਸਨੇ ਕਿਹਾ ਕਿ ਮਾਸਕੋ ਵੱਲੋਂ ਢੁਕਵੇਂ ਹਥਿਆਰ ਪ੍ਰਣਾਲੀਆਂ ਦਾ ਵਿਕਾਸ ਆਪਣੇ ਅੰਤਮ ਪੜਾਵਾਂ ਵਿਚ ਹੈ। ਵਾਸ਼ਿੰਗਟਨ ਅਤੇ ਮਾਸਕੋ ਦੋਵਾਂ ਨੇ ਹਾਲ ਹੀ ਦੇ ਹਫ਼ਤਿਆਂ ਵਿਚ ਮੱਧ-ਰੇਂਜ ਦੀਆਂ ਮਿਜ਼ਾਈਲਾਂ ਨੂੰ ਤਾਇਨਾਤ ਕਰਨ ਲਈ ਤਿਆਰ ਹੋਣ ਦਾ ਸੰਕੇਤ ਦਿੱਤਾ ਹੈ। ਇਸ 'ਤੇ 1987 ਦੀ ਅਮਰੀਕਾ-ਸੋਵੀਅਤ ਸੰਧੀ ਦੇ ਤਹਿਤ ਦਹਾਕਿਆਂ ਤੱਕ ਪਾਬੰਦੀ ਲਗਾਈ ਗਈ ਸੀ।

ਅਮਰੀਕਾ 2019 'ਚ ਸਮਝੌਤੇ ਤੋਂ ਪਿੱਛੇ ਹਟ ਗਿਆ ਅਤੇ ਮਾਸਕੋ 'ਤੇ ਮਿਜ਼ਾਈਲ ਪ੍ਰੀਖਣ ਕਰਨ ਦਾ ਦੋਸ਼ ਲਗਾਇਆ, ਜੋ ਸਮਝੌਤੇ ਦੀ ਉਲੰਘਣਾ ਕਰਦਾ ਹੈ। ਰੂਸ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਪੁਤਿਨ ਨੇ ਕਈ ਸਾਲਾਂ ਤੋਂ ਯੂਰਪ ਵਿਚ ਅਮਰੀਕੀ ਮਿਜ਼ਾਈਲਾਂ ਦੀ ਤਾਇਨਾਤੀ ਨੂੰ ਮਾਸਕੋ ਦੀ ਸਮਰੱਥਾ ਨੂੰ ਵਿਗਾੜਨ ਦੇ ਉਦੇਸ਼ ਨਾਲ ਇੱਕ ਹਮਲਾਵਰ ਕਦਮ ਦੱਸਿਆ ਹੈ।

# ਅਮਰੀਕੀ 'ਚ ਵਿਦਿਆਰਥੀ ਵੀਜ਼ੇ 'ਤੇ ਆਏ ਇਕ ਭਾਰਤੀ ਨੂੰ ਨਾਬਾਲਿਗ ਨਾਲ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਮਾਮਲੇ 'ਚ 12 ਸਾਲ ਕੈਦ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪੈਨਸਿਲਵੇਨੀਆ ਦੇ ਏਰੀ ਸ਼ਹਿਰ ਵਿਚ ਇਕ ਭਾਰਤੀ ਨਾਗਰਿਕ ਜੋ ਵਿਦਿਆਰਥੀ ਵੀਜ਼ੇ ਉਪਰ ਅਮਰੀਕਾ ਆਇਆ ਸੀ, ਨੂੰ ਇਕ ਨਾਬਾਲਿਗ ਨੂੰ ਫੁਸਲਾਉਣ ਤੇ ਉਸ ਨਾਲ ਗੈਰ ਕਾਨੂੰਨੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਇਕ ਅਦਾਲਤ ਵੱਲੋਂ 12 ਸਾਲ ਸੰਘੀ ਜੇਲ੍ਹ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਯੂ.ਐੱਸ. ਅਟਾਰਨੀ ਏਰਿਕ ਜੀ. ਓਲਸ਼ਾਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 32 ਸਾਲਾ ਭਾਰਤੀ ਉਪੇਂਦਰਾ ਅਡੂਰੂ ਨੂੰ ਡਿਸਟ੍ਰਿਕਟ ਜੱਜ ਸੂਸਾਨ ਪੈਰਾਡਾਈਜ਼ ਬੈਕਸਟਰ ਨੇ ਸਜ਼ਾ ਸੁਣਾਈ। ਸਜ਼ਾ ਪੂਰੀ ਹੋਣ ਉਪਰੰਤ ਅਡੂਰੂ ਨੂੰ 10 ਸਾਲ ਨਿਗਰਾਨੀ 'ਚ ਰਹਿਣਾ ਪਵੇਗਾ। ਮਾਮਲੇ ਦੀ ਜਾਂਚ ਵਿਚ ਪਤਾ ਲੱਗਾ ਕਿ ਅਡੂਰੂ ਨੇ ਸਤੰਬਰ 20 ਅਤੇ ਅਕਤੂਬਰ 6, 2022 ਦਰਮਿਆਨ ਇਕ 13 ਸਾਲ ਦੀ ਲੜਕੀ ਨੂੰ ਸੋਸ਼ਲ ਮੀਡੀਆ ਰਾਹੀਂ ਕਈ ਸੁਨੇਹੇ ਤੇ ਅਸ਼ਲੀਲ ਤਸਵੀਰਾਂ ਭੇਜੀਆਂ। ਭੇਜੇ ਸੁਨੇਹਿਆਂ ਵਿਚ ਉਸ ਨੇ ਵਾਰ-ਵਾਰ ਸਰੀਰਕ ਸਬੰਧ ਬਣਾਉਣ ਦੀ ਇੱਛਾ ਪ੍ਰਗਟਾਈ। ਉਸ ਨੇ ਨਾਬਾਲਿਗ ਨਾਲ ਮਿਲਕਰੀਕ ਟਾਊਨਸ਼ਿੱਪ ਦੇ ਇਕ ਪਾਰਕ ਵਿਚ ਮਿਲਣ ਦਾ ਪ੍ਰੋਗਰਾਮ ਬਣਾਇਆ, ਜਿਥੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

# 5 ਸਾਲਾਂ ਦੌਰਾਨ ਵਿਦੇਸ਼ਾਂ 'ਚ 633 ਭਾਰਤੀ ਵਿਦਿਆਰਥੀਆਂ ਦੀ ਹੋਈ ਮੌਤ

- ਸਭ ਤੋਂ ਜ਼ਿਆਦਾ 172 ਭਾਰਤੀ ਵਿਦਿਆਰਥੀਆਂ ਮੌਤ ਕੈਨੇਡਾ 'ਚ ਹੋਈ

**ਨਵੀਂ ਦਿੱਲੀ, (ਪੰਜਾਬ ਮੇਲ)-** ਪਿਛਲੇ 5 ਸਾਲਾਂ 'ਚ ਵਿਦੇਸ਼ਾਂ 'ਚ ਪੜ੍ਹ ਰਹੇ 633 ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਇਹ ਮੌਤਾਂ 41 ਦੇਸ਼ਾਂ ਵਿਚ ਹੋਈਆਂ ਹਨ। ਦਰਅਸਲ ਇਸ ਸਮੇਂ ਸੰਸਦ ਦਾ ਮਾਨਸੂਨ ਸੈਸ਼ਨ ਚੱਲ ਰਿਹਾ ਹੈ। ਇਸ ਦੌਰਾਨ ਵਿਦੇਸ਼ ਮੰਤਰਾਲੇ ਨੇ ਲੋਕ ਸਭਾ 'ਚ ਇਹ ਜਾਣਕਾਰੀ ਦਿੱਤੀ।

ਵਿਦੇਸ਼ ਰਾਜ ਮੰਤਰੀ ਕੀਰਤੀਵਰਧਨ ਸਿੰਘ ਨੇ ਸ਼ੁੱਕਰਵਾਰ ਨੂੰ ਲੋਕ ਸਭਾ ਵਿਚ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿਚ ਵਿਦੇਸ਼ਾਂ ਵਿਚ ਪੜ੍ਹ ਰਹੇ 633 ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ 172 ਭਾਰਤੀ ਵਿਦਿਆਰਥੀਆਂ ਦੀ ਮੌਤ ਕੈਨੇਡਾ ਵਿਚ ਹੋਈ ਹੈ। ਇਸ ਤੋਂ ਬਾਅਦ ਅਮਰੀਕਾ ਦਾ ਨੰਬਰ ਆਉਂਦਾ ਹੈ, ਜਿੱਥੇ 108 ਵਿਦਿਆਰਥੀਆਂ ਦੀ ਮੌਤ ਹੋ ਗਈ। ਪਾਕਿਸਤਾਨ ਵਿਚ ਵੀ ਇੱਕ ਭਾਰਤੀ ਵਿਦਿਆਰਥੀ ਦੀ ਮੌਤ ਹੋ ਗਈ ਹੈ। ਇਹ ਜਾਣਕਾਰੀ ਕੇਰਲ ਦੇ ਸੰਸਦ ਮੈਂਬਰ ਕੋਡੀਕੁਨਿਲ ਸੁਰੇਸ਼ ਦੇ ਸਵਾਲ ਦੇ ਜਵਾਬ 'ਚ ਦਿੱਤੀ ਗਈ। ਕੀਰਤੀਵਰਧਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੌਤਾਂ ਦੇ ਕਾਰਨ ਵੱਖ-ਵੱਖ ਸਨ। ਕੁਝ ਮੌਤਾਂ ਕੁਦਰਤੀ ਕਾਰਨਾਂ ਕਰਕੇ ਹੋਈਆਂ ਹਨ, ਜਦਕਿ ਕੁਝ ਮੌਤਾਂ ਹਾਦਸਿਆਂ ਕਾਰਨ ਹੋਈਆਂ ਹਨ। ਵੱਖ-ਵੱਖ ਹਮਲਿਆਂ ਵਿਚ 19 ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ 9 ਵਿਦਿਆਰਥੀਆਂ ਦੀ ਮੌਤ ਕੈਨੇਡਾ ਵਿਚ ਹੋਈ ਅਤੇ 6 ਵਿਦਿਆਰਥੀਆਂ ਦੀ ਮੌਤ ਅਮਰੀਕਾ ਵਿਚ ਹੋਈ। ਹਮਲਿਆਂ ਦੇ ਨਤੀਜੇ ਵਜੋਂ ਆਸਟ੍ਰੇਲੀਆ, ਬ੍ਰਿਟੇਨ, ਚੀਨ ਅਤੇ ਕਿਰਗਿਸਤਾਨ ਵਿਚ ਇੱਕ-ਇੱਕ ਵਿਦਿਆਰਥੀ ਦੀ ਮੌਤ ਹੋ ਗਈ।


ਮੰਤਰੀ ਨੇ ਅੱਗੇ ਕਿਹਾ ਕਿ ਵਿਦੇਸ਼ਾਂ ਵਿਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਭਾਰਤ ਸਰਕਾਰ ਦੀ ਤਰਜੀਹ ਹੈ। ਵਿਦੇਸ਼ਾਂ ਵਿਚ ਭਾਰਤੀ ਮਿਸ਼ਨ ਭਾਰਤੀ ਵਿਦਿਆਰਥੀਆਂ ਨਾਲ ਨਿਯਮਤ ਸੰਪਰਕ ਰੱਖਦੇ ਹਨ। ਕੀਰਤੀਵਰਧਨ ਸਿੰਘ ਨੇ ਦੱਸਿਆ ਕਿ ਇਸ ਵੇਲੇ 13 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹ ਰਹੇ ਹਨ। ਪਿਛਲੇ 3 ਸਾਲਾਂ 'ਚ ਇਹ ਗਿਣਤੀ ਵਧੀ ਹੈ। 2022 ਵਿਚ 7.5 ਲੱਖ ਵਿਦਿਆਰਥੀ, 2023 ਵਿਚ 9.3 ਲੱਖ ਵਿਦਿਆਰਥੀ ਅਤੇ 2024 ਵਿਚ 13.35 ਲੱਖ ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰ ਰਹੇ ਹਨ। ਇਹ ਵਿਦਿਆਰਥੀ 101 ਦੇਸ਼ਾਂ ਵਿਚ ਪੜ੍ਹ ਰਹੇ ਹਨ।

ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਵਿਦਿਆਰਥੀ ਕੈਨੇਡਾ ਵਿਚ ਪੜ੍ਹ ਰਹੇ ਹਨ। ਇਸ ਤੋਂ ਬਾਅਦ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਜਰਮਨੀ, ਯੂ.ਏ.ਈ. ਅਤੇ ਰੂਸ ਦਾ ਨੰਬਰ ਆਉਂਦਾ ਹੈ। ਚੀਨ ਵਿਚ 8 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਜੰਗ ਦੇ ਬਾਵਜੂਦ 2510 ਵਿਦਿਆਰਥੀ ਯੂਕਰੇਨ ਵਿਚ ਪੜ੍ਹ ਰਹੇ ਹਨ, ਜਦਕਿ 14 ਵਿਦਿਆਰਥੀ ਪਾਕਿਸਤਾਨ ਵਿਚ ਵੀ ਪੜ੍ਹ ਰਹੇ ਹਨ।

# ਮਹਿਲਾ ਵੱਲੋਂ ਅਯੁੱਧਿਆ 'ਚ ਮਸਜਿਦ ਉਸਾਰੀ ਲਈ ਦਿੱਤੀ ਜ਼ਮੀਨ 'ਤੇ ਦਾਅਵਾ

**ਲਖਨਊ, (ਪੰਜਾਬ ਮੇਲ)-** ਦਿੱਲੀ ਦੀ ਇੱਕ ਮਹਿਲਾ ਨੇ ਦਾਅਵਾ ਕੀਤਾ ਹੈ ਕਿ ਰਾਮ ਜਨਮਭੂਮੀ-ਬਾਬਰੀ ਮਸਜਿਦ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਫ਼ੈਸਲੇ ਮਗਰੋਂ ਅਯੁੱਧਿਆ ਵਿਚ ਮਸਜਿਦ ਦੀ ਉਸਾਰੀ ਲਈ ਨਿਰਧਾਰਤ ਕੀਤੀ ਗਈ ਜ਼ਮੀਨ ਉਸ ਦੇ ਪਰਿਵਾਰ ਦੀ ਹੈ। ਉਸ ਨੇ ਕਿਹਾ ਕਿ ਉਹ ਇਸ ਦਾ ਕਬਜ਼ਾ ਲੈਣ ਲਈ ਸੁਪਰੀਮ ਕੋਰਟ ਦਾ ਰੁਖ਼ ਕਰੇਗੀ। ਹਾਲਾਂਕਿ, ਰਾਣੀ ਪੰਜਾਬੀ ਨਾਮੀਂ ਇਸ ਮਹਿਲਾ ਵੱਲੋਂ ਕੀਤੇ ਗਏ ਇਸ ਦਾਅਵੇ ਨੂੰ ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ ਦੇ ਮੁਖੀ ਜ਼ੁਫਰ ਫਾਰੂਕੀ ਨੇ ਰੱਦ ਕਰਦਿਆਂ ਕਿਹਾ ਕਿ ਉਸਦੇ ਦਾਅਵਿਆਂ ਨੂੰ ਅਲਾਹਾਬਾਦ ਹਾਈ ਕੋਰਟ ਸਾਲ 2021 ਵਿਚ ਪਹਿਲਾਂ ਹੀ ਰੱਦ ਕਰ ਚੁੱਕੀ ਹੈ। ਸੁੰਨੀ ਸੈਂਟਰਲ ਵਕਫ਼ ਬੋਰਡ ਦੇ ਮੁਖੀ ਸ਼੍ਰੀ ਫਾਰੂਕੀ ਨੇ ਕਿਹਾ ਕਿ ਮਸਜਿਦ ਦੀ ਉਸਾਰੀ ਸਮੇਤ ਸਾਰੇ ਪ੍ਰਾਜੈਕਟ 'ਤੇ ਕੰਮ ਇਸ ਵਰ੍ਹੇ ਅਕਤੂਬਰ ਤੋਂ ਸ਼ੁਰੂ ਹੋ ਜਾਵੇਗਾ।

ਦੂਜੇ ਪਾਸੇ, ਦਿੱਲੀ ਦੀ ਵਸਨੀਕ ਰਾਣੀ ਪੰਜਾਬੀ ਦਾ ਦਾਅਵਾ ਹੈ ਕਿ ਅਯੁੱਧਿਆ ਦੇ ਧਨੀਪੁਰ ਪਿੰਡ ਵਿਚ



ਪ੍ਰਸ਼ਾਸਨ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਸੁੰਨੀ ਸੈਂਟਰਲ ਵਕਫ਼ ਬੋਰਡ ਨੂੰ ਦਿੱਤੀ ਗਈ ਪੰਜ ਏਕੜ ਜ਼ਮੀਨ, ਉਨ੍ਹਾਂ ਦੇ ਪਰਿਵਾਰ ਦੀ ਮਲਕੀਅਤ ਕੁੱਲ 28.35 ਏਕੜ ਜ਼ਮੀਨ ਦਾ ਹਿੱਸਾ ਹੈ। ਉਨ੍ਹਾਂ ਏਜੰਸੀ ਨੂੰ ਦੱਸਿਆ ਕਿ ਉਸ ਕੋਲ ਜ਼ਮੀਨ ਦੀ ਮਲਕੀਅਤ ਸਬੰਧੀ ਸਾਰੇ ਕਾਗਜ਼ਾਤ ਮੌਜੂਦ ਹਨ ਤੇ ਉਹ ਇਸ 'ਤੇ ਕਬਜ਼ਾ ਲੈਣ ਲਈ ਸੁਪਰੀਮ ਕੋਰਟ ਜਾਣਗੇ। ਰਾਣੀ ਪੰਜਾਬੀ ਮੁਤਾਬਕ ਉਨ੍ਹਾਂ ਦੇ ਪਿਤਾ ਗਿਆਨ ਚੰਦ ਪੰਜਾਬੀ ਨੂੰ ਮੁਲਕ ਦੀ ਵੰਡ ਸਮੇਂ ਪਾਕਿਸਤਾਨ ਵਾਲੇ ਪੰਜਾਬ ਨੂੰ ਛੱਡਣਾ ਪਿਆ ਸੀ ਤੇ ਉਹ ਫੈਜ਼ਾਬਾਦ (ਹੁਣ ਜ਼ਿਲ੍ਹਾ ਅਯੁੱਧਿਆ) ਆ ਗਏ ਸਨ, ਜਿੱਥੇ ਉਨ੍ਹਾਂ ਨੂੰ ਪਿੱਛੇ ਰਹਿ ਗਈ ਜ਼ਮੀਨ ਬਦਲੇ ਇੱਥੇ 28.35 ਏਕੜ ਜ਼ਮੀਨ ਮਿਲੀ ਸੀ। ਉਸ ਨੇ ਦੱਸਿਆ ਕਿ ਪਰਿਵਾਰ ਵੱਲੋਂ ਸਾਲ 1983 ਤੱਕ ਖੇਤੀਬਾੜੀ ਲਈ ਇਸ ਜ਼ਮੀਨ ਦੀ ਵਰਤੋਂ ਕੀਤੀ ਜਾਂਦੀ ਰਹੀ ਸੀ, ਪਰ ਇਸ ਦੌਰਾਨ ਉਨ੍ਹਾਂ ਦੇ ਪਿਤਾ ਦੀ ਤਬੀਅਤ ਖਰਾਬ ਹੋਣ ਕਾਰਨ ਇਲਾਜ ਲਈ ਉਹ ਦਿੱਲੀ ਆ ਗਏ ਤੇ ਉਦੋਂ ਤੋਂ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਉਸ ਨੇ ਕਿਹਾ ਕਿ ਉਸ ਨੂੰ ਮਸਜਿਦ ਦੀ ਉਸਾਰੀ ਸਬੰਧੀ ਕੋਈ ਇਤਰਾਜ਼ ਨਹੀਂ ਹੈ, ਪਰ ਉਹ ਚਾਹੁੰਦੀ ਹੈ ਕਿ ਪ੍ਰਸ਼ਾਸਨ ਉਨ੍ਹਾਂ ਨਾਲ ਇਨਸਾਫ਼ ਕਰੇ।

# ਜਿਨਸੀ ਸ਼ੋਸ਼ਣ ਮਾਮਲਾ; ਸਾਬਕਾ ਮੰਤਰੀ ਸੰਦੀਪ ਸਿੰਘ ਖਿਲਾਫ਼ ਦੋਸ਼ ਤੈਅ

**ਚੰਡੀਗੜ੍ਹ, (ਪੰਜਾਬ ਮੇਲ)-** ਇਕ ਜੂਨੀਅਰ ਮਹਿਲਾ ਕੋਚ ਦੀ ਸ਼ਿਕਾਇਤ 'ਤੇ ਦਰਜ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਇੱਥੋਂ ਦੀ ਇੱਕ ਅਦਾਲਤ ਨੇ ਹਰਿਆਣਾ ਦੇ ਸਾਬਕਾ ਮੰਤਰੀ ਤੇ ਭਾਜਪਾ ਆਗੂ ਸੰਦੀਪ ਸਿੰਘ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਸ਼ਿਕਾਇਤਕਰਤਾ ਦੇ ਵਕੀਲ ਦੀਪਾਂਸ਼ੂ ਬਾਂਸਲ ਨੇ ਦੱਸਿਆ ਕਿ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰਾਹੁਲ ਗਰਗ ਦੀ ਅਦਾਲਤ ਨੇ ਸੰਦੀਪ ਸਿੰਘ ਵੱਲੋਂ ਦੋਸ਼ ਰੱਦ ਕਰਨ ਸਬੰਧੀ ਦਾਇਰ ਪਟੀਸ਼ਨ ਵੀ ਖਾਰਜ ਕਰ ਦਿੱਤੀ ਹੈ।



ਉਨ੍ਹਾਂ ਦੱਸਿਆ ਕਿ ਸੰਦੀਪ ਸਿੰਘ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 354, 354 ਏ, 506 ਅਤੇ 509 ਤਹਿਤ ਦੋਸ਼ ਤੈਅ ਕੀਤੇ ਗਏ ਹਨ। ਅਦਾਲਤ ਨੇ ਮਾਮਲੇ 'ਚ ਧਾਰਾ 376 (ਜਬਰ ਜਨਾਹ) ਜੋੜਨ ਸਬੰਧੀ ਸ਼ਿਕਾਇਤਕਰਤਾ ਦੀ ਅਪੀਲ ਵੀ ਖਾਰਜ ਕਰ ਦਿੱਤੀ ਅਤੇ ਮਾਮਲੇ ਦੀ ਅਗਲੀ ਸੁਣਵਾਈ 17 ਅਗਸਤ ਨੂੰ ਤੈਅ ਕੀਤੀ ਹੈ। ਇਹ ਕੇਸ ਹਰਿਆਣਾ ਦੀ ਇੱਕ ਜੂਨੀਅਰ ਅਥਲੈਟਿਕ ਕੋਚ ਵੱਲੋਂ ਭਾਜਪਾ ਆਗੂ ਖ਼ਿਲਾਫ਼ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨਾਲ ਸਬੰਧਤ ਹੈ। ਸਾਬਕਾ ਭਾਰਤੀ ਹਾਕੀ ਕਪਤਾਨ ਸੰਦੀਪ ਸਿੰਘ ਨੇ ਕਿਹਾ ਸੀ ਕਿ ਉਸ ਨੂੰ ਇਸ ਮਾਮਲੇ 'ਚ ਝੂਠਾ ਫਸਾਇਆ ਗਿਆ ਹੈ। 31 ਦਸੰਬਰ 2022 ਨੂੰ ਇੱਥੇ ਸੈਕਟਰ-26 ਦੇ ਥਾਣੇ 'ਚ ਮਹਿਲਾ ਦੀ ਸ਼ਿਕਾਇਤ ਦਰਜ ਹੋਣ ਮਗਰੋਂ ਉਸ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਪਹਿਲੀ ਵਾਰ ਵਿਧਾਇਕ ਬਣਿਆ ਸੰਦੀਪ ਸਿੰਘ ਉਸ ਸਮੇਂ ਮੰਤਰੀ ਸੀ, ਜਦੋਂ ਉਸ ਖ਼ਿਲਾਫ਼ ਸ਼ਿਕਾਇਤ ਦਰਜ ਕੀਤੀ ਗਈ ਸੀ। ਆਪਣੀ ਸ਼ਿਕਾਇਤ 'ਚ ਸਬੰਧਤ ਮਹਿਲਾ ਨੇ ਦੋਸ਼ ਲਾਇਆ ਸੀ ਕਿ ਉਹ ਆਪਣੀ ਭਰਤੀ ਤੋਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਸੰਦੀਪ ਸਿੰਘ ਦੇ ਸੰਪਰਕ 'ਚ ਆਈ ਸੀ। ਉਸ ਨੇ ਕਿਹਾ ਕਿ ਮੁਲਜ਼ਮ ਨੇ 2 ਮਾਰਚ 2022 ਤੇ 1 ਜੁਲਾਈ 2022 ਨੂੰ ਉਸ ਨੂੰ ਆਪਣੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸੱਦਿਆ ਅਤੇ ਉਸ ਨਾਲ ਛੇੜਛਾੜ ਕੀਤੀ।

# ਵਿਦੇਸ਼ ਭੇਜਣ ਦੇ ਮਾਮਲਿਆਂ 'ਚ 48 .5 ਲੱਖ ਰੁਪਏ ਦੀ ਠੱਗੀ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਕਰਨ ਸਬੰਧੀ ਵੱਖ-ਵੱਖ ਥਾਣਿਆਂ ਵਿਚ ਦੋ ਕੇਸ ਦਰਜ ਕੀਤੇ ਹਨ। ਇਕ ਕੇਸ ਥਾਣਾ ਸੈਕਟਰ-3 ਦੀ ਪੁਲਿਸ ਵੱਲੋਂ ਹਰਿਆਣਾ ਦੇ ਜਗਾਧਰੀ ਵਿਚ ਰਹਿਣ ਵਾਲੀ ਔਰਤ ਦੀ ਸ਼ਿਕਾਇਤ 'ਤੇ ਚੰਡੀਗੜ੍ਹ ਵਿਚ ਰਹਿਣ ਵਾਲੀ ਔਰਤ ਵਿਰੁੱਧ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਮੁਲਜ਼ਮ ਨੇ ਉਸ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 38.5 ਲੱਖ ਰੁਪਏ ਲੈ ਲਏ, ਪਰ ਬਾਅਦ ਵਿਚ ਨਾ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ। ਦੂਜਾ ਮਾਮਲਾ, ਥਾਣਾ ਸੈਕਟਰ-39 ਦੀ ਪੁਲਿਸ ਨੇ ਮੁਹੰਮਦ ਇਰਸ਼ਾਦ ਆਲਮ ਵਾਸੀ ਬਿਹਾਰ ਦੀ ਸ਼ਿਕਾਇਤ 'ਤੇ ਵਿਕਰਮ ਤੇ ਰਿੰਕੂ ਵਿਰੁੱਧ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਮੁਲਜ਼ਮਾਂ ਨੇ ਉਸ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 10 ਲੱਖ ਰੁਪਏ ਲੈ ਲਏ, ਪਰ ਨਾ ਤਾਂ ਵਿਦੇਸ਼ ਭੇਜਿਆ ਅਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ।

# ਜੀ-20 ਦੇਸ਼ਾਂ ਦੇ ਵਿੱਤ ਮੰਤਰੀ ਵੱਲੋਂ ਅਰਬਪਤੀਆਂ ’ਤੇ ਟੈਕਸ ਲਗਾਉਣ ਦੇ ਵਿਚਾਰ ’ਤੇ ਸਹਿਮਤੀ ਦਾ ਪ੍ਰਗਟਾਵਾ




**ਰੀਓ ਡੀ ਜਨੇਰੀਓ, (ਪੰਜਾਬ ਮੇਲ)-** ਦੁਨੀਆਂ ਦੇ ਚੋਟੀ ਦੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਵਿੱਤ ਮੰਤਰੀਆਂ ਨੇ ਅਰਬਪਤੀਆਂ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਟੈਕਸ ਲਾਉਣ ਦੇ ਪ੍ਰਸਤਾਵ ’ਤੇ ਸ਼ੁੱਕਰਵਾਰ ਨੂੰ ਸਹਿਮਤੀ ਪ੍ਰਗਟਾਈ। ਇਹ ਜਾਣਕਾਰੀ ਇੱਕ ਸੰਯੁਕਤ ਮੰਤਰੀ ਪੱਧਰੀ ਘੋਸ਼ਣਾ ਪੱਤਰ ਵਿਚ ਦਿੱਤੀ ਗਈ ਹੈ। ਰੀਓ ਡੀ ਜਨੇਰੀਓ ਵਿਚ ਜੀ-20 ਵਿੱਤ ਮੰਤਰੀਆਂ ਦੀ ਦੋ ਦਿਨਾਂ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਘੋਸ਼ਣਾ ਵਿਚ ਕਿਹਾ ਗਿਆ ਹੈ, “ਟੈਕਸ ਦੀ ਪ੍ਰਭੂਸੱਤਾ ਲਈ ਪੂਰੇ ਸਨਮਾਨ ਦੇ ਨਾਲ, ਅਸੀਂ ਇਹ ਯਕੀਨੀ ਬਣਾਉਣ ਲਈ ਸਹਿਯੋਗ ਨਾਲ ਕੋਸ਼ਿਸ਼ ਕਰਾਂਗੇ ਕਿ ਅਰਬਪਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟੈਕਸ ਲਗਾਇਆ ਜਾਵੇ।”

ਬ੍ਰਾਜ਼ੀਲ ਨੇ ਰੀਓ ਡੀ ਜੇਨੇਰੀਓ ’ਚ 18-19 ਨਵੰਬਰ ਨੂੰ ਹੋਣ ਵਾਲੇ ਜੀ-20 ਸੰਮੇਲਨ ਤੋਂ ਪਹਿਲਾਂ ਅਰਬਪਤੀਆਂ ’ਤੇ ਘੱਟੋ-ਘੱਟ ਦੋ ਫੀਸਦੀ ਜਾਇਦਾਦ ਟੈਕਸ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਸਤਾਵ ’ਤੇ ਸਹਿਮਤੀ ਬਣਾਉਣਾ ਗਰੁੱਪ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਹੈ। ਹਾਲਾਂਕਿ ਮੈਨੀਫੈਸਟੋ ਇੱਕ ਖਾਸ ਗਲੋਬਲ ਟੈਕਸ ’ਤੇ ਸਮਝੌਤੇ ’ਤੇ ਪਹੁੰਚਣ ਵਿਚ ਅਸਫਲ ਰਿਹਾ, ਬ੍ਰਾਜ਼ੀਲ ਦੇ ਵਿੱਤ ਮੰਤਰੀ ਫਰਨਾਂਡੋ ਹਦਾਦ ਨੇ ਇਸਨੂੰ ਇੱਕ “ਮਹੱਤਵਪੂਰਨ ਕਦਮ” ਕਿਹਾ।

ਉਸਨੇ ਪੱਤਰਕਾਰਾਂ ਨੂੰ ਕਿਹਾ, “ਅਸੀਂ ਇਸ ਕਿਸਮ ਦੇ ਨਤੀਜੇ ਬਾਰੇ ਹਮੇਸ਼ਾ ਆਸ਼ਾਵਾਦੀ ਸੀ, ਪਰ ਇਹ ਅਸਲ ਵਿਚ ਸਾਡੀਆਂ ਸ਼ੁਰੂਆਤੀ ਉਮੀਦਾਂ ਤੋਂ ਵੱਧ ਗਿਆ”। ਫਰਾਂਸ, ਸਪੇਨ ਅਤੇ ਦੱਖਣੀ ਅਫਰੀਕਾ ਨੇ ਜਿੱਥੇ ਅਰਬਪਤੀਆਂ ’ਤੇ ਟੈਕਸ ਲਗਾਉਣ ਦੇ ਬ੍ਰਾਜ਼ੀਲ ਦੇ ਪ੍ਰਸਤਾਵ ਦਾ ਸਮਰਥਨ ਕੀਤਾ ਹੈ, ਉਥੇ ਅਮਰੀਕਾ ਇਸ ਦੇ ਖਿਲਾਫ ਹੈ। ਅਮਰੀਕੀ ਖਜ਼ਾਨਾ ਸਕੱਤਰ ਜੈਨੇਟ ਯੇਲੇਨ ਨੇ ਪੱਤਰਕਾਰਾਂ ਨੂੰ ਕਿਹਾ, “ਵਿਸ਼ਵ ਪੱਧਰ ’ਤੇ ਟੈਕਸ ਨੀਤੀ ਦਾ ਤਾਲਮੇਲ ਕਰਨਾ ਬਹੁਤ ਮੁਸ਼ਕਲ ਹੈ। ਸਾਨੂੰ ਕੋਈ ਲੋੜ ਨਹੀਂ ਦਿਖਾਈ ਦਿੰਦੀ ਹੈ ਅਤੇ ਅਸਲ ਵਿਚ ਇਸ ਸਬੰਧ ਵਿਚ ਇੱਕ ਗਲੋਬਲ ਸਮਝੌਤੇ ’ਤੇ ਗੱਲਬਾਤ ਕਰਨਾ ਫਾਇਦੇਮੰਦ ਨਹੀਂ ਲੱਗਦਾ ਹੈ।” ਬ੍ਰਾਜ਼ੀਲ-ਨਿਯੁਕਤ ਫ੍ਰੈਂਚ ਅਰਥ ਸ਼ਾਸਤਰੀ ਗੈਬਰੀਅਲ ਜ਼ੁਕਮੈਨ ਦੀ ਇੱਕ ਰਿਪੋਰਟ ਅਨੁਸਾਰ, ਅਰਬਪਤੀ ਇਸ ਸਮੇਂ ਆਪਣੀ ਜਾਇਦਾਦ ਦਾ 0.3 ਫੀਸਦੀ ਟੈਕਸ ਵਜੋਂ ਅਦਾ ਕਰਦੇ ਹਨ। ਰਿਪੋਰਟ ’ਚ ਕਿਹਾ ਗਿਆ ਹੈ ਕਿ ਦੋ ਫੀਸਦੀ ਵੈਲਥ ਟੈਕਸ ਲਗਾਉਣ ਨਾਲ ਵਿਸ਼ਵ ਪੱਧਰ ’ਤੇ ਲਗਭਗ 3,000 ਅਰਬਪਤੀਆਂ ਤੋਂ ਹਰ ਸਾਲ 200 ਅਰਬ ਡਾਲਰ ਤੋਂ 250 ਅਰਬ ਡਾਲਰ ਤੱਕ ਦਾ ਵਾਧਾ ਹੋਵੇਗਾ। ਰਿਪੋਰਟ ਮੁਤਾਬਕ ਇਸ ਪੈਸੇ ਦੀ ਵਰਤੋਂ ਸਿੱਖਿਆ ਅਤੇ ਸਿਹਤ ਸੰਭਾਲ ਵਰਗੀਆਂ ਜਨਤਕ ਸੇਵਾਵਾਂ ਦੇ ਨਾਲ-ਨਾਲ ਜਲਵਾਯੂ ਪਰਿਵਰਤਨ ਵਿਰੁੱਧ ਲੜਾਈ ਲਈ ਕੀਤੀ ਜਾ ਸਕਦੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ 11 ਮੈਂਬਰੀ ਪ੍ਰੀਜ਼ੀਡੀਅਮ ਦਾ ਜਲਦ ਹੋਵੇਗਾ ਐਲਾਨ




**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਅਹਿਮ ਫ਼ੈਸਲੇ ਲੈਣ ਵਾਲੀ 11 ਮੈਂਬਰੀ ਪ੍ਰੀਜ਼ੀਡੀਅਮ ਦਾ ਜਲਦ ਐਲਾਨ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਬਾਗੀ ਧੜੇ ਦੀ ਅਹਿਮ ਬੈਠਕ ਹੋਈ ਸੀ, ਜਿਸ ਵਿਚ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦਾ ਕਨਵੀਨਰ ਬਣਾਇਆ ਗਿਆ ਸੀ। ਇਸ ਦੇ ਨਾਲ ਹੀ 11 ਮੈਂਬਰੀ ਪ੍ਰੀਜ਼ੀਡੀਅਮ ਬਣਾਉਣ ਦੀ ਵੀ ਮੀਟਿੰਗ ’ਚ ਪ੍ਰਵਾਨਗੀ ਦਿੱਤੀ ਗਈ ਸੀ।

ਇਹ 11 ਮੈਂਬਰੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀਆਂ ਵੱਖ-ਵੱਖ ਗਤੀਵਿਧੀਆਂ ਤੋਂ ਇਲਾਵਾ ਹੋਰ ਅਹਿਮ ਫ਼ੈਸਲੇ ਲਵੇਗੀ। ਪ੍ਰੀਜ਼ੀਡੀਅਮ ਨੂੰ ਲੈ ਕੇ ਬਾਗੀ ਧੜੇ ਦੇ ਆਗੂਆਂ ਵੱਲੋਂ ਬੈਠਕਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸੋਮਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਪ੍ਰਧਾਨਗੀ ਹੇਠ ਇਕ ਅਹਿਮ ਬੈਠਕ ਹੋਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸੁਧਾਰ ਲਹਿਰ ਨੂੰ ਲੋਕਾਂ ਦਾ ਕਾਫੀ ਸਮਰਥਨ ਮਿਲ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਅਕਾਲੀ ਦਲ ਨੂੰ ਮੁੜ ਮਜ਼ਬੂਤ ਕਰਨ ਲਈ ਲੋਕਾਂ ਨੂੰ ਨਾਲ ਜੋੜਿਆ ਜਾ ਰਿਹਾ ਹੈ। ਪੰਜਾਬ ਦੇ ਹਿੱਤਾਂ ਦੀ ਰਾਖੀ ਦੇ ਲਈ ਅਤੇ ਲੋਕਾਂ ਨੂੰ ਪੰਜਾਬ ਨਾਲ ਹੋ ਰਹੇ ਧੱਕੇ ਪ੍ਰਤੀ ਜਾਗਰੂਕ ਕਰਨ ਲਈ, ਪੰਜਾਬ ਦੇ ਪਾਣੀਆਂ ਤੇ ਖੇਤੀਬਾੜੀ ਦੇ ਮਸਲੇ, ਪੰਥਕ ਮਸਲਿਆਂ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ 30 ਜੁਲਾਈ ਨੂੰ ਜਥੇਦਾਰ ਮੋਹਨ ਸਿੰਘ ਤੁੜ ਦੀ ਪਟਿਆਲਾ ਵਿਖੇ ਬਰਸੀ ਮਨਾਈ ਜਾਏਗੀ। 5 ਅਗਸਤ ਨੂੰ ਚੰਡੀਗੜ੍ਹ ਵਿਖੇ ‘ਸਿੱਖ ਸਿਆਸਤ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੋਲ’ ਸੈਮੀਨਾਰ ਕਰਵਾਇਆ ਜਾਵੇਗਾ। 10 ਅਗਸਤ ਨੂੰ ਜ਼ਿਲ੍ਹਾ ਜਲੰਧਰ ਵਿਖੇ ਮੀਟਿੰਗ ਕੀਤੀ ਜਾਵੇਗੀ। 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਬਰਸੀ ਮਨਾਈ ਜਾਵੇਗੀ। 24 ਸਤੰਬਰ ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ 100ਵਾਂ ਜਨਮ ਦਿਹਾੜਾ ਮਨਾਇਆ ਜਾਵੇਗਾ।

ਸਫਾ 1 ਦਾ ਬਾਕੀ

## ਐੱਚ.1ਬੀ ਵੀਜ਼ਾ ਲਈ ਰੈਨਡਮ ਸਲੈਕਸ਼ਨ ਕਰਵਾਉਣ ਦੀ ਤਿਆਰੀ...

ਸੂਚਨਾਵਾਂ ਦੀ ਇਹ ਦੂਜੀ ਪ੍ਰਕਿਰਿਆ ਕਦੋਂ ਪੂਰੀ ਕਰ ਲਵਾਂਗੇ। ਇਹ ਬਿਨੈਕਾਰਾਂ ਦੇ ਆਨਲਾਈਨ ਖਾਤਿਆਂ ’ਤੇ ਦਿਖਾਈ ਦੇਵੇਗਾ। ਨਿਯਮਤ ਕੈਪ ਤੋਂ ਇਲਾਵਾ ਯੂ.ਐੱਸ. ਉਨ੍ਹਾਂ ਲਈ 20,000 ਐੱਚ-1ਬੀ ਵੀਜ਼ਾ ਦੀ ਆਗਿਆ ਦਿੰਦਾ ਹੈ, ਜਿਨ੍ਹਾਂ ਕੋਲ ਯੂ.ਐੱਸ. ਮਾਸਟਰ ਜਾਂ ਇਸ ਤੋਂ ਵੱਧ ਡਿਗਰੀ ਹੈ। ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕੀਤਾ, ਹਾਲਾਂਕਿ, ਇਸ ਉੱਨਤ ਡਿਗਰੀ ਛੋਟ ਦੇ ਤਹਿਤ ਚੋਣ ਦਾ ਦੂਜਾ ਦੌਰ ਨਹੀਂ ਹੋਵੇਗਾ ਕਿਉਂਕਿ ਕਾਫ਼ੀ ਅਰਜ਼ੀਆਂ ਪਹਿਲਾਂ ਹੀ ਚੁਣੀਆਂ ਗਈਆਂ ਸਨ ਅਤੇ ਮਾਸਟਰ ਦੀ ਕੈਪ ਅਲਾਟਮੈਂਟ ਲਈ ਲੋੜੀਂਦੀਆਂ ਪਟੀਸ਼ਨਾਂ ਪ੍ਰਾਪਤ ਹੋ ਚੁੱਕੀਆਂ ਸਨ।

ਹਰੇਕ ਕੈਪ ਸੀਜ਼ਨ ਲਈ ਯੂ.ਐੱਸ.ਸੀ.ਆਈ.ਐੱਸ. ਐੱਚ-1ਬੀ ਵੀਜ਼ਾ ਲਈ ਲਾਭਪਾਤਰੀਆਂ ਦੀ ਚੋਣ ਕਰਨ ਲਈ ਇੱਕ ਲਾਟਰੀ ਸਿਸਟਮ ਅਪਣਾਉਂਦਾ ਹੈ। ਇਸ ਸਾਲ ਦੇ ਸ਼ੁਰੂ ਵਿਚ ਇਸਨੇ ਇੱਕ ਵਿਲੱਖਣ ਲਾਭਪਾਤਰੀ-ਕੇਂਦ੍ਰਿਤ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਲਾਗੂ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ ਸਿਸਟਮ ਦੀ ਦੁਰਵਰਤੋਂ ਅਤੇ ਧੋਖਾਧੜੀ ਨੂੰ ਖਤਮ ਕੀਤਾ ਜਾਵੇਗਾ। ਯੂ.ਐੱਸ.ਸੀ.ਆਈ.ਐੱਸ. ਨੇ ਹਾਲ ਹੀ ਵਿਚ ਫੀਸਾਂ ਵਿਚ ਭਾਰੀ ਵਾਧੇ ਨੂੰ ਵੀ ਲਾਗੂ ਕੀਤਾ, ਜਿਸ ਤਹਿਤ ਰਜਿਸਟ੍ਰੇਸ਼ਨ ਫੀਸ ਨੂੰ 10 ਡਾਲਰ ਤੋਂ ਵਧਾ ਕੇ 215 ਡਾਲਰ ਅਤੇ ਅਰਜ਼ੀ ਫੀਸ 460 ਡਾਲਰ ਤੋਂ ਵਧਾ ਕੇ 780 ਡਾਲਰ ਕਰ ਦਿੱਤੀ। ਇਹ ਇੱਕ ਅਜਿਹਾ ਕਦਮ ਸੀ, ਜਿਸ ਨੇ ਭਾਰਤੀ ਆਈ.ਟੀ. ਉਦਯੋਗ ਵਿਚ ਚਿੰਤਾਵਾਂ ਹੋਰ ਵਧਾ ਦਿੱਤੀਆਂ ਹਨ।

# ਮੈਕਸੀਕਨ ਡਰੱਗ ਮਾਫੀਆ ਅਮਰੀਕਾ ’ਚ ਗ੍ਰਿਫ਼ਤਾਰ

**ਟੈਕਸਾਸ, (ਪੰਜਾਬ ਮੇਲ)-** ਮੈਕਸੀਕੋ ਦੇ ਬਦਨਾਮ ਡਰੱਗ ਮਾਲਕ ਅਤੇ ਸਿਨਾਲੋਆ ਕਾਰਟੈਲ ਦੇ ਸਹਿ-ਸੰਸਥਾਪਕ, ਇਸਮਾਈਲ “ਏਲ ਮੇਓ” ਜ਼ਾਂਬਾਡਾ ਨੂੰ ਅਮਰੀਕਾ ਦੇ ਸੰਘੀ ਏਜੰਟਾਂ ਨੇ ਟੈਕਸਾਸ ਦੇ ਐਲ ਪਾਸੋ ਵਿਚ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਨਾਲ ਐਲ ਚਾਪੋ ਦੇ ਬੇਟੇ ਜੋਕਿਨ ਗੁਜ਼ਮੈਨ ਲੋਪੇਜ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ੈਂਬਾਡਾ ’ਤੇ ਫੈਂਟਾਨਿਲ ਦੇ ਨਿਰਮਾਣ ਅਤੇ ਤਸਕਰੀ ਅਤੇ ਹੋਰ ਨਸ਼ੀਲੇ ਪਦਾਰਥਾਂ (ਕੋਕੀਨ, ਹੈਰੋਇਨ, ਮੇਥਾਮਫੇਟਾਮਾਈਨ) ਦੀ ਤਸਕਰੀ ਕਰਨ ਦਾ ਦੋਸ਼ ਹੈ। ਅਮਰੀਕੀ ਸਰਕਾਰ ਨੇ ਜ਼ਾਂਬਾਡਾ ਦੀ ਗ੍ਰਿਫ਼ਤਾਰੀ ਲਈ 15 ਮਿਲੀਅਨ ਡਾਲਰ (125 ਕਰੋੜ) ਦੇ ਇਨਾਮ ਦਾ ਐਲਾਨ ਕੀਤਾ ਸੀ।

**■ ਸਰਕਾਰ ਨੇ ਰੱਖਿਆ ਸੀ 125 ਕਰੋੜ ਦਾ ਇਨਾਮ**



ਅਮਰੀਕੀ ਨਿਆਂ ਵਿਭਾਗ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦੋਵਾਂ ’ਤੇ ਕਾਰਟੇਲ ਨਾਲ ਸਬੰਧਤ ਕਈ ਅਪਰਾਧਿਕ ਕਾਰਵਾਈਆਂ, ਖਾਸ ਤੌਰ ’ਤੇ ਫੈਂਟਾਨਿਲ ਦੇ ਨਿਰਮਾਣ ਅਤੇ ਤਸਕਰੀ ਦੇ ਦੋਸ਼ ਲਗਾਏ ਗਏ ਹਨ। ਜ਼ਾਂਬਾਡਾ (76) ਨੇ ਜੋਆਕਿਨ “ਏਲ ਚਾਪੋ” ਗੁਜ਼ਮੈਨ ਨਾਲ ਅਪਰਾਧ ਸਿੰਡੀਕੇਟ ਦੀ ਸਥਾਪਨਾ ਕੀਤੀ, ਜੋ ਵਰਤਮਾਨ ਵਿਚ ਅਮਰੀਕਾ ਵਿਚ ਜੇਲ੍ਹ ਵਿਚ ਬੰਦ ਹੈ। ਫਰਵਰੀ ਵਿਚ ਅਮਰੀਕੀ ਵਕੀਲਾਂ ਦੁਆਰਾ ਜ਼ੈਂਬਾਡਾ ’ਤੇ ਫੈਂਟਾਨਿਲ ਬਣਾਉਣ ਅਤੇ ਵੰਡਣ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ। ਇਹ ਡਰੱਗ ਹੈਰੋਇਨ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ ਅਤੇ ਇਸ ਨੂੰ ਅਮਰੀਕੀ ਓਪੀਔਡ ਸੰਕਟ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਯੂ.ਐੱਸ. ਦੇ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕਿਹਾ ਕਿ ਦੋਵੇਂ ਵਿਅਕਤੀ “ਦੁਨੀਆਂ ਦੇ ਸਭ ਤੋਂ ਹਿੰਸਕ ਅਤੇ ਸ਼ਕਤੀਸ਼ਾਲੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਵਿਚੋਂ ਇੱਕ” ਦੀ ਅਗਵਾਈ ਕਰਦੇ ਹਨ। ਗਾਰਲੈਂਡ ਨੇ ਕਿਹਾ ਕਿ ਐਲ ਮੇਓ ਅਤੇ ਗੁਜ਼ਮਾਨ ਲੋਪੇਜ਼ ਸਿਨਾਲੋਆ ਕਾਰਟੇਲ ਦੇ ਨੇਤਾਵਾਂ ਅਤੇ ਸਹਿਯੋਗੀਆਂ ਦੀ ਵਧ ਰਹੀ ਸੂਚੀ ਵਿਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਨੂੰ ਨਿਆਂ ਵਿਭਾਗ ਸੰਯੁਕਤ ਰਾਜ ਵਿਚ ਜਵਾਬਦੇਹ ਠਹਿਰਾ ਰਿਹਾ ਹੈ।

ਸਫਾ 1 ਦਾ ਬਾਕੀ

## ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਨਵੀਂ ਪਾਰਟੀ...

ਪੰਜਾਬ ਵਿਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਸੰਸਦ ਮੈਂਬਰ ਤੇ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 8 ਅਗਸਤ ਨੂੰ ਇਸ ਸਬੰਧ ਵਿਚ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜੀਆਂ ਜਾਣਗੀਆਂ।

ਸਫਾ 1 ਦਾ ਬਾਕੀ

## ਅਕਾਲੀ ਦਲ ਨੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ...

ਅਤੇ ਗੁਲਜ਼ਾਰ ਸਿੰਘ ਰਣੀਕੇ (ਟੈਲੀਫੋਨ ਰਾਹੀਂ) ਸ਼ਾਮਲ ਹੋਏ। ਉਨ੍ਹਾਂ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਪਾਰਟੀ ਵਿਰੋਧੀ ਕਾਰਵਾਈਆਂ ਬਾਰੇ ਚਰਚਾ ਕੀਤੀ। ਅਨੁਸ਼ਾਸਨੀ ਕਮੇਟੀ ਨੇ ਵਿਚਾਰ-ਵਟਾਂਦਰੇ ਮਗਰੋਂ ਆਖਿਆ ਕਿ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ, ਜਿਸ ਕਾਰਨ ਉਕਤ ਆਗੂਆਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸ਼੍ਰੀ ਭੂੰਦੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਮੇਟੀ ਲੰਮੇ ਵਿਚਾਰ-ਵਟਾਂਦਰੇ ਮਗਰੋਂ ਇਸ ਨਿਚੋੜ ’ਤੇ ਪਹੁੰਚੀ ਹੈ ਕਿ ਉਪਰੋਕਤ ਸਾਰੇ ਆਗੂਆਂ ਦਾ ਇੱਕੋ-ਇੱਕ ਮਕਸਦ ਪਾਰਟੀ ਦੇ ਦੁਸ਼ਮਣਾਂ ਦੀ ਸ਼ਹਿ ’ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਹੈ। ਪਾਰਟੀ ਇਨ੍ਹਾਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰੇਗੀ, ਇਸ ਲਈ ਉਪਰੋਕਤ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਵੱਲੋਂ ਬੀਤੀ 26 ਜੂਨ ਨੂੰ ਹੋਈ ਮੀਟਿੰਗ ਵਿਚ ਇੱਕ ਮਤਾ ਪਾਸ ਕਰ ਕੇ ਇਨ੍ਹਾਂ ਸਾਰੇ ਆਗੂਆਂ ਨੂੰ ਸੁਹਿਰਦਤਾ ਨਾਲ ਅਪੀਲ ਕੀਤੀ ਗਈ ਸੀ ਕਿ ਉਹ ਜੋ ਕੁਝ ਵੀ ਕਹਿਣਾ ਚਾਹੁੰਦੇ ਹਨ, ਪਾਰਟੀ ਫੋਰਮ ’ਤੇ ਆ ਕੇ ਕਹਿਣ। ਜੇ ਉਹ ਮੀਟਿੰਗ ਵਿਚ ਗੱਲ ਕਰਨ ਦੀ ਬਜਾਇ ਬਾਹਰ ਮੀਡੀਆ ਵਿਚ ਜਾ ਕੇ ਪਾਰਟੀ ਨੂੰ ਢਾਹ ਲਾਉਣ ਲਈ ਝੂਠਾ ਭੰਡੀ ਪ੍ਰਚਾਰ ਕਰਦੇ ਹਨ, ਤਾਂ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਦਾ ਪਾਰਟੀ ਵਿਚ ਕੋਈ ਭਰੋਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪਾਰਟੀ ਖਿਲਾਫ਼ ਖੁੱਲ੍ਹ ਕੇ ਯੋਜਨਾਬੱਧ ਢੰਗ ਨਾਲ ਕੂੜ ਪ੍ਰਚਾਰ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨ ਭੰਗ ਕਰਨ ਵਾਲਿਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਬਾਰੇ ਖਾਮੋਸ਼ ਦਿਖਾਈ ਦਿੱਤੀ, ਜਿਨ੍ਹਾਂ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ। ਹਾਲਾਂਕਿ, ਸੁਖਦੇਵ ਸਿੰਘ ਢੀਂਡਸਾ ਵੀ ਪਾਰਟੀ ਤੋਂ ਨਾਰਾਜ਼ ਚੱਲ ਰਹੇ ਹਨ। ਉਨ੍ਹਾਂ ਦੇ ਘਰ ਕਈ ਵਾਰ ਨਾਰਾਜ਼ ਆਗੂਆਂ ਦੀਆਂ ਮੀਟਿੰਗਾਂ ਹੋਈਆਂ ਅਤੇ ਉਹ ਵੀ ਕਈ ਵਾਰ ਇਨ੍ਹਾਂ ਆਗੂਆਂ ਦੀਆਂ ਮੀਟਿੰਗਾਂ ਵਿਚ ਦਿਖਾਈ ਦਿੱਤੇ, ਪਰ ਇਸ ਦੇ ਬਾਵਜੂਦ ਅਨੁਸ਼ਾਸਨੀ ਕਮੇਟੀ ਨੇ ਉਨ੍ਹਾਂ ਦੇ ਨਾਂ ’ਤੇ ਚੁੱਪ ਵੱਟੀ ਰੱਖੀ। ਇਸ ਸਬੰਧੀ ਕਈ ਤਰ੍ਹਾਂ ਦੇ ਚਰਚੇ ਚੱਲ ਰਹੇ ਹਨ।

ਸਫਾ 1 ਦਾ ਬਾਕੀ

## ਡਰੱਗ ਮਾਮਲਾ: ਵਿਸ਼ੇਸ਼ ਈ.ਡੀ. ਅਦਾਲਤ ਵੱਲੋਂ ਜਗਦੀਸ਼...

ਅਰਜੁਨ ਐਵਾਰਡੀ ਪਹਿਲਵਾਨ ਰੁਸਤਮ-ਏ-ਹਿੰਦ ਜਗਦੀਸ਼ ਭੋਲਾ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਇਸ ਮਗਰੋਂ ਉਸ ਨੂੰ ਡੀ.ਐੱਸ.ਪੀ. ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਪੰਜਾਬ ਪੁਲਿਸ ਸਮੇਤ ਕੌਮੀ ਜਾਂਚ ਏਜੰਸੀਆਂ ਦੀ ਮੁੱਢਲੀ ਪੜਤਾਲ ਦੌਰਾਨ ਨਸ਼ਿਆਂ ਦੇ ਇਸ ਰੈਕੇਟ ਦਾ ਪੰਜਾਬ ਸਮੇਤ ਬਾਹਰਲੇ ਮੁਲਕਾਂ ਤੱਕ ਫੈਲੇ ਹੋਣ ਦਾ ਖ਼ੁਲਾਸਾ ਹੋਇਆ ਸੀ। ਸਾਲ 2019 ਵਿਚ ਮੁਹਾਲੀ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਐੱਨ.ਡੀ.ਪੀ.ਐੱਸ. ਐਕਟ ਤਹਿਤ 25 ਵਿਅਕਤੀਆਂ ਨੂੰ ਦੋਸ਼ੀ ਮੰਨਦਿਆਂ ਸਜ਼ਾ ਸੁਣਾਈ ਸੀ। ਹਾਲਾਂਕਿ ਪੰਜਾਬ ਪੁਲਿਸ ਨੇ ਜਗਦੀਸ਼ ਭੋਲਾ ਦੀ ਗ੍ਰਿਫ਼ਤਾਰੀ ਕੀਤੀ ਸੀ ਪ੍ਰੰਤੂ ਬਾਅਦ ਵਿਚ ਇਸ ਬਹੁ-ਚਰਚਿਤ ਮਾਮਲੇ ਵਿਚ ਨਿੱਤ ਨਵੇਂ ਖ਼ੁਲਾਸੇ ਹੁੰਦੇ ਗਏ। ਬਾਅਦ ਵਿਚ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਅਤੇ ਮਨੀ ਲਾਂਡਰਿੰਗ ਸਬੰਧੀ ਜਾਂਚ ਈ.ਡੀ. ਨੇ ਆਰੰਭੀ ਸੀ। ਈ.ਡੀ. ਨੇ ਜਗਦੀਸ਼ ਭੋਲਾ ਨੂੰ ਉਦੋਂ ਹਿਰਾਸਤ ਵਿਚ ਲੈ ਲਿਆ ਸੀ, ਜਦੋਂ ਉਸ ਦੇ ਅਤੇ ਸਹਿਯੋਗੀਆਂ ਵਿਰੁੱਧ ਨਸ਼ਿਆਂ ਦੇ ਮਾਮਲਿਆਂ ਨਾਲ ਜੁੜੇ ਮਨੀ ਲਾਂਡਰਿੰਗ ਦੇ ਦੋਸ਼ਾਂ ਤਹਿਤ ਉਸ ਤੋਂ ਪੁੱਛਗਿੱਛ ਕੀਤੀ ਗਈ। ਮੁੱਢਲੀ ਪੜਤਾਲ ਤੋਂ ਬਾਅਦ ਈ.ਡੀ. ਨੇ ਸਬੰਧਤ ਮੁਲਜ਼ਮਾਂ ਦੀਆਂ ਜਾਇਦਾਦਾਂ ਵੀ ਕੁਰਕ ਕੀਤੀਆਂ ਸਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਜਗਦੀਸ਼ ਭੋਲਾ ਨੇ ਆਪਣੇ ਪਿਤਾ ਦੇ ਸਸਕਾਰ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਇਹ ਦਾਅਵਾ ਕੀਤਾ ਸੀ ਕਿ ਜੇ ਨਸ਼ਿਆਂ ਬਾਰੇ ਦੋਸ਼ ਸਾਬਤ ਹੋ ਜਾਣ, ਤਾਂ ਫਿਰ ਭਾਵੇਂ ਫ਼ਾਂਸੀ ਦੇ ਦਿੱਤੀ ਜਾਵੇ, ਉਸ ਨੂੰ ਕੋਈ ਮਲਾਲ ਨਹੀਂ ਰਹੇਗਾ।

ਸਫਾ 1 ਦਾ ਬਾਕੀ

## ਡਰੱਗ ਰੈਕੇਟ ਮਾਮਲਾ; ਮਜੀਠੀਆ ਤੀਜੀ ਵਾਰ ਵੀ ਐੱਸ.ਆਈ.ਟੀ. ...

ਕੇ ਨੋਟਿਸ ਜਾਰੀ ਕਰ ਦਿੱਤਾ ਜਾਂਦਾ ਹੈ, ਜਦਕਿ ਐੱਸ.ਆਈ.ਟੀ. ਮੇਰੇ ਖ਼ਿਲਾਫ਼ ਕੇਸਾਂ ਤੋਂ ਜਾਣੂ ਹੈ। ਮਜੀਠੀਆ ਨੇ ਕਿਹਾ ਕਿ ਕੇਸਾਂ ਦਾ ਜ਼ਿਕਰ ਮੇਰੀ ਜ਼ਮਾਨਤ ਦੀ ਅਰਜ਼ੀ ’ਚ ਵੀ ਹੈ। ਪਹਿਲਾਂ ਸੁਪਰੀਮ ਕੋਰਟ ਅਤੇ ਹੁਣ ਚੰਡੀਗੜ੍ਹ ਕੋਰਟ ’ਚ ਪੇਸ਼ੀ ਦੇ ਦਿਨ ਜਾਣਬੁੱਝ ਕੇ ਨੋਟਿਸ ਜਾਰੀ ਕੀਤੇ ਗਏ ਹਨ, ਜਦਕਿ ਮੇਰੇ ਵੱਲੋਂ ਐੱਸ.ਆਈ.ਟੀ. ਨੂੰ ਪਹਿਲੇ ਦਿਨ ਤੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

ਐੱਸ.ਆਈ.ਟੀ. ਨੂੰ ਜਦੋਂ ਮਜੀਠੀਆ ਵੱਲੋਂ ਗਏ ਦੋਸ਼ਾਂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਦੱਸਿਆ ਕਿ ਮਜੀਠੀਆ ਨੇ ਕਦੇ ਵੀ ਆਪਣੀ ਆਉਣ ਵਾਲੀ ਅਦਾਲਤੀ ਸੁਣਵਾਈ ਬਾਰੇ ਐੱਸ.ਆਈ.ਟੀ. ਨੂੰ ਸੂਚਿਤ ਨਹੀਂ ਕੀਤਾ। ਜਦੋਂ ਵੀ ਉਸ ਨੂੰ ਸੰਮਨ ਭੇਜੇ ਜਾਂਦੇ ਹਨ, ਤਾਂ ਉਸ ਨੇ ਕਦੇ ਇਤਰਾਜ਼ ਨਹੀਂ ਕੀਤਾ, ਸਗੋਂ ਜਦੋਂ ਐੱਸ.ਆਈ.ਟੀ. ਜਾਂਚ ਦੀ ਤਰੀਕ ਤੈਅ ਕਰਦੀ ਹੈ, ਤਾਂ ਉਹ ਆਪਣਾ ਜਵਾਬ ਭੇਜ ਦਿੰਦਾ ਹੈ। ਮਜੀਠੀਆ ਵੱਲੋਂ ਜਿਹੜੇ ਦੋਸ਼ ਲਗਾਏ ਗਏ ਹਨ ਕਿ ਐੱਸ.ਆਈ.ਟੀ. ਉਸ ਨੂੰ ਅਦਾਲਤ ’ਚ ਪੇਸ਼ ਹੋਣ ਤੋਂ ਰੋਕਦੀ ਹੈ, ਉਹ ਬੇਬੁਨਿਆਦ ਹਨ। ਜਦਕਿ ਮਜੀਠੀਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਅਦਾਲਤੀ ਕੇਸਾਂ ਦੀ ਸੁਣਵਾਈ ਬਾਰੇ ਐੱਸ.ਆਈ.ਟੀ. ਨੂੰ ਪਹਿਲਾਂ ਹੀ ਸੂਚਿਤ ਕਰੇ, ਤਾਂ ਕਿ ਉਸ ਨੂੰ ਕਿਸੇ ਹੋਰ ਦਿਨ ਲਈ ਸੰਮਨ ਜਾਰੀ ਕੀਤੇ ਜਾ ਸਕਣ। ਐੱਸ.ਆਈ.ਟੀ. ਦੇ ਮੈਂਬਰਾਂ ਦਾ ਕਹਿਣਾ ਸੀ ਕਿ ਮਾਮਲੇ ’ਚ ਜੇਕਰ ਮਜੀਠੀਆ ਨੇ ਸੰਮਨ ਭੇਜਣ ਵਾਲੇ ਅਧਿਕਾਰੀ ਨੂੰ ਸੂਚਿਤ ਕੀਤਾ ਹੁੰਦਾ ਜਾਂ ਨਿਰਧਾਰਤ ਮਿਤੀ (ਜੁਲਾਈ 30, 2024) ਤੋਂ ਪਹਿਲਾਂ ਸਾਨੂੰ ਸੂਚਿਤ ਕੀਤਾ ਹੁੰਦਾ, ਤਾਂ ਐੱਸ.ਆਈ.ਟੀ. ਵੱਲੋਂ ਨਿਸ਼ਚਿਤ ਤੌਰ ’ਤੇ ਤਾਰੀਖ਼ ਨੂੰ ਬਦਲ ਦਿੱਤਾ ਜਾਂਦਾ।

# ਵੋਟ-ਬਟੋਰੂ ਛਲਾਵੇ ਭਰਪੂਰ ਬਜ਼ਟ-2024

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਦੇਸ਼ ਭਾਰਤ ਵਿਚ ਬਣਾਏ-ਉਸਾਰੇ ਜਾ ਰਹੇ ਇਸ ਕਿਸਮ ਦੇ ਮਾਹੌਲ ਦਾ ਜ਼ਿੰਮੇਵਾਰ ਕੌਣ ਹੈ, ਜਿਥੇ ਦੇਸ਼ ਦਾ ਬਜ਼ਟ ਬਨਾਉਣ, ਪੇਸ਼ ਕਰਨ ਵੇਲੇ ਵੀ ਕੁਝ ਸੂਬਿਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਤੇ ਕੁਝ ਸੂਬਿਆਂ ਨੂੰ ਗੱਫੇ ਦਿੱਤੇ ਗਏ ਹਨ। ਕੀ ਇਹ ਸੰਘੀ ਸਟੇਟ ਭਾਰਤ ਦੇ ਸੰਘੀ ਢਾਂਚੇ 'ਤੇ ਵੱਡੀ ਸੱਟ ਨਹੀਂ ਹੈ? ਸੂਬੇ ਦਾ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ ਅਤੇ ਸੂਬਾ ਆਰਥਿਕ ਐਮਰਜੈਂਸੀ ਦੇ ਕੰਢੇ ਪੁੱਜ ਚੁੱਕਾ ਹੈ, ਇਹੋ ਜਿਹੇ ਹਾਲਤਾਂ 'ਚ ਇਹ ਸੂਬਾ ਜਿਸਨੇ ਸਦਾ ਦੇਸ਼ ਨੂੰ ਵੱਡਾ ਅੰਨ ਭੰਡਾਰ ਦਿੱਤਾ, ਵਿਸ਼ੇਸ਼ ਪੈਕੇਜ ਦਾ ਹੱਕਦਾਰ ਨਹੀਂ?

ਆਪਣੇ ਆੜੀ ਆਂਧਰਾ-ਬਿਹਾਰ ਨੂੰ ਤਾਂ 73,900 ਕਰੋੜ ਰੁਪਏ ਦੀ ਬਜ਼ਟ ਵਿਚ ਖ਼ਾਸ ਵਿਵਸਥਾ ਕੀਤੀ ਗਈ ਹੈ, ਪਰ ਸਰਹੱਦੀ ਸੂਬੇ ਪੰਜਾਬ ਅਤੇ ਬੰਗਾਲ ਦੇ ਹੱਥ ਖਾਲੀ ਹਨ। ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕਜ ਦੀ ਝਾਕ ਲਗਾਈ ਬੈਠੇ ਪੰਜਾਬ, ਜੋ ਖੇਤੀ ਸੰਕਟ ਹੰਢਾ ਰਿਹਾ ਹੈ, ਨਾਰਕੋ ਅੱਤਵਾਦ ਦਾ ਜਿਥੇ ਪ੍ਰਕੋਪ ਹੈ, ਸਨੱਅਤੀ ਖੇਤਰ ਨੂੰ ਜਿਥੇ ਮੁਸ਼ਕਲਾਂ ਦਰਪੇਸ਼ ਹਨ, ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖੁਦਕੁਸ਼ੀਆਂ ਵੱਡੇ ਮਸਲੇ ਹਨ। ਕਿਸਾਨ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਮੰਗਦੇ ਹਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਚਾਹੁੰਦੇ ਹਨ।

ਦੇਸ਼ ਦੇ ਮੌਜੂਦਾ ਵੋਟ-ਬਟੋਰੂ ਬਜ਼ਟ-2024 ਦਾ ਫ਼ਾਇਦਾ ਕਿਸ ਨੂੰ ਹੋਏਗਾ?

ਕੀ ਆਮ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਗਰੀਬੀ ਹੰਢਾ ਰਹੇ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਹਨ।

ਕੀ ਨੌਜਵਾਨਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਬੇਰੁਜ਼ਗਾਰੀ ਦੀ ਦਲਦਲ 'ਚ ਫਸੇ ਹੋਏ ਹਨ। ਹੱਥ ਡਿਗਰੀਆਂ ਹਨ, ਪਰ ਰੁਜ਼ਗਾਰ ਨਹੀਂ। ਬੇਬਸੀ 'ਚ ਪ੍ਰਵਾਸ ਦੇ ਰਾਹ ਹਨ।

ਕੀ ਦੇਸ਼ ਦੇ ਮੱਧ ਵਰਗੀ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਮਹਿੰਗਾਈ 'ਚ ਨਪੀੜੇ ਜਾ ਰਹੇ ਹਨ। ਜਿਹੜੇ ਆਮਦਨ ਕਰ 'ਚ ਛੋਟ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ।

ਜਾਂ ਫਿਰ ਇਸਦਾ ਫ਼ਾਇਦਾ ਸਿਰਫ਼ ਦੇਸ਼ ਦਾ ਕਾਰਪੋਰੇਟ ਸੈਕਟਰ ਲਏਗਾ, ਜਿਸ ਦੀਆਂ ਝੋਲੀਆਂ ਇਸ ਬਜ਼ਟ ਨੇ ਭਰ ਦਿੱਤੀਆਂ ਹਨ ਜਾਂ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਹੋਏਗਾ, ਜਿਨ੍ਹਾਂ ਦਾ ਟੈਕਸ ਘਟਾ ਦਿੱਤਾ ਗਿਆ ਹੈ।

ਬਜ਼ਟ ਵਿਚ ਅਸਲੀਅਤ ਨਾਲੋਂ ਛਲਾਵਾ ਵੱਧ ਹੈ। ਕਹਿਣ ਨੂੰ ਤਾਂ ਪਹਿਲੀ ਵਾਰ ਰੁਜ਼ਗਾਰ ਪ੍ਰਾਪਤ ਕਰਨ ਵਾਲੇ 50 ਲੱਖ ਨੌਜਵਾਨਾਂ ਨੂੰ ਤਿੰਨ ਕਿਸ਼ਤਾਂ ਵਿਚ 15000 ਰੁਪਏ ਪ੍ਰਤੀ ਮਿਲਣਗੇ ਤੇ ਇਹ ਇੱਕ ਲੱਖ ਰੁਪਏ ਦੀ ਮਾਸਿਕ ਨੌਕਰੀ ਵਾਲਿਆਂ ਨੂੰ ਮਿਲਣਗੇ ਪਰ ਦੇਸ਼ ਦੀ ਕੁੱਲ ਅਸਿੱਖਿਅਤ ਨੌਜਵਾਨ ਵਸੋਂ, ਜੋ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਯੋਗ ਆਬਾਦੀ ਦਾ 51.4 ਫ਼ੀਸਦੀ ਹੈ, ਕੀ ਬਣੇਗਾ? ਇਸ ਬਾਰੇ ਬਜ਼ਟ ਚੁੱਪ ਹੈ।

ਬਜ਼ਟ ਵਿਚ ਸਿੱਖਿਆ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਗਈ ਹੈ, ਪਰ ਸਿੱਖਿਆ ਦਾ ਬਜ਼ਟ 9000 ਕਰੋੜ ਘਟਾ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਪ੍ਰਾਪਤੀ ਦੀ ਦਰ ਯੂਨੀਵਰਸਿਟੀ ਪੱਧਰ ਤੱਕ ਚਾਰ ਗੁਣਾਂ ਵਧੀ ਪਰ ਪਿਛਲੇ ਦਸ ਸਾਲਾਂ ਵਿਚ ਬੇਰੁਜ਼ਗਾਰੀ ਦਰ 5.4 ਫ਼ੀਸਦੀ ਤੋਂ ਵਧਕੇ 9.2 ਫ਼ੀਸਦੀ ਹੋ ਗਈ ਹੈ। ਬਜ਼ਟ ਵਿਚ ਮੁੱਢਲੀ ਸਿੱਖਿਆ ਲਈ ਰਕਮ ਥੋੜ੍ਹੀ ਵਧਾਈ ਗਈ ਹੈ, ਪਰ ਉੱਚ ਸਿੱਖਿਆ ਉੱਤੇ ਆਰਾ ਚਲਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਤੋਂ ਬਾਹਰ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ 10 ਲੱਖ ਦਾ ਕਰਜ਼ਾ ਦੇਣ ਦਾ ਪ੍ਰਾਵਾਧਾਨ ਕੀਤਾ ਗਿਆ ਹੈ। ਕੀ ਦੇਸ਼ ਦੀ ਨੌਜਵਾਨਾਂ ਨੂੰ ਸਿਆਣੇ ਬਨਣ ਤੋਂ ਰੋਕਣ ਲਈ ਕੋਈ ਵਿਉਂਤ ਬੁਣੀ ਜਾ ਰਹੀ ਹੈ? ਅੱਜ ਜਦੋਂ ਦੇਸ਼ ਦਾ ਨੌਜਵਾਨ ਹੁਨਰ ਰਹਿਤ ਹੈ, ਰੁਜ਼ਗਾਰ ਰਹਿਤ ਹੈ, ਸਰਕਾਰ ਦੀ ਵੱਧ ਤਵੱਜੋ ਚਾਹੁੰਦਾ ਹੈ।

ਸਿਹਤ ਦਾ ਬਜ਼ਟ 13 ਫ਼ੀਸਦੀ ਵਧਾਕੇ 90,958 ਕਰੋੜ ਕਰ ਦਿੱਤਾ ਗਿਆ, ਆਯੂਸ਼ਮਾਨ ਭਾਰਤ ਬੀਮਾ ਯੋਜਨਾ ਰਾਸ਼ੀ ਵੀ 1.4 ਫ਼ੀਸਦੀ ਵਧੀ ਹੈ, ਪਰ ਕੋਈ ਨਵੀਂ ਸਿਹਤ ਸਕੀਮ ਚਾਲੂ ਨਹੀਂ ਕੀਤੀ ਗਈ। ਆਯੂਸ਼ਮਾਨ ਭਾਰਤ ਸਿਹਤ ਸਕੀਮ ਪਹਿਲਾਂ ਹੀ ਡਾਕਟਰੀ ਮਾਫੀਆ ਦੀ ਸ਼ਿਕਾਰ ਹੈ ਅਤੇ ਲੋਕ ਸਿਹਤ ਪੱਖੋਂ ਪਹਿਲਾਂ ਹੀ ਸੰਤਾਪ ਹੰਢਾ ਰਹੇ ਹਨ।

ਖੇਤੀ ਖੇਤਰ ਨੂੰ ਨਵੀਆਂ ਸੌਗਾਤਾਂ ਦੇਣ ਦੀ ਗੱਲ ਕੀਤੀ ਗਈ ਹੈ, ਦੋ ਸਾਲਾਂ 'ਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨਾ ਮਿਥਿਆ ਗਿਆ ਹੈ। ਪਰ ਕਿਸਾਨਾਂ ਦੇ ਭਲੇ ਵਾਲੀਆਂ ਅਤੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਡਾ: ਸਵਾਮੀਨਾਥਨ ਦੀ ਰਿਪੋਰਟ ਬਾਰੇ ਚੁੱਪੀ ਰੜਕਦੀ ਹੈ ਤੇ ਖੇਤੀ ਬਜ਼ਟ 'ਤੇ ਕਿਸਾਨ ਆਗੂ ਰਾਕੇਸ਼ ਟਕੇਤ ਦੇ ਸ਼ਬਦਾਂ 'ਚ"ਬਜ਼ਟ ਨਾਲ ਕਿਸਾਨਾਂ ਨੂੰ ਖੇਤੀ ਦਾ ਸਮਾਜ ਵੇਚਣ ਵਾਲਿਆਂ ਨੂੰ ਫਾਇਦਾ ਹੋਵੇਗਾ", ਅਸਲ ਸੱਚਾਈ ਪ੍ਰਗਟ ਕਰਦਾ ਹੈ।

ਦੇਸ਼ ਦੀ ਆਬਾਦੀ 140 ਕਰੋੜ ਤੋਂ ਪਾਰ ਕਰ ਚੁੱਕੀ ਹੈ। ਖੇਡਾਂ 'ਚ ਦੇਸ਼ ਦੀਆਂ ਪ੍ਰਾਪਤੀਆਂ ਵੱਡੀਆਂ ਹੋਣੀਆਂ ਲੋੜੀਂਦੀਆਂ ਹਨ, ਪਰ ਇਸ ਵਰ੍ਹੇ ਖੇਡਾਂ ਦਾ ਬਜ਼ਟ 45 ਕਰੋੜ ਵਧਾਇਆ ਗਿਆ ਹੈ। ਜਦਕਿ ਉਲੰਪਿਕ ਸਿਰ ਉੱਤੇ ਹੈ ਅਤੇ ਖੇਡਾਂ 'ਚ ਦੇਸ਼ ਪਹਿਲਾਂ ਹੀ ਫਾਡੀ ਹੈ। ਐਡੀ ਵੱਡੀ ਆਬਾਦੀ ਦੇ ਖਿਡਾਰੀ ਮਸਾਂ ਦਰਜਨਾਂ ਭਰ ਮੈਡਲ ਲੈਣ 'ਚ ਕਾਮਯਾਬ ਰਹਿੰਦੇ ਹਨ।

ਲੋਕ ਸਭਾ ਵਿਚ ਮੌਜੂਦਾ ਸਰਕਾਰ ਦੇ ਹੱਕ ਵਿਚ ਚੰਗੇ ਨਤੀਜੇ ਨਹੀਂ ਆਏ ਸਨ, ਕਿਉਂਕਿ ਸਰਕਾਰ ਨੇ ਆਮ ਲੋਕਾਂ ਦੀ ਪ੍ਰਵਾਹ ਨਹੀਂ ਸੀ ਕੀਤੀ, ਨਿੱਜੀਕਰਨ ਕਰਦਿਆਂ, ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਦਿੱਤਾ ਸੀ। ਕਹਿਣ ਨੂੰ ਤਾਂ ਭਾਵੇਂ ਦੇਸ਼ ਨੂੰ ਵਿਕਸਤ ਬਨਾਉਣ ਲਈ ਬੁਨਿਆਦੀ ਢਾਂਚਾ ਸੁਧਾਰਣ ਦੀ ਗੱਲ ਸਰਕਾਰ ਕਰਦੀ ਰਹੀ ਹੈ। ਪਰ ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਅਮੀਰ ਗਰੀਬ ਦਾ ਪਾੜਾ ਵਧਿਆ ਤੇ ਹੁਣ ਵੀ ਇਹੋ ਨੀਤੀ ਜਾਰੀ ਹੈ।

ਬਜ਼ਟ-2024 ਵਿਚ ਕ੍ਰਾਂਤੀਕਾਰੀ ਉਪਾਵਾਂ ਦੀ ਕਮੀ ਦਿਸਦੀ ਹੈ। ਆਮਦਨ ਕਰ ਕਾਨੂੰਨ ਦੀ ਸਮੀਖਿਆ ਦਾ ਬਜ਼ਟ ਵਿਚ ਵਾਅਦਾ ਹੈ। ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ ਕਰਨ ਦੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ ਪਰ ਦੇਸ਼ ਦੀ ਅਬਾਦੀ ਜੋ ਅਗਲੇ ਪੰਜ-ਛੇ ਸਾਲਾਂ 'ਚ 40 ਫ਼ੀਸਦੀ ਤੱਕ ਹੋ ਜਾਵੇਗੀ, ਉਸਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਹੈ।

ਪੇਂਡੂ ਵਿਕਾਸ ਯੋਜਨਾਵਾਂ ਦੇ ਮਾਮਲੇ 'ਚ ਸਰਕਾਰੀ ਬਜ਼ਟ ਦੀ ਬੇਰੁਖ਼ੀ ਸਾਹਮਣੇ ਦਿਖਦੀ ਹੈ। ਭਾਵੇਂ ਕਿ ਕਿਹਾ ਗਿਆ ਹੈ ਕਿ ਸਰਕਾਰ ਵੱਡੀਆਂ 20 ਯੋਜਨਾਵਾਂ ਉੱਤੇ 10.76 ਲੱਖ ਕਰੋੜ ਖ਼ਰਚੇਗੀ, ਜਿਸ ਵਿਚ ਗਰੀਬ ਕਲਿਆਣ ਅੰਨ ਯੋਜਨਾ ਲਈ 2.05 ਲੱਖ ਕਰੋੜ ਰੱਖੇ ਗਏ ਹਨ। ਪਰ ਕੀ ਇਹ ਨੌਜਵਾਨਾਂ ਜਾਂ ਦੇਸ਼ ਦੇ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਯੋਗ ਹਨ? ਆਜ਼ਾਦੀ ਦੇ ਵੱਡੇ ਦਹਾਕੇ ਗੁਜ਼ਾਰਨ ਬਾਅਦ ਅੱਜ ਵੀ ਅਸੀਂ ਮੁੱਢਲੀਆਂ ਸਹੂਲਤਾਂ ਦੇਣ ਦੇ ਪੜਾਅ 'ਚ ਹੀ ਘੁੰਮ ਰਹੇ ਹਾਂ।

ਬਜ਼ਟ ਤੋਂ ਮੁਲਾਜ਼ਮ ਪ੍ਰੇਸ਼ਾਨ ਹੈ। ਮਜ਼ਦੂਰ, ਕਿਸਾਨ ਤਬਕੇ ਨੂੰ ਕੋਈ ਰਾਹਤ ਨਹੀਂ ਮਿਲੀ, ਕੋਈ ਉਮੀਦ ਵੀ ਨਹੀਂ ਜਾਗੀ। ਖੇਤੀ/ਕਿਸਾਨਾਂ ਲਈ ਬਜ਼ਟ 3.15 ਫੀਸਦੀ ਹੈ, ਜਦਕਿ ਕਿਸਾਨ ਦੇਸ਼ ਦੀ ਆਬਾਦੀ ਦਾ 50 ਫੀਸਦੀ ਹਿੱਸਾ ਹਨ। ਕੀ ਮੁੱਠੀ ਭਰ ਇਹੋ ਜਿਹਾ ਰੁਜ਼ਗਾਰ ਨੌਜਵਾਨਾਂ ਨੂੰ ਕੋਈ ਰਾਹਤ ਦੇ ਸਕੇਗਾ?

ਸਬ ਕਾ ਸਾਥ, ਸਬ ਕਾ ਸਾਥ ਨਿਭਾਉਣ ਦਾ ਵਾਇਦਾ ਕਰਨ ਵਾਲੀ ਸਰਕਾਰ ਵੱਲੋਂ ਫੌੜੀਆਂ ਵਾਲੀ ਮੋਦੀ ਸਰਕਾਰ ਨੇ ਆਪਣੀਆਂ ਫੌੜੀਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਸਾਥ ਕਾ ਸਾਥ ਛੱਡ ਕੇ ਮੋਦੀ ਸਰਕਾਰ ਨੇ ਆਪਣੀ ਨਾਕਾਮੀ ਦਾ ਸਬੂਤ ਦਿੱਤਾ ਹੈ। ਔਰਤਾਂ, ਗਰੀਬਾਂ ਲਈ ਬਜ਼ਟ ਦੀ ਚੁੱਪੀ। ਖਾਦਾਂ 'ਤੇ ਸਬਸਿਡੀ 'ਚ ਕਟੌਤੀ ਬਦਲਾਖੋਰੀ ਵਾਲਾ ਚਿਹਰਾ ਦਿਖਾਉਂਦੀ ਨਜ਼ਰ ਆ ਰਹੀ ਹੈ।

ਮੋਦੀ ਸਰਕਾਰ ਆਪਣੇ ਬਜ਼ਟ ਨੂੰ ਰੁਜ਼ਗਾਰ ਮੁਖੀ ਹੋਣ ਦਾ ਦਾਅਵਾ ਕਰਦੀ ਹੈ। ਬਜ਼ਟ ਵਿਚ ਅਨੇਕਾਂ ਵਾਰ ਰੁਜ਼ਗਾਰ ਸ਼ਬਦ ਦਾ ਜ਼ਿਕਰ ਹੈ। ਪਰ ਇਹ ਸਿਰਫ਼ ਫੋਕਾ ਖਿਆਲ ਹੈ। ਸਰਕਾਰੀ ਨੌਕਰੀਆਂ ਤਾਂ ਪਹਿਲਾਂ ਹੀ ਗਾਇਬ ਹਨ। ਕੰਪਨੀਆਂ ਦਾ ਢਿੱਡ ਭਰਨ ਲਈ ਅਪ੍ਰੈਂਟਿਸਸ਼ਿਪ ਦੇ ਨਾਮ ਉੱਤੇ ਭਾਰੀ ਰਕਮਾਂ ਉਨ੍ਹਾਂ ਨੂੰ ਦੇ ਕੇ ਨੌਜਵਾਨਾਂ ਨੂੰ ਫੁਸਲਾਉਣ ਦਾ ਇਹ ਯਤਨ ਸਾਬਤ ਹੋਏਗਾ।

ਗੱਠਜੋੜ ਦੀਆਂ ਮਜਬੂਰੀਆਂ ਦੀ ਛਾਪ ਵਾਲਾ ਇਸ ਬਜ਼ਟ ਦੀ ਟੇਕ ਕਹਿਣ ਨੂੰ ਤਾਂ ਖੇਤੀਬਾੜੀ ਉੱਤੇ ਰੱਖੀ ਗਈ ਹੈ, ਪਰ ਇਸ ਵਾਸਤੇ ਵੱਡੀਆਂ ਚੁਣੌਤੀਆਂ ਸਰਕਾਰ ਸਾਹਮਣੇ ਰਹਿਣਗੀਆਂ।

ਆਮ ਤੌਰ 'ਤੇ ਬਜ਼ਟ ਨਵੀਆਂ ਸੇਧਾਂ ਦੀ ਪਟਾਰੀ ਹੁੰਦਾ ਹੈ। (ਦੇਸ਼ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਦੀ ਹੈ। ਨਾ ਬਰਾਬਰੀ ਦੀ ਹੈ।) ਨਾਗਰਿਕ ਦੀਆਂ ਮੁੱਖ ਸਮੱਸਿਆਵਾਂ ਬਜ਼ਟ ਦਾ ਕੇਂਦਰੀ ਧੁਰਾ ਹੋਣਾ ਹੁੰਦਾ ਹੈ। ਪਰ ਜਿਸ ਢੰਗ ਨਾਲ ਓਪਰੇ ਜਿਹੇ 18ਵੀਂ ਲੋਕ ਸਭਾ ਵਿਚ ਬਜ਼ਟ ਪੇਸ਼ ਕੀਤਾ ਗਿਆ, ਉਹ ਨਿਰਾਸ਼ਾਜਨਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦੇਸ਼ ਦੀ ਮੁੱਖ ਸਮੱਸਿਆਵਾਂ ਤੋਂ ਕਿਨਾਰਾ ਕਰਨ ਵਾਲਾ ਹੈ।

ਕੁਝ ਤੱਥ ਵੇਖੋ ਪਰਖੋ। ਪੇਂਡੂ ਵਿਕਾਸ ਬਜ਼ਟ ਵਾਧਾ 3.93 ਫੀਸਦੀ ਹੀ ਹੈ। ਪੇਂਡੂ ਰੁਜ਼ਗਾਰ ਲਈ 8000 ਕਰੋੜ ਹਨ। ਵਿਕਾਸ ਅਤੇ ਖੋਜ ਖਰਚਿਆਂ ਲਈ ਵਾਧਾ 0.8 ਫੀਸਦੀ ਹੈ। ਕਾਰਪੋਰੇਟ ਟੈਕਸ 40 ਫੀਸਦੀ ਤੋਂ 35 ਫੀਸਦੀ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਲਈ ਕੋਈ ਨਵਾਂ ਪ੍ਰਬੰਧ ਨਹੀਂ। ਸਿਹਤ ਬਜ਼ਟ ਵੀ ਘਟਿਆ ਹੈ।

ਪੂਰੀ ਘੋਖ ਉਪਰੰਤ ਇਹ ਬਜ਼ਟ ਪਿਛਲੇ ਬਜ਼ਟਾਂ ਵਾਂਗਰ ਸਿਰਫ਼ ਅੰਕੜਿਆਂ ਦੀ ਖੇਡ ਹੈ। ਭਾਵੇਂ ਤਰਜੀਹਾਂ ਦਾ ਵਿਖਿਆਨ ਬਜ਼ਟ ਵਿਚ ਹੈ। ਪਰ ਛਲਾਵਾ ਭਰਪੂਰ ਇਹ ਬਜ਼ਟ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਰਗਾ ਹੈ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਜਿਹੜਾ ਵਿਸ਼ੇਸ਼ ਪੈਕੇਜ ਆਂਧਰਾ ਤੇ ਬਿਹਾਰ ਲਈ ਦਿੱਤਾ ਗਿਆ ਹੈ, ਉਹ ਵਿਦੇਸ਼ੀ ਏਜੰਸੀਆਂ ਦੇ ਕਰਜ਼ੇ ਦਿਵਾਉਣ ਤੱਕ ਸੀਮਤ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*

*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਿੱਖ/ਪੰਥਕ ਸੰਸਥਾਵਾਂ ਦੀ ਅਣਵੇਖੀ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਗਹਿਰਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA







ਪੰਥਕ ਸੋਚ ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਸਿੱਖ/ਪੰਥਕ ਸੰਸਥਾਵਾਂ ਦੀ ਕਾਰਗੁਜ਼ਾਰੀ ਵਿਚ ਆਏ ਨਿਘਾਰ ਬਾਰੇ ਸੰਗਠਿਤ ਹੋ ਕੇ ਉਪਰਾਲੇ ਕਰਨੇ ਚਾਹੀਦੇ ਹਨ। ਸਿਆਸੀ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ, ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ, ਅਧਿਆਤਮਿਕ ਅਗਵਾਈ ਤੇ ਰਾਜਨੀਤਿਕ ਪ੍ਰਭੁਸਤਾ ਹਾਸਲ ਕਰਨ ਲਈ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸ੍ਰੀ ਅਕਾਲ ਤਖ਼ਤ ਨੂੰ ਸਥਾਪਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਿੱਖ ਜਗਤ ਨੂੰ ਇੱਕਮੁੱਠ ਹੋ ਕੇ ਪਹਿਰਾ ਦੇਣਾ ਚਾਹੀਦਾ ਹੈ। ਸਿੱਖ/ਪੰਥਕ ਸੰਸਥਾਵਾਂ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਸਿੱਖ ਵਿਚਾਰਧਾਰਾ ਨਾਲ ਜੋੜੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਸਿੱਖ ਸਿਆਸਤਦਾਨਾਂ ਦੇ ਰਾਜ ਕਰਨ ਦੇ ਲਾਲਚ ਕਰਕੇ ਇਹ ਸੰਸਥਾਵਾਂ ਅਣਵੇਖੀਆਂ ਹੋ ਗਈਆਂ ਹਨ। ਸਿੱਖਾਂ ਦੀਆਂ ਸਿਆਸੀ ਪਾਰਟੀਆਂ ਖਾਸ ਤੌਰ ’ਤੇ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ/ਪੰਥਕ ਸੰਸਥਾਵਾਂ ਨੂੰ ਉਤਸ਼ਾਹਤ ਕਰਨ ਦੀ ਥਾਂ ਉਨ੍ਹਾਂ ਨੂੰ ਅਣਡਿੱਠ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਕਰਕੇ ਸਿੱਖਾਂ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਹਾਸ਼ੀਏ ’ਤੇ ਚਲੀ ਗਈ ਹੈ। ਪੰਜਾਬ ਦੇ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਨਕਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਜਿਹੜਾ ਲੰਬਾ ਸਮਾਂ ਸਿਆਸੀ ਤਾਕਤ ਵਿਚ ਰਿਹਾ, ਉਸ ਦੇ ਹਾਸ਼ੀਏ ’ਤੇ ਜਾਣ ਦਾ ਮੁੱਖ ਕਾਰਨ ਉਸ ਵੱਲੋਂ ਸਿੱਖ/ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਨਾ ਹੈ। ਸਿੱਖ/ਪੰਥਕ ਸੰਸਥਾਵਾਂ ਇੱਕ ਸਿਆਸੀ ਪਾਰਟੀ ਦੀਆਂ ਹੀ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਦੀਆਂ ਹਨ, ਭਾਵੇਂ ਸਿੱਖ ਕਿਸੇ ਵੀ ਜ਼ਾਤ, ਫ਼ਿਰਕੇ ਅਤੇ ਪਾਰਟੀ ਦੇ ਹੋਣ। ਸਿੱਖ ਸਿਆਸਤਦਾਨ ਸਿਆਸੀ ਤਾਕਤ ਹਾਸਲ ਕਰਨ ਲਈ ਅਨੇਕਾਂ ਸ਼੍ਰੋਮਣੀ ਅਕਾਲੀ ਦਲ ਬਣਾਈ ਬੈਠੇ ਹਨ। ਉਨ੍ਹਾਂ ਦੀ ਹਉਮੈ ਤੇ ਸਿਆਸੀ ਤਾਕਤ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਇੱਕਮੁੱਠ ਹੋਣ ਨਹੀਂ ਦੇ ਰਹੀ। ਸਿੱਖ ਜਗਤ ਇਸ ਕਰਕੇ ਚਿੰਤਾ ਵਿਚ ਹੈ ਕਿ ਕਿਹੜੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਪੰਜਾਬ ਦੀ ਸਥਾਪਤ ਰੀਜਨਲ ਰਾਜਨੀਤਿਕ ਪਾਰਟੀ ਹੈ, ਇਸ ਦੇ ਵੀ ਅਨੇਕਾਂ ਧੜੇ ਬਣ ਚੁੱਕੇ ਹਨ। ਇਸ ਲਈ ਸ਼੍ਰੋਮਣੀ ਕੌਣ ਹੈ, ਇਸ ਦਾ ਫ਼ੈਸਲਾ ਸਿੱਖ ਜਗਤ ਨੇ ਹੀ ਕਰਨਾ ਹੈ। ਸਭ ਤੋਂ ਪਹਿਲਾਂ ਇਹ ਦੱਸਣਾ ਬਣਦਾ ਹੈ ਕਿ ਅਕਾਲੀ ਦਲ ਦੀ ਸਥਾਪਨਾ 14 ਦਸੰਬਰ 1920 ਨੂੰ ਇੱਕ ਧਾਰਮਿਕ ਸੰਸਥਾ ਦੇ ਤੌਰ ’ਤੇ ਹੋਈ ਸੀ। ਇਹ ਸੰਸਥਾ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਵੱਲੋਂ ਗੁਰੂ ਘਰਾਂ ਦੀ ਬੇਹੁਰਮਤੀ ਦੀਆਂ ਘਟਨਾਵਾਂ ਤੋਂ ਬਾਅਦ ਹੋਂਦ ਵਿਚ ਆਈ ਸੀ। ਗੁਰਦੁਆਰਾ ਸੁਧਾਰ ਲਹਿਰ ਦਾ ਵੀ ਗੁਰੂ ਘਰਾਂ ਦੀ ਪਵਿੱਤਰਤਾ ਬਰਕਰਾਰ ਰੱਖਣਾ ਮੁੱਖ ਮੰਤਵ ਸੀ ਪ੍ਰੰਤੂ ਦੋਹਾਂ ਦੇ ਕੰਮ ਵੱਖਰੇ-ਵੱਖਰੇ ਸਨ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 1952 ਵਿਚ ਜਦੋਂ ਆਮ ਚੋਣਾਂ ਹੋਈਆਂ, ਤਾਂ ਸ਼੍ਰੋਮਣੀ ਅਕਾਲੀ ਦਲ ਸਿਆਸੀ ਪਾਰਟੀ ਦੇ ਤੌਰ ’ਤੇ ਰਜਿਸਟਰਡ ਨਹੀਂ ਸੀ, ਫਿਰ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਕਾਂਗਰਸ ਪਾਰਟੀ ਨਾਲ ਸਮਝੌਤਾ ਕਰਕੇ ਕਾਂਗਰਸ ਪਾਰਟੀ ਦੀਆਂ ਟਿਕਟਾਂ ’ਤੇ ਚੋਣ ਲੜੀ ਸੀ। ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਵੀ ਪਹਿਲੀ ਵਾਰ ਕਾਂਗਰਸ ਪਾਰਟੀ ਦੇ ਟਿਕਟ ’ਤੇ ਚੋਣ ਲੜੇ ਤੇ ਜਿੱਤੇ ਸਨ। ਕਈ ਕਾਂਗਰਸੀ ਨੇਤਾ ਜਿਵੇਂ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਇਕੋ ਸਮੇਂ ਰਹੇ ਹਨ। ਉਦੋਂ ਸਾਰੇ ਸਿਆਸੀ ਸਿੱਖ ਲੀਡਰ ਜੰਮਦੇ ਹੀ ਅਕਾਲੀ ਹੁੰਦੇ ਸਨ, ਅਕਾਲੀ ਦਲ ’ਚੋਂ ਸਿੱਖਿਆ ਲੈ ਕੇ ਉਹ ਵੱਖੋ-ਵੱਖਰੀਆਂ ਪਾਰਟੀਆਂ ਵਿਚ ਚਲੇ ਜਾਂਦੇ ਸਨ। ਹੁਣ ਅਕਾਲੀ ਜੰਮਦੇ ਨਹੀਂ, ਸਗੋਂ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਅਕਾਲੀ ਬਣਦੇ ਹਨ, ਇਸ ਕਰਕੇ ਅਕਾਲੀ ਦਲ ਵਿਚ ਨਿਘਾਰ ਆਇਆ ਹੈ। ਗੁਰਦੁਆਰਾ ਸੁਧਾਰ ਲਹਿਰ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਅਕਾਲੀ ਦਲ ਭਾਵੇਂ ਰਾਜਨੀਤਿਕ ਪਾਰਟੀ ਹੈ, ਭਾਰਤ ਦੇ ਸੰਵਿਧਾਨ ਅਨੁਸਾਰ ਕੰਮ ਕਰਨਾ ਪ੍ਰੰਤੂ ਪੰਥਕ ਹਿਤਾਂ ’ਤੇ ਪਹਿਰਾ ਦੇਣਾ ਉਸ ਦਾ ਮੁੱਖ ਕੰਮ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਹਿਤਾਂ ਅਨੁਸਾਰ ਕੰਮ ਕਰਨਾ ਹੈ। ਇਸ ਲਈ ਅਕਾਲੀ ਦਲ ਦੇ ਮੈਂਬਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਹੀਂ ਬਣਨੇ ਚਾਹੀਦੇ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਕਾਲੀ ਦਲ ਦੇ ਮੈਂਬਰ ਨਹੀਂ ਹੋਣੇ ਚਾਹੀਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਪੰਥ ਦੀ ਸਥਾਪਨਾ ਕੀਤੀ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ, ਤਾਂ ਉਨ੍ਹਾਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਨੇ ਤੱਤੀ ਤਵੀ ’ਤੇ ਬਿਠਾਕੇ ਸ਼ਹੀਦ ਕਰ ਦਿੱਤਾ ਸੀ। ਫਿਰ ਛੇਵੇਂ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਜ਼ੁਲਮ ਦੇ ਵਿਰੁੱਧ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ 15 ਜੂਨ 1606 ਵਿਚ ਕੀਤੀ, ਜੋ 1609 ਵਿਚ ਮੁਕੰਮਲ ਹੋਇਆ। ਪਹਿਲਾਂ ਇਸ ਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ। ਅਕਾਲ ਤਖ਼ਤ ਨੂੰ ਰਾਜਨੀਤਿਕ ਪ੍ਰਭੁਸੱਤਾ ਅਤੇ ਅਧਿਆਤਮਿਕ ਅਗਵਾਈ ਦਾ ਕੇਂਦਰ ਕਿਹਾ ਜਾਂਦਾ ਹੈ। ਅਕਾਲ ਤਖ਼ਤ ਤੋਂ ਸਿੱਖ ਪੰਥ ਸੰਬੰਧੀ ਧਾਰਮਿਕ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ। ਜਹਾਂਗੀਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ 12 ਸਾਲ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਕੇ ਰੱਖਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਾਹਜਹਾਂ ਨੂੰ ਚਾਰ ਲੜਾਈਆਂ ਵਿਚ ਹਰਾਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਦੇ ਵਿਰੁੱਧ ਤੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ, ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜੇਬ ਨੇ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਅਤੇ ਦੋ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਇਸ ਤੋਂ ਬਾਅਦ ਜ਼ੁਲਮ ਦਾ ਮੁਕਾਬਲਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਵੱਖ-ਵੱਖ ਜ਼ਾਤਾਂ ਅਤੇ ਰਾਜਾਂ ਦੇ 5 ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ ਗਿਆ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਕਰਕੇ ਆਪੇ ਗੁਰ ਆਪੇ ਚੇਲਾ ਬਣੇ। ਅਕਾਲ ਤਖ਼ਤ ਤੋਂ ਸਿੱਖ ਧਰਮ ਦੀਆਂ ਪ੍ਰੰਪਰਾਵਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ ਧਾਰਮਿਕ ਤਨਖ਼ਾਹ ਲਗਾਈ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਕੇ ਤਨਖ਼ਾਹ ਲਗਾਈ ਗਈ। ਸਮਾਂ ਗੁਜ਼ਰਦਾ ਗਿਆ। ਤਨਖ਼ਾਹ ਦੇਣ ਦੇ ਢੰਗ ਤਰੀਕੇ ਵੀ ਸਿਆਸਤਦਾਨਾਂ ਨੇ ਆਪਣੇ ਅਨੁਸਾਰ ਬਦਲਾ ਲਏ। ਸਿਆਸੀ ਨੇਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖ਼ਾਹ ਨੂੰ ਪ੍ਰਵਾਨ ਕਰਦਿਆਂ ਲਗਾਈ ਤਨਖਾਹ ਅਨੁਸਾਰ ਸੇਵਾ ਕਰਕੇ ਦੋਸ਼ਾਂ ਤੋਂ ਸੁਰਖ਼ਰੂ ਹੋ ਕੇ ਮੁੜ ਪੰਥ ਵਿਚ ਸ਼ਾਮਲ ਹੋ ਜਾਂਦੇ ਹਨ, ਪ੍ਰੰਤੂ ਸਿਆਸੀ ਤਾਕਤ ਨਹੀਂ ਛੱਡਦੇ।

ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਸਿਆਸੀ ਪਾਰਟੀ ਸੀ ਪ੍ਰੰਤੂ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 1995 ਦੀ ਮੋਗਾ ਕਾਨਫਰੰਸ ਵਿਚ ਅਕਾਲੀ ਦਲ ਨੂੰ ਸਿਆਸੀ ਤਾਕਤ ਹਾਸਲ ਕਰਨ ਲਈ ਪੰਜਾਬੀ ਪਾਰਟੀ ਬਣਾ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤਿਆਰ ਕਰਨ ਲਈ ਪੰਥਕ ਸੰਸਥਾਵਾਂ ਕੰਮ ਕਰ ਰਹੀਆਂ ਸੀ। ਉਨ੍ਹਾਂ ਵਿਚ ਸਭ ਤੋਂ ਤੋਂ ਮਹੱਤਵਪੂਰਨ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਸਿੱਖ ਵਿਦਿਅਕ ਕਾਨਫਰੰਸਾਂ ਆਦਿ ਸਨ। ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਿਦਿਆਰਥੀਆਂ ਵਿਚ ਸਿੱਖ ਧਰਮ ਬਾਰੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਕਰਦੀ ਸੀ। ਧਾਰਮਿਕ ਸੈਮੀਨਾਰ, ਗੁਰਮਤਿ ਸਮਾਗਮ, ਸਿੱਖ ਇਤਿਹਾਸ ਸੰਬੰਧੀ ਭਾਸ਼ਣ ਮੁਕਾਬਲੇ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਂਦੇ ਸਨ। ਇਹ ਸਾਰੇ ਅੰਮ੍ਰਿਤਧਾਰੀ ਹੁੰਦੇ ਸਨ ਪ੍ਰੰਤੂ ਜਦੋਂ ਅਕਾਲੀ ਦਲ ਪੰਜਾਬੀ ਪਾਰਟੀ ਬਣ ਗਿਆ, ਤਾਂ ਅਕਾਲੀ ਦਲ ਨੇ ਸਟੂਡੈਂਟ ਆਰਗੇਨਾਈਜੇਸ਼ਨ ਆਫ਼ ਇੰਡੀਆ ਬਣਾ ਲਈ। ਇਸ ਸੰਸਥਾ ਦਾ ਸਿੱਖ ਰਹਿਤ ਮਰਿਆਦਾ ਅਤੇ ਪ੍ਰੰਪਰਾਵਾਂ ਨਾਲੋਂ ਨਾਤਾ ਟੁੱਟ ਗਿਆ। ਸਿੱਖ ਸਟੂਡੈਂਟ ਫੈਡਰੇਸ਼ਨ ਖ਼ਤਮ ਕਰ ਦਿੱਤੀ ਗਈ। ਸਟੂਡੈਂਟ ਆਰਗੇਨਾਈਜ਼ੇਸ਼ਨ ਦਾ ਮੁੱਖ ਕੰਮ ਅਕਾਲੀ ਦਲ ਨੂੰ ਮਜ਼ਬੂਤ ਕਰਨਾ ਰਹਿ ਗਿਆ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਕਾਲੀ ਦਲ ਦੇ ਚੋਣ ਨਿਸ਼ਾਨ ’ਤੇ ਲੜਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਦੀ ਗ਼ੁਲਾਮ ਬਣ ਗਈ। ਇਸ ਤੋਂ ਬਾਅਦ ਅਕਾਲੀ ਦਲ ਨੇ ਪੰਥਕ ਸੋਚ ਨੂੰ ਤਿਲਾਂਜ਼ਲੀ ਦੇ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਕੰਮਾਂ ਵਿਚ ਅਕਾਲੀ ਦਲ ਦੀ ਦਖ਼ਲਅੰਦਾਜ਼ੀ ਨਾਲ ਸ਼੍ਰੋਮਣੀ ਕਮੇਟੀ ਆਪਣੇ ਕਾਰਜ ਖੇਤਰ ਤੋਂ ਥਿੜਕ ਗਈ, ਜਿਸ ਕਰਕੇ ਅਕਾਲੀ ਦਲ ਦਾ ਪਤਨ ਸ਼ੁਰੂ ਹੋ ਗਿਆ। ਅਕਾਲੀ ਦਲ ਵਿਚ ਅੰਮ੍ਰਿਤਧਾਰੀ ਤਾਂ ਛੱਡੋ, ਪੂਰਨ ਸਿੱਖ ਵੀ ਨਹੀਂ ਰਹੇ, ਸਗੋਂ ਹੋਰ ਲੋਕ ਸ਼ਾਮਲ ਹੋ ਗਏ। ਧਾਰਮਿਕ ਅਵੱਗਿਆ ਵਾਲਿਆਂ ਨੂੰ ਤਨਖ਼ਾਹਾਂ ਦੀ ਥਾਂ ਗੁਰੂ ਘਰਾਂ ਦੀ ਸੇਵਾ ਦੀ ਤਨਖ਼ਾਹ ਲਗਾ ਕੇ ਮੁੜ ਪੰਥ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਅਕਾਲੀ ਦਲ ਦੀ ਦਖ਼ਲਅੰਦਾਜ਼ੀ ਹੈ। ਸਿੱਖ ਸਾਰੀਆਂ ਸਿਆਸੀ ਪਾਰਟੀਆਂ ਵਿਚ ਹੁੰਦੇ ਹਨ। ਜਦੋਂ ਵੀ ਸਿੱਖ/ਪੰਥ ’ਤੇ ਕੋਈ ਸੰਕਟ ਆਉਂਦਾ ਹੈ, ਤਾਂ ਸ੍ਰੀ ਅਕਾਲ ਤਖ਼ਤ ਤੋਂ ਪ੍ਰੇਰਨਾ ਲਈ ਜਾਂਦੀ ਹੈ। ਹੁਣ ਜਦੋਂ ਅਕਾਲੀ ਦਲ ਫਿਰ ਗਹਿਰੇ ਸੰਕਟ ਵਿਚ ਹੈ। ਦੁਫਾੜ ਹੋਣ ਦੇ ਕਿਨਾਰੇ ਹੈ, ਤਾਂ ਇੱਕ ਧੜੇ ਨੇ ਸ੍ਰੀ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਅਕਾਲੀ ਸਰਕਾਰ ਮੌਕੇ ਕੀਤੀਆਂ ਧਾਰਮਿਕ ਅਵੱਗਿਆਵਾਂ ਦੀ ਮੁਆਫ਼ੀ ਮੰਗੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਸ਼ਿਕਾਇਤ ਕੀਤੀ ਹੈ। ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ 15 ਦਿਨਾਂ ਵਿਚ ਸ੍ਰੀ ਅਕਾਲ ਤਖ਼ਤ ਨੂੰ ਸ਼ਪਸ਼ਟੀਕਰਨ ਦੇਣ ਲਈ ਕਿਹਾ ਸੀ। ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਬੰਦ ਲਿਫਾਫਾ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਸੁਖਬੀਰ ਸਿੰਘ ਬਾਦਲ ਨਾਲ ਜਥੇਦਾਰ ਨੂੰ ਮਿਲੇ ਹਨ। ਹੁਣ ਜੇਕਰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤਨਖ਼ਾਹ ਲਗਾ ਦਿੱਤੀ, ਤਾਂ ਉਹ ਤਨਖਾਹ ਵਿਚ ਲਗਾਈ ਸੇਵਾ ਪੂਰੀ ਕਰ ਲਵੇਗਾ ਪ੍ਰੰਤੂ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ। ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਹੈ। ਤਿੰਨ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਉਹ ਕਿਵੇਂ ਨਿਰਪੱਖਤਾ ਨਾਲ ਫ਼ੈਸਲੇ ਕਰ ਸਕਦੇ ਹਨ ? ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਰਪੱਖਤਾ ਦਾ ਸਬੂਤ ਦਿੰਦਿਆਂ ਦੋਹਾਂ ਧੜਿਆਂ ਤੋਂ ਬਿਨਾ ਹੋਰ ਕੋਈ ਰਸਤਾ ਲੱਭਕੇ ਅਕਾਲੀ ਦਲ ਨੂੰ ਬਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜੇਕਰ ਕਿਸੇ ਇੱਕ ਧੜੇ ਦਾ ਪੱਖ ਲਿਆ ਗਿਆ ਤਾਂ ਅਕਾਲੀ ਦਲ ਵਿਚ ਰੋਲ ਘਚੋਲਾ ਪਿਆ ਰਹੇਗਾ ਅਤੇ ਸ੍ਰੀ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਵੰਗਾਰ ਹੋਵੇਗੀ।

# ਪਤਾ ਨਹੀਂ ਕੀ ਧੂੜਦੇ ਹਨ ਬਾਬੇ ਚੇਲਿਆਂ ਦੇ ਸਿਰਾਂ ’ਚ?

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA



ਬਾਬੇ ਆਪਣੇ ਭਗਤਾਂ ’ਤੇ ਅਜਿਹਾ ਕੀ ਜਾਦੂ ਕਰ ਦੇਂਦੇ ਹਨ ਕਿ ਉਹ ਉਸ ਖਾਤਰ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਨ। ਬਾਬਾ ਚਾਹੇ ਬਲਾਤਕਾਰ ਦੇ ਕੇਸ ਵਿਚ ਜੇਲ੍ਹ ਜਾਵੇ ਜਾਂ ਕਤਲ ਕੇਸ ਵਿਚ, ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਕੋਈ ਕਮੀ ਨਹੀਂ ਆਉਂਦੀ। ਇਸ ਦੀ ਤਾਜ਼ਾ ਮਿਸਾਲ 7 ਜੁਲਾਈ ਨੂੰ ਉੱਤਰ ਪ੍ਰਦੇਸ਼ ਦੇ ਫੁਲਰਈ ਪਿੰਡ (ਜ਼ਿਲ੍ਹਾ ਹਾਥਰਸ) ਸੂਰਜ ਪਾਲ ਉਰਫ ਭੋਲੇ ਬਾਬਾ ਉਰਫ ਨਰਾਇਣ ਸਕਾਰ ਵਿਸ਼ਵ ਹਰੀ ਦੇ ਸਮਾਗਮ ਵਿਚ ਹੋਈ ਭਗਦੜ ਤੋਂ ਮਿਲਦੀ ਹੈ, ਜਿਸ ਵਿਚ ਬੱਚਿਆਂ ਤੇ ਔਰਤਾਂ ਸਮੇਤ 123 ਵਿਅਕਤੀ ਮਾਰੇ ਗਏ ਤੇ 150 ਜ਼ਖਮੀ ਹੋ ਗਏ। ਵੱਡੇ ਰਾਜਨੀਤਿਕ ਪ੍ਰਭਾਵ ਵਾਲੇ ਬਾਬੇ ’ਤੇ ਤਾਂ ਕਿੱਥੋਂ ਮੁਕੱਦਮਾ ਦਰਜ਼ ਹੋਣਾ ਸੀ, ਇਸ ਕਾਂਡ ਵਿਚ ਆਪਣੇ ਧੀਆਂ ਪੁੱਤਰ ਗਵਾ ਚੁੱਕੇ ਉਸ ਦੇ ਸ਼ਰਧਾਲੂਆਂ ਦੇ ਪ੍ਰਤੀਕਰਮ ਹੈਰਾਨ ਕਰ ਦੇਣ ਵਾਲੇ ਸਨ। ਇੱਕ ਸ਼ਰਧਾਲੂ ਜਿਸ ਦੀ ਪਤਨੀ ਅਤੇ ਇੱਕ ਬੇਟਾ ਮਾਰੇ ਗਏ ਸਨ, ਕਹਿ ਰਿਹਾ ਸੀ ਕਿ ਚਾਹੇ ਮੈਂ ਤੇ ਮੇਰੇ ਬਚੇ ਹੋਏ ਦੋਵੇਂ ਬੱਚੇ ਵੀ ਮਰ ਜਾਂਦੇ, ਭੋਲੇ ਬਾਬਾ ਸਾਡੇ ਲਈ ਭਗਵਾਨ ਹੈ। ਇਹੋ ਜਿਹੇ ਵਿਚਾਰ ਹੀ ਬਾਕੀ ਸਭ ਲੋਕਾਂ ਦੇ ਸਨ। ਉਹ ਗੱਲ ਵੱਖਰੀ ਹੈ ਕਿ ਬਾਬਾ ਅਜੇ ਤੱਕ ਨਾ ਤਾਂ ਜ਼ਖਮੀਆਂ ਜਾਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਅਫਸੋਸ ਕਰਨ ਗਿਆ ਹੈ ਤੇ ਨਾ ਹੀ ਉਨ੍ਹਾਂ ਦੀ ਕੋਈ ਆਰਥਿਕ ਮਦਦ ਕੀਤੀ ਹੈ।

ਭਾਰਤ ਵਿਚ ਹਫਤੇ ਦਸਾਂ ਦਿਨਾਂ ਬਾਅਦ ਕੋਈ ਨਾ ਕੋਈ ਅਜਿਹਾ ਬਾਬਾ, ਧਰਮ ਪ੍ਰਚਾਰਕ ਅਤੇ ਅਵਤਾਰ ਪ੍ਰਗਟ ਹੁੰਦਾ ਹੀ ਰਹਿੰਦਾ ਹੈ, ਜੋ ਲੱਖਾਂ ਲੋਕਾਂ ਨੂੰ ਆਪਣੇ ਮਗਰ ਲਗਾ ਕੇ ਕੁਝ ਹੀ ਮਹੀਨਿਆਂ ਵਿਚ ਫਾਈਵ ਸਟਾਰ ਆਸ਼ਰਮਾਂ, ਵਿਦੇਸ਼ੀ ਮਹਿੰਗੀਆਂ ਗੱਡੀਆਂ ਤੇ ਸੁੰਦਰੀਆਂ ਦਾ ਮਾਲਕ ਬਣ ਜਾਂਦਾ ਹੈ। ਇਹ ਬਾਬੇ ਵੱਖ-ਵੱਖ ਜ਼ਾਤਾਂ ਵਿਚੋਂ ਆਉਂਦੇ ਹਨ ਤੇ ਇਨ੍ਹਾਂ ਦੇ ਸ਼ੁਰੂਆਤੀ ਚੇਲੇ ਆਪਣੀ ਹੀ ਜ਼ਾਤ ਦੇ ਹੁੰਦੇ ਹਨ। ਜਦੋਂ ਧੰਦਾ ਚੱਲ ਨਿਕਲਦਾ ਹੈ, ਤਾਂ ਬਾਬੇ ਦੇ ਚਮਤਕਾਰਾਂ ਬਾਰੇ ਚੇਲਿਆਂ ਦੁਆਰਾ ਫੈਲਾਏ ਗਏ ਕੁਫਰ ਕਾਰਨ ਹੋਰ ਜ਼ਾਤਾਂ ਧਰਮਾਂ ਦੇ ਲੋਕ ਵੀ ਉਸ ਦੇ ਪਿੱਛੇ ਲੱਗ ਜਾਂਦੇ ਹਨ। ਜ਼ਿਆਦਾਤਰ ਬਾਬੇ ਪਿੱਛੜਿਆਂ ਅਤੇ ਦਲਿਤਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਸਮਾਜ ਦੇ ਇਹ ਘੱਟ ਪੜ੍ਹੇ-ਲਿਖੇ ਤੇ ਗਰੀਬ ਵਰਗ ਸਦੀਆਂ ਤੋਂ ਸਾਡੀਆਂ ਰੂੜੀਵਾਦੀ ਕਥਿਤ ਉੱਚੀਆਂ ਜ਼ਾਤਾਂ ਤੇ ਪੁਜਾਰੀਆਂ ਵੱਲੋਂ ਦੱਬੇ-ਕੁਚਲੇ ਜਾਂਦੇ ਰਹੇ ਹਨ। ਇਹ ਲੋਕ ਸਿਰਫ ਇਸ ਕਾਰਨ ਬਾਬਿਆਂ ਦੇ ਮਗਰ ਲੱਗ ਜਾਂਦੇ ਹਨ ਕਿ ਸ਼ਾਇਦ ਬਾਬੇ ਦਾ ਕੋਈ ਚਮਤਕਾਰ ਉਨ੍ਹਾਂ ਦੀ ਜ਼ਿੰਦਗੀ ਬਦਲ ਦੇਵੇ। ਇਸ ਸਬੰਧੀ ਜੈ ਗੁਰੂਦੇਵ ਅਤੇ ਨਰਾਇਣ ਸਾਕਾਰ ਹਰੀ ਆਦਿ ਬਾਬਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸਾਕਾਰ ਹਰੀ ਖੁਦ ਜਾਟਵ ਜ਼ਾਤ ਦਾ ਹੈ, ਜੋ ਸ਼ਡਿਊਲਡ ਕਾਸਟ ਵਿਚ ਆਉਂਦੀ ਹੈ। ਇਸ ਕਾਰਨ ਹੀ ਇਸ ਦਾ ਜ਼ਿਆਦਾ ਪ੍ਰਭਾਵ ਪੱਛਮੀ ਯੂ.ਪੀ. ਦੇ ਜਾਟਵ ਅਤੇ ਹੋਰ ਪਿਛੜੀਆ ਜਾਤੀਆਂ ਵਿਚ ਜ਼ਿਆਦਾ ਹੈ।


ਇਹ ਨਹੀਂ ਕਿ ਬਾਬਿਆਂ ਦਾ ਪ੍ਰਭਾਵ ਸਿਰਫ ਗਰੀਬਾਂ ਅਤੇ ਅਨਪੜ੍ਹਾਂ ਵਿਚ ਹੈ, ਲੱਖਾਂ ਕਰੋੜਪਤੀ, ਅਫਸਰ ਅਤੇ ਨੇਤਾ ਇਨ੍ਹਾਂ ਦੇ ਪੈਰਾਂ ਵਿਚ ਲੋਟਦੇ ਹਨ। ਉਸ ਦਾ ਕਰਨ ਇਹ ਹੈ ਕਿ ਜ਼ਿਆਦਾਤਰ ਅਫਸਰ ਅਤੇ ਲੀਡਰ ਗਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿਚੋਂ ਆਉਂਦੇ ਸਨ। ਗਰੀਬ ਆਦਮੀ ਜਦੋਂ ਤਰੱਕੀ ਕਰ ਜਾਂਦਾ ਹੈ, ਤਾਂ ਉਸ ਨੂੰ ਹਮੇਸ਼ਾਂ ਇਹ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਉਹ ਦੁਬਾਰਾ ਪਹਿਲਾਂ ਵਾਲੇ ਹਾਲਾਤ ਵਿਚ ਨਾ ਪਹੁੰਚ ਜਾਵੇ। ਬਾਬੇ ਦੀਆਂ ਕਥਿਤ ਚਮਤਕਾਰੀ ਸ਼ਕਤੀਆਂ ਕਾਰਨ ਉਸ ਨੂੰ ਹੌਂਸਲਾ ਰਹਿੰਦਾ ਹੈ ਕਿ ਬਾਬੇ ਦੀ ਮਿਹਰ ਸਦਕਾ ਸਭ ਠੀਕ ਰਹੇਗਾ। ਜ਼ਿਆਦਾਤਰ ਬਾਬੇ ਮਾਨਵ ਧਰਮ ਅਤੇ ਬਰਾਬਰੀ ਦਾ ਉਪਦੇਸ਼ ਦੇਂਦੇ ਹਨ। ਜਦੋਂ ਸਾਧਾਰਨ ਲੋਕ ਇਨ੍ਹਾਂ ਦੇ ਸਮਾਗਮਾਂ ਵਿਚ ਜਾਂਦੇ ਹਨ, ਤਾਂ ਉਨ੍ਹਾਂ ਨੂੰ ਬਾਕੀ ਸਮਾਜ ਨਾਲ ਬਰਾਬਰੀ ਦੀ ਭਾਵਨਾ ਮਹਿਸੂਸ ਹੁੰਦੀ ਹੈ। ਭਾਰਤ ਵਿਚ ਇਸ ਵੇਲੇ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ। ਗਰੀਬ ਲੋਕਾਂ ਨੂੰ ਲੱਗਦਾ ਹੈ ਕਿ ਬਾਬਾ ਆਪਣੀਆਂ ਚਮਤਕਾਰੀ ਸ਼ਕਤੀਆਂ ਨਾਲ ਉਨ੍ਹਾਂ ਦੇ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਨਾਲ ਜਕੜੇ ਹੋਏ ਪਰਿਵਾਰਕ ਮੈਂਬਰ ਨੂੰ ਠੀਕ ਕਰ ਦੇਵੇਗਾ ਤੇ ਉਨ੍ਹਾਂ ਦਾ ਖਰਚਾ ਬਚ ਜਾਵੇਗਾ। ਪਿਛਲੇ ਸਾਲ ਡੇਢ ਸਾਲ ਤੋਂ ਪ੍ਰਸਿੱਧ ਹੋਇਆ ਮੱਧ ਪ੍ਰਦੇਸ਼ ਦਾ ਇੱਕ ਨੌਜਵਾਨ ਬਾਬਾ ਅਜਿਹੇ ਪਾਖੰਡ ਕਰ ਕੇ ਹੀ ਲੋਕਾਂ ਨੂੰ ਲੁੱਟ ਰਿਹਾ ਹੈ। ਕਿਸੇ ਦੇ ਭੂਤ ਕੱਢ ਦੇਂਦਾ ਹੈ ਤੇ ਕਿਸੇ ਦਾ ਉਸ ਦੀ ਫੇਸਬੁੱਕ ਵੇਖ ਕੇ ਹੀ ਅਗਲਾ ਪਿਛਲਾ ਹਿਸਾਬ ਦੱਸ ਦੇਂਦਾ ਹੈ।

ਲੋਕਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਬਾਬੇ ਦੀ ਅਲੌਕਿਕਤਾ ਉਨ੍ਹਾਂ ਦੇ ਸ਼ਾਦੀ, ਵਿਆਹ, ਜੀਵਨ, ਮਰਨ ਵਿਚ ਮਦਦ ਕਰੇਗੀ। ਸਾਕਾਰ ਹਰੀ ਦੇ ਸਮਾਗਮ ਵਿਚ ਮਰਨ ਵਾਲੇ ਅਨੇਕਾਂ ਲੋਕਾਂ ਕੋਲੋਂ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਦੇ ਕਾਰਡ ਜਾਂ ਫੋਟੋਆਂ ਮਿਲੀਆਂ ਹਨ, ਜਿਨ੍ਹਾਂ ਵਾਸਤੇ ਬਾਬੇ ਤੋਂ ਅਸ਼ੀਰਵਾਦ ਲੈਣਾ ਸੀ। ਅਮੀਰ ਸ਼ਰਧਾਲੂਆਂ ਨੂੰ ਆਪਣੇ ਕਾਬੂ ਵਿਚ ਰੱਖਣ ਲਈ ਬਾਬੇ ਇੱਕ ਹੋਰ ਹਰਬਾ ਵਰਤਦੇ ਹਨ। ਕਿਉਂਕਿ ਉਨ੍ਹਾਂ ਦੀ ਪਹੁੰਚ ਸਿੱਧੀ ਵੱਡੇ ਨੇਤਾਵਾਂ, ਮੁੱਖ ਮੰਤਰੀਆਂ ਤੇ ਮੰਤਰੀਆਂ ਤੱਕ ਹੁੰਦੀ ਹੈ, ਇਸ ਲਈ ਉਹ ਆਪਣੇ ਭਗਤਾਂ ਲਈ ਸਰਕਾਰੀ ਠੇਕੇ ਲੈਣ, ਨੌਕਰੀ ਪ੍ਰਾਪਤ ਕਰਨ, ਬਦਲੀਆਂ ਅਤੇ ਪੋਸਟਿੰਗ ਆਦਿ ਵਿਚ ਮਦਦ ਕਰ ਦੇਂਦੇ ਹਨ। ਪੰਜਾਬ ਪੁਲਿਸ ਦਾ ਇੱਕ ਚੋਟੀ ਦਾ ਅਫਸਰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਇੱਕ ਪ੍ਰਸਿੱਧ ਬਾਬੇ ਦਾ ਪਰਮ ਭਗਤ ਸੀ। ਉਸ ਦੀ ਵੇਖਾ-ਵੇਖੀ ਕਈ ਜੂਨੀਅਰ ਅਫਸਰ ਵੀ ਉਸ ਬਾਬੇ ਦੇ ਗੋਡੇ ਘੁੱਟਣ ਲੱਗ ਪਏ ਤੇ ਉਸ ਅਫਸਰ ਦੇ ਗੁਰ ਭਾਈ ਬਣ ਬੈਠੇ। ਜਦ ਤੱਕ ਉਹ ਅਫਸਰ ਰਿਟਾਇਰ ਨਾ ਹੋਇਆ, ਉਹ ਬਾਬੇ ਦੀ ਕ੍ਰਿਪਾ ਨਾਲ ਮਲਾਈਦਾਰ ਪੋਸਟਾਂ ਦਾ ਸੁੱਖ ਮਾਣਦੇ ਰਹੇ। ਅਜਿਹੇ ਲੋਕਾਂ ਲਈ ਤਾਂ ਬਾਬਾ ਰੱਬ ਦਾ ਰੂਪ ਹੁੰਦਾ ਹੈ ਤੇ ਉਸ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਇਲਾਹੀ ਹੁਕਮ ਹੁੰਦਾ ਹੈ।

ਸਮਾਗਮਾਂ ਤੋਂ ਇਲਾਵਾ ਇਨ੍ਹਾਂ ਬਾਬਿਆਂ ਦੀਆਂ ਰਿੱਧੀਆਂ, ਸਿੱਧੀਆਂ ਅਤੇ ਚਮਤਕਾਰਾਂ ਬਾਰੇ ਰੱਜ ਕੇ ਮੌਖਿਕ, ਸੋਸ਼ਲ ਮੀਡੀਆ ਅਤੇ ਟੀ.ਵੀ. ਚੈਨਲਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ। ਹਰੀ ਚਟਨੀ, ਲਾਲ ਚਟਨੀ ਤੇ ਸਮੋਸੇ ਆਦਿ ਖਵਾ ਕੇ ਵਿਗੜੇ ਕੰਮ ਸੰਵਾਰਨ ਵਾਲਾ ਨਿਰਮਲ ਬਾਬਾ, ਬਾਬਾ ਰਾਮਦੇਵ ਅਤੇ ਬਗੇਸ਼ਵਰ ਬਾਬਾ ਸੋਸ਼ਲ ਮੀਡੀਆ ਅਤੇ ਟੀ.ਵੀ. ਚੈਨਲਾਂ ਦੀ ਹੀ ਪੈਦਾਇਸ਼ ਹਨ। ਲੋਕ ਬਾਬਿਆਂ ਦੀਆਂ ਕਰਤੂਤਾਂ ਬਹੁਤ ਜਲਦੀ ਭੁੱਲ ਜਾਂਦੇ ਹਨ। ਬਹੁਤ ਸਾਲ ਪਹਿਲਾਂ ਝਬਾਲ ਨੇੜੇ ਇੱਕ ਡੇਰੇ ਦਾ ਬਾਬਾ ਬਲਾਤਕਾਰ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਪੁਲਿਸ ਉਸ ਨੂੰ ਡੇਰੇ ਤੋਂ ਲਿਜਾ ਰਹੀ ਸੀ, ਤਾਂ ਜਨਾਨੀਆਂ ਭੱਜ-ਭੱਜ ਕੇ ਉਸ ਦੇ ਪੈਰਾਂ ਨੂੰ ਚੰਬੜ ਰਹੀਆਂ ਸਨ। ਇਸੇ ਤਰ੍ਹਾਂ ਸਕਾਰ ਹਰੀ ਦੇ ਖਿਲਾਫ ਵੀ ਦੋ-ਤਿੰਨ ਸਾਲ ਪਹਿਲਾਂ ਡਰੱਗਜ਼ ਐਂਡ ਰੈਮੀਡੀਜ਼ ਐਕਟ ਅਧੀਨ ਮੁਕੱਦਮਾ ਦਰਜ਼ ਹੋਇਆ ਸੀ। ਉਸ ਨੇ ਆਪਣੇ ਕੁਝ ਮੁਸ਼ਟੰਡੇ ਚੇਲਿਆਂ ਨਾਲ ਇੱਕ ਮ੍ਰਿਤਕ ਲੜਕੀ ਦੇ ਅੰਤਿਮ ਸੰਸਕਾਰ ਸਮੇਂ ਇਹ ਕਹਿ ਕੇ ਖਰੂਦ ਮਚਾਇਆ ਸੀ ਕਿ ਉਹ ਇਸ ਲੜਕੀ ਨੂੰ ਜ਼ਿੰਦਾ ਕਰ ਸਕਦਾ ਹੈ। ਲੋਕ ਅਜੇ ਵੀ ਮੰਨਦੇ ਹਨ ਕਿ ਜੇ ਕਿਤੇ ਪੁਲਿਸ ਦਖਲ ਅੰਦਾਜ਼ੀ ਨਾ ਕਰਦੀ, ਤਾਂ ਬਾਬੇ ਨੇ ਉਹ ਲੜਕੀ ਜ਼ਿੰਦਾ ਕਰ ਦੇਣੀ ਸੀ।

ਭਗਤਾਂ ਦਾ ਬਾਬੇ ’ਤੇ ਅਟੱਲ ਵਿਸ਼ਵਾਸ ਹੁੰਦਾ ਹੈ ਕਿ ਉਹ ਉਨ੍ਹਾਂ ਦੀਆਂ ਮੁਸੀਬਤਾਂ ਹੱਲ ਕਰ ਸਕਦਾ ਹੈ। ਬਾਬੇ ਦੀ ਛੋਹ, ਉਸ ਦੀ ਚਰਨ ਧੂੜੀ, ਫੂਕ ਮਾਰ ਕੇ ਦਿੱਤਾ ਪਾਣੀ ਜਾਂ ਪ੍ਰਸ਼ਾਦ ਉਨ੍ਹਾਂ ਦੇ ਸਾਰੇ ਦੁੱਖ ਦਲਿੱਦਰ ਚੁੱਕ ਦੇਵੇਗਾ। ਸਾਕਾਰ ਹਰੀ ਦੀ ਚਰਨ ਧੂੜ ਲੈਣ ਦੀ ਹੋੜ ਨੇ ਹੀ 125 ਭਗਤਾਂ ਦੀ ਮੁਕਤੀ ਕੀਤੀ ਹੈ। ਇੱਕ ਹੋਰ ਬਹੁਤ ਵੱਡਾ ਪਾਖੰਡ ਚੱਲਦਾ ਹੈ ਕਿ ਬਾਬੇ ਨੇ ਫਲਾਣੇ ਦਾ ਕਸ਼ਟ ਆਪਣੇ ’ਤੇ ਲੈ ਲਿਆ, ਜਿਸ ਕਾਰਨ ਉਹ ਬਿਮਾਰ ਹੋ ਗਿਆ ਹੈ। ਭਾਵੇਂ ਮੁਫਤ ਦਾ ਦੇਸੀ ਘਿਉ ਵੱਧ ਮਾਤਰਾ ਵਿਚ ਖਾਣ ਨਾਲ ਬਾਬੇ ਨੂੰ ਮਰੋੜ ਹੀ ਲੱਗੇ ਹੋਣ। 1998-99 ਵਿਚ ਮੈਂ ਡੀ.ਐੱਸ.ਪੀ. ਪਾਇਲ ਸੀ ਤੇ ਉਥੇ ਡੇਰਿਆਂ ਦੀ ਭਰਮਾਰ ਹੈ। ਉਨ੍ਹਾਂ ਡੇਰਿਆਂ ਦੀ ਕੜਕ-ਮੜਕ ਵੇਖ ਕੇ ਇੱਕ ਅਨਪੜ੍ਹ ਜਿਹੇ ਬਾਬੇ ਨੇ ਵੀ ਨਹਿਰ ਕਿਨਾਰੇ ਸਰਕਾਰੀ ਜ਼ਮੀਨ ’ਤੇ ਕਬਜ਼ਾ ਕਰਕੇ ਆਪਣਾ ਡੇਰਾ ਕਾਇਮ ਕਰ ਲਿਆ। ਜੈਸਾ ਬਾਬਾ, ਵੈਸੇ ਹੀ ਬਾਬੇ ਦੇ ਚੇਲੇ ਚਾਟੜੇ ਬਣ ਗਏ। ਇੱਕ ਦਿਨ ਇੱਕ ਚੇਲਾ ਆਪਣੀ ਨਵੀਂ ਖਰੀਦੀ ਨਵੀਂ ਜੀਪ ਵਿਚ ਬਾਬੇ ਦੇ ਚਰਨ ਪਵਾਉਣ ਲਈ ਡੇਰੇ ਪਹੁੰਚ ਗਿਆ। ਬਾਬੇ ਨੂੰ ਤਾਂ ਸਕੂਟਰ ਵੀ ਨਹੀਂ ਸੀ ਚਲਾਉਣਾ ਆਉਂਦਾ, ਉਸ ਨੇ ਬਿਨਾਂ ਕੁਝ ਸੋਚੇ ਸਮਝੇ ਡਰਾਈਵਰ ਸੀਟ ’ਤੇ ਬੈਠ ਕੇ ਸੈਲਫ ਮਾਰ ਦਿੱਤੀ। ਗੱਡੀ ਪਹਿਲਾਂ ਹੀ ਗੇਅਰ ਵਿਚ ਪਈ ਹੋਈ ਸੀ। ਬਾਬੇ ਨੇ ਬਰੇਕ ਦੀ ਬਜਾਏ ਰੇਸ ਦੱਬ ਦਿੱਤੀ ਤੇ ਗੱਡੀ ਖਤਾਨਾਂ ਵਿਚ ਜਾ ਡਿੱਗੀ। ਚੇਲਿਆਂ ਨੂੰ ਥੋੜ੍ਹੀਆਂ ਬਹੁਤੀਆਂ ਸੱਟਾਂ ਲੱਗੀਆਂ ਪਰ ਬਾਬੇ ਦੀ ਸੱਜੀ ਬਾਂਹ ਟੁੱਟ ਗਈ। ਸਾਰੇ ਪਾਸੇ ਬਾਬੇ ਦੀ ਬੱਲੇ-ਬੱਲੇ ਹੋ ਗਈ ਕਿ ਉਸ ਨੇ ਭਗਤ ’ਤੇ ਆਉਣ ਵਾਲਾ ਕਸ਼ਟ ਆਪਣੇ ’ਤੇ ਲੈ ਲਿਆ, ਨਹੀਂ ਤਾਂ ਭਗਤ ਦੀ ਕਿਸੇ ਐਕਸੀਡੈਂਟ ਵਿਚ ਮੌਤ ਹੋ ਜਾਣੀ ਸੀ।

ਇਥੇ ਬਾਬਾ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ ਅਤੇ ਖਾਲਸਾ ਏਡ ਆਦਿ ਵਰਗੇ ਸੱਚੇ ਲੋਕ ਸੇਵਕ ਵੀ ਹਨ ਤੇ ਲੋਕਾਂ ਦੇ ਦੁੱਖਾਂ ਤੋਂ ਫਾਇਦਾ ਉਠਾਉਣ ਵਾਲੇ ਠੱਗ ਵੀ। ਜਨਤਾ ਨੂੰ ਚਾਹੀਦਾ ਹੈ ਕਿ ਉਹ ਮਨੁੱਖਤਾ ਦੇ ਸੱਚੇ ਸੇਵਕਾਂ ਦੀ ਪਹਿਚਾਣ ਕਰਨ ਅਤੇ ਠੱਗਾਂ ਤੋਂ ਬਚ ਕੇ ਰਹਿਣ।



# ਦੂਰਦਰਸ਼ਨ ਦਾ ਸਟਾਰ ਨਿਰਮਾਤਾ ਤੇ ਗੁਲਸ਼ਨ ਕੁਮਾਰ ਟੀ-ਸੀਰੀਜ਼ ਨਾਲ ਬਿਨ ਲਾਲਚ ਨਾਮ ਲਈ ਕੰਮ ਕਰਨ ਵਾਲਾ ਬੰਨੀ ਸ਼ਰਮਾ

-ਅੰਮ੍ਰਿਤ ਪਵਾਰ
ਪੰਜਾਬ ਮੇਲ USA

ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਉਹ ਨਾਮ ਏ, ਜਿਸ ਨੇ ਪਰਦੇ ਪਿੱਛੇ ਕੰਮ ਕਰ ਕੇ ਕਈ ਗਾਇਕ ਚਮਕਾਏ ਤੇ ਨਾਲ ਹੀ ਕਈ ਕੈਸਟਾਂ, ਸੀ.ਡੀ. ਤੇ ਟਰੈਕ ਦਾ ਪੇਸ਼ਕਾਰ ਬੰਨੀ ਸ਼ਰਮਾ, ਜਿਸ ਦੀ ਇੱਜ਼ਤ ਗੁਰਦਾਸ ਮਾਨ ਸਾਹਿਬ ਵੀ ਕਰਦੇ ਨੇ, ਦੀਪਕ ਬਾਲੀ ਜਿਹੇ ਦਿੱਗਜ ਵੀ ਕਰਦੇ ਹਨ। “ਝਾਂਜਰ”, “ਝਾਂਜਰ ਦੀ ਛਨਕਾਰ” ਜਿਹੇ ਦੂਰਦਰਸ਼ਨ ਲਈ ਹਿੱਟ ਵਰਾਇਟੀ ਪ੍ਰੋਗਰਾਮ ਉਨ੍ਹਾਂ ਬਣਾਏ। ਅਸਲ ਵਿਚ ਦੂਰਦਰਸ਼ਨ ’ਤੇ ਗੁਰਦਾਸ ਮਾਨ ਜੀ ਦੇ ਗੀਤਾਂ ਦੇ ਪ੍ਰਸਾਰਣ ਲਈ “ਮਣਕੇ” ਗੀਤ ਵਿਚ “ਚਾਂਦੀ ਦਾ ਤਵੀਤ” ਬੰਨੀ ਹੀ ਲਿਆਂਦਾ ਸੀ। ਦੂਰਦਰਸ਼ਨ ਨਾਲ ਰੁੱਸ ਚੁੱਕੇ ਮਾਨ ਸਾਬ ਨੂੰ ਬੰਨੀ ਨੇ ਸਹੀ ਕਰ ਮਸਲਾ ਹੱਲ ਕਰਵਾਇਆ ਸੀ। “ਹੁਣ ਤੈਨੂੰ ਕੀ ਆਖਾਂ” ਮਾਨ ਜੀ ਨੇ ਪਹਿਲਾਂ ਬੰਨੀ ਸ਼ਰਮਾ ਨੂੰ ਸੁਣਾਇਆ ਸੀ। ਹੰਸ ਰਾਜ ਹੰਸ ਜੀ ਦਾ “ਆਸ਼ਕਾਂ ਦੀ ਕਾਹਦੀ ਜ਼ਿੰਦਗੀ” ਬੰਨੀ ਨੇ ਰਿਲੀਜ਼ ਕਰਵਾਇਆ ਸੀ। ਦੂਰਦਰਸ਼ਨ ਜਲੰਧਰ ’ਤੇ “ਮਾਣ ਪੰਜਾਬ ਦੇ” ਗੋਲਡਨ ਜੁਬਲੀ ਹੋਇਆ ਤੇ ਮੰਨਤ ਸਿੰਘ ਨੂੰ ਐਂਕਰ ਦੇ ਤੌਰ ’ਤੇ ਉਨ੍ਹਾਂ ਹੀ ਚਮਕਾਇਆ। ਸਭ ਤੋਂ ਵੱਡੀ ਗੱਲ ਨਾਮ ਕਮਾਉਣਾ, ਪੈਸੇ ਤਾਂ ਬਹੁਤ ਲੋਕਾਂ ਕੋਲ ਪਰ ਉਹ ਕਿੱਤਾ ਜਿਹੜਾ ਨਾਮ ਬਣਾਏ, ਤਾਂ ਸੰਗੀਤ ਇੰਡਸਟਰੀ ਵੱਲ ਆਏ, ਦੇਖੋ ਸਿੱਧੀ ਦਿੱਲੀ ਗੁਲਸ਼ਨ ਕੁਮਾਰ ਟੀ-ਸੀਰੀਜ਼ ਨਾਲ ਮਿਲਣੀ ਤੇ ਉਨ੍ਹਾਂ ਕਿਹਾ, ਤਨਖਾਹ ਕਿ ਕਮਿਸ਼ਨ, ਤਾਂ ਬੰਨੀ ਦਾ ਜਵਾਬ ਸੀ ਦੋਨੋਂ ਨਹੀਂ, ਬਸ ਟੀ-ਸੀਰੀਜ਼ ਦੇ ਪੋਸਟਰ ’ਤੇ ਗੁਲਸ਼ਨ ਕੁਮਾਰ ਤੇ ਬੰਨੀ ਸ਼ਰਮਾ ਆ ਜਾਏ, ਅਜਿਹਾ ਹੋਇਆ। ਗੱਲ ਕਿ ਬੰਨੀ ਨੇ ਸਵਰਗੀ ਗੁਰਪ੍ਰੀਤ ਢੱਟ ਨੂੰ ਪਹਿਲੀ ਵਾਰ ਹਵਾਈ ਯਾਤਰਾ ਮੁੰਬਈ ਦੀ ਕਾਰਵਾਈ ਸੀ। ਮੰਗਲ ਹਠੂਰ ਦੇ ਪਹਿਲੇ ਗੀਤ ਜਦ ਉਹ ਆਮ ਲੇਖਕ ਬਣ ਆਇਆ, ਤਾਂ ਬੰਨੀ ਨੇ ਹੀ ਰਿਕਾਰਡ ਕਰਵਾਏ ਸੀ। ਮਨਮੋਹਨ ਵਾਰਿਸ ਤੇ ਦੀਪਕ ਬਾਲੀ ਨਾਲ ਭਰਾ ਜਿਹਾ ਪਿਆਰ ਬਣ ਗਿਆ। ਸ਼੍ਰੀ ਹਰੀ ਰਾਮ ਸ਼ਰਮਾ ਤੇ ਤਾਰਾ ਵੰਤੀ ਦੇ ਇਸ ਸਪੁੱਤਰ ਨੇ ਅੱਜ ਤੱਕ ਪੰਜਾਬੀ ਮਿਊਜ਼ਿਕ ਇੰਡਸਟਰੀ ’ਤੇ ਰਾਜ ਕੀਤਾ, ਅੱਜ ਵੀ ਹੈ। ਰਘੂ ਤੇ ਸਵੀ ਸ਼ਰਮਾ ਉਸ ਦੇ ਦੋ ਪੁੱਤਰ ਕੈਨੇਡਾ ਸਥਾਪਿਤ ਹਨ। ਕਿਰਪਾ ਵਾਹਿਗੁਰੂ ਦੀ ਤੇ ਅੰਗ-ਸੰਗ ਚਲੀ ਰਜਨੀ ਸ਼ਰਮਾ ਉਸ ਦਾ ਪ੍ਰੇਰਕ ਸਰੋਤ ਬਣ ਅੱਜ ਵੀ ਨਾਲ ਖੜ੍ਹੀ ਹੈ। ਕਰਨ ਮੱਲ੍ਹੀ, ਦੀਪਕ ਬਾਲੀ, ਗਗਨ ਕੋਕਰੀ, ਹੰਸ ਰਾਜ ਹੰਸ, ਗੁਰਦਾਸ ਮਾਨ ਤੇ ਅਮਰ ਨੂਰੀ ਅਨੇਕਾਂ ਕਲਾਕਾਰ ਹਨ, ਜਿਨ੍ਹਾਂ ਨਾਲ ਬੰਨੀ ਸ਼ਰਮਾ ਦਾ ਸੰਬੰਧ ਰਿਹਾ ਹੈ ਤੇ ਰਹੇਗਾ। ਬੰਨੀ ਸ਼ਰਮਾ ਯਾਰ ਅਣਮੁੱਲੇ ਤੋਂ ਵੀ ਉੱਪਰ ਹੈ। ਰੱਬ ਲੰਬੀ ਉਮਰ ਦੇਵੇ ਬੰਨੀ ਸ਼ਰਮਾ ਨੂੰ, ਅਜੇ ਹੋਰ ਸੰਗੀਤਕ ਪ੍ਰਾਪਤੀਆਂ ਦੇਵੇ। ਪੰਜਾਬੀਆਂ ਨੂੰ ਬੰਨੀ ਸ਼ਰਮਾ ਲਈ ਇਹ ਲਿਖੇ ਫੀਚਰ ਵਿਚ ਭੁੱਲ ਚੁੱਕ ਲਈ ਮਾਫ਼ੀ।



ਨਛੱਤਰ ਗਿੱਲ ਤੇ ਲਹਿੰਬਰ ਨਾਲ ਬੰਨੀ



ਦੀਪਕ ਬਾਲੀ ਨਾਲ ਬੰਨੀ



ਮਲਕੀਤ ਸਿੰਘ ਨਾਲ ਬੰਨੀ



ਹਰਭਜਨ ਮਾਨ ਨਾਲ ਬੰਨੀ



ਜਸਵੀਰ ਜੱਸੀ ਨਾਲ ਬੰਨੀ

# ਹਰਪ੍ਰੀਤ ਕੌਰ ਸੰਧੂ ਦਾ ਕਾਵਿ ਸੰਗ੍ਰਹਿ 'ਚੁੱਪ ਨਾ ਰਿਹਾ ਕਰ' : ਮਾਨਸਿਕ ਸਰੋਕਾਰਾਂ ਦਾ ਪ੍ਰਤੀਬਿੰਬ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਹਰਪ੍ਰੀਤ ਕੌਰ ਸੰਧੂ ਬਹੁ-ਪਰਤੀ, ਬਹੁ-ਦਿਸ਼ਾਵੀ ਅਤੇ ਬਹੁ-ਅਰਥੀ ਸਾਹਿਤਕਾਰ ਹੈ। ਉਸ ਦੀਆਂ ਕਵਿਤਾਵਾਂ ਅਤੇ ਵਾਰਤਿਕ ਇਨਸਾਨੀ ਮਾਨਸਿਕਤਾ ਦੇ ਅਹਿਸਾਸਾਂ ਦਾ ਪ੍ਰਗਟਾਵਾ ਕਰਦੀਆਂ ਹਨ। ਹਰਪ੍ਰੀਤ ਕੌਰ ਸੰਧੂ ਦਾ ਇੱਕ ਕਾਵਿ ਸੰਗ੍ਰਹਿ 'ਅੰਤਰਨਾਦ' ਪਹਿਲਾਂ ਪ੍ਰਕਾਸ਼ਤ ਹੋ ਚੁੱਕਾ ਹੈ। 'ਚੁੱਪ ਨਾ ਰਿਹਾ ਕਰ' ਉਸ ਦਾ ਦੂਜਾ ਕਾਵਿ ਸੰਗ੍ਰਹਿ ਹੈ। ਉਹ ਖੁੱਲ੍ਹੀ ਤੇ ਵਿਚਾਰ ਪ੍ਰਧਾਨ ਕਵਿਤਾ ਲਿਖਦੀ ਹੈ। ਪ੍ਰੰਤੂ ਉਸ ਦੀ ਕਵਿਤਾ ਨੂੰ ਸਮਝਣ ਲਈ ਪਾਠਕ ਨੂੰ ਸੰਵੇਦਨਸ਼ੀਲ ਹੋਣਾ ਪਵੇਗਾ ਕਿਉਂਕਿ ਕਵਿਤਰੀ ਖ਼ੁਦ ਬਹੁਤ ਹੀ ਸੰਵੇਦਨਸ਼ੀਲ ਹੈ। ਸੰਵੇਦਨਸ਼ੀਲ ਵਿਅਕਤੀ ਸੰਸਾਰ ਵਿਚ ਵਾਪਰਨ ਵਾਲੀ ਹਰ ਘਟਨਾ ਤੇ ਪ੍ਰਸਥਿਤੀ ਨੂੰ ਅਣਡਿੱਠ ਨਹੀਂ ਕਰ ਸਕਦਾ, ਸਗੋਂ ਉਹ ਸੋਚਦਾ ਹੈ ਕਿ ਇਹ ਘਟਨਾ ਕਿਉਂ ਵਾਪਰੀ ਹੈ ਤੇ ਇਸ ਦਾ ਕੀ ਹੱਲ ਹੋਣਾ ਚਾਹੀਦਾ ਹੈ? ਕਵਿਤਰੀ ਦੀਆਂ ਬਹੁਤੀਆਂ ਕਵਿਤਾਵਾਂ ਬਹੁ-ਅਰਥੀ ਅਤੇ ਸਿੰਬਾਲਿਕ ਹਨ। ਜਿਵੇਂ ਗ਼ਜ਼ਲਾਂ ਵਿਚ ਹਰ ਸ਼ਿਅਰ ਦੇ ਵੱਖਰੇ-ਵੱਖਰੇ ਅਰਥ ਹੁੰਦੇ ਹਨ, ਭਾਵ ਇਕ ਗ਼ਜ਼ਲ ਵਿਚ ਅਨੇਕਾਂ ਵਿਸ਼ੇ ਛੋਹੇ ਹੁੰਦੇ ਹਨ, ਉਸੇ ਤਰ੍ਹਾਂ ਹਰਪ੍ਰੀਤ ਕੌਰ ਸੰਧੂ ਦੀਆਂ ਕਵਿਤਾਵਾਂ ਵਿਚ ਵੀ ਕਈ ਵਿਸ਼ੇ ਛੋਹੇ ਹੁੰਦੇ ਹਨ। ਆਮ ਤੌਰ 'ਤੇ ਪਾਠਕ ਸਰਸਰੀ ਨਿਗਾਹ ਨਾਲ ਪੜ੍ਹਦਿਆਂ ਕਵਿਤਾ ਦੇ ਸ਼ਬਦੀ ਅਰਥਾਂ ਵਿਚ ਪੈ ਜਾਂਦੇ ਹਨ। ਧਿਆਨ ਨਾਲ ਪੜ੍ਹਿਆਂ ਪਤਾ ਲੱਗਦਾ ਹੈ ਕਿ ਹਰਪ੍ਰੀਤ ਕੌਰ ਸੰਧੂ ਦੀਆਂ ਕਵਿਤਾਵਾਂ ਦੇ ਅਨੇਕ ਅਰਥ ਨਿਕਲਦੇ ਹਨ। ਕਵਿਤਰੀ ਦੇ ਵਿਚਾਰਾਂ ਅਤੇ ਅਹਿਸਾਸਾਂ ਦੀਆਂ ਮਹਿਕਾਂ ਪਾਠਕ ਦੀ ਮਾਨਸਿਕਤਾ ਨੂੰ ਸੁਗੰਧਤ ਕਰ ਦਿੰਦੀਆਂ ਹਨ। ਚਰਚਾ ਅਧੀਨ ਕਾਵਿ ਸੰਗ੍ਰਹਿ 'ਚੁੱਪ ਨਾ ਰਿਹਾ ਕਰ' ਵਿਚ ਉਸ ਦੀਆਂ 55 ਕਵਿਤਾਵਾਂ ਹਨ। ਕਵਿਤਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਹਰਪ੍ਰੀਤ ਕੌਰ ਸੰਧੂ ਨੇ ਲਿਖਿਆ ਹੈ :

ਭਰੋਸਾ
ਗੁਆਚ ਰਿਹਾ ਹੈ
ਰਿਸ਼ਤਿਆਂ ਦੀ ਤਹਿ 'ਚੋਂ'

ਇਸ ਤੋਂ ਪਤਾ ਲੱਗਦਾ ਹੈ ਕਿ 'ਚੁੱਪ ਨਾ ਰਿਹਾ ਕਰ' ਕਾਵਿ ਸੰਗ੍ਰਹਿ ਸਮਾਜਿਕ ਤਾਣੇ-ਬਾਣੇ ਦੇ ਵਰਤ-ਵਰਤਾਰੇ 'ਤੇ ਵਿਵਹਾਰ ਵਿਚ ਆ ਚੁੱਕੀ ਗਿਰਾਵਟ ਬਾਰੇ ਪਾਠਕਾਂ ਨੂੰ ਜਾਗ੍ਰਿਤ ਕਰ ਰਿਹਾ ਹੈ। ਕਵਿਤਰੀ ਨੇ ਇਸ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ ਦਾ ਸਿਰਲੇਖ ਹੀ 'ਕਵਿਤਾ' ਰੱਖਿਆ ਹੈ। ਇਸ ਕਵਿਤਾ ਵਿਚ ਹਰਪ੍ਰੀਤ ਕੌਰ ਸੰਧੂ ਨੇ ਆਪਣੇ ਕਾਵਿਕ ਮਨ ਦੀ ਤਸਵੀਰ ਖਿੱਚ ਕੇ ਰੱਖ ਦਿੱਤੀ। ਮੈਂ ਮਹਿਸੂਸ ਕੀਤਾ ਹੈ ਕਿ ਇਹ ਪਹਿਲੀ ਕਵਿਤਾ ਹੀ ਉਸ ਦੇ ਕਾਵਿ ਸੰਗ੍ਰਹਿ ਦਾ ਸਾਰ ਹੈ। ਇਸ ਕਵਿਤਾ ਵਿਚ ਕਵਿਤਰੀ ਨੇ ਅਨੇਕਾਂ ਸਵਾਲ ਖੜ੍ਹੇ ਕਰ ਦਿੱਤੇ, ਜਿਨ੍ਹਾਂ ਦੇ ਜਵਾਬ ਉਹ ਸਮਾਜ ਤੋਂ ਮੰਗਦੀ ਹੈ। ਇਸ ਕਵਿਤਾ ਵਿਚ ਉਸ ਨੇ ਹਰ ਸੰਵੇਦਨਸ਼ੀਲ ਇਨਸਾਨ ਦੇ ਮਨ ਵਿਚ ਪੈਦਾ ਹੋਣ ਵਾਲੇ ਉਨ੍ਹਾਂ ਅਹਿਸਾਸਾਂ ਦੀ ਜ਼ਿਕਰ ਕੀਤਾ ਹੈ, ਜਿਨ੍ਹਾਂ ਕਰਕੇ ਸਮਾਜ ਅਨੇਕ ਕਿਸਮ ਦੀਆਂ ਅਤਿਅੰਤ ਗਹਿਰੀਆਂ ਪੀੜਾਂ ਸਹਿ ਰਿਹਾ ਹੈ। ਇਹ ਪੀੜਾਂ ਕਿਸੇ ਇੱਕ ਵਿਅਕਤੀ ਦੀਆਂ ਨਹੀਂ, ਸਗੋਂ ਇਹ ਸਾਰੀ ਲੋਕਾਈ ਨੂੰ ਸਹਿਣੀਆਂ ਪੈਂਦੀਆਂ ਹਨ। ਇਸ ਕਵਿਤਾ ਤੋਂ ਕਵਿਤਰੀ ਦੇ ਅਤਿ ਸੰਵੇਦਨਸ਼ੀਲ ਹੋਣ ਦਾ ਪਤਾ ਲੱਗਦਾ ਹੈ। ਇਹ ਸਾਰੀਆਂ ਪੀੜਾਂ ਸਮਾਜਿਕ ਤੇ ਮਾਨਸਿਕ ਸਰੋਕਾਰਾਂ ਦਾ ਪ੍ਰਗਟਾਵਾ ਕਰਦੀਆਂ ਹਨ। ਸਮਾਜਿਕ ਤੇ ਪਰਿਵਾਰਿਕ ਰਿਸ਼ਤਿਆਂ ਵਿਚ ਆਏ ਨਿਘਾਰ ਬਾਰੇ ਕਵਿਤਰੀ ਨੇ ਕਈ ਕਵਿਤਾਵਾਂ ਵਿਚ ਚਿੰਤਾ ਪ੍ਰਗਟ ਕੀਤੀ ਹੈ, ਜਿਸ ਕਰਕੇ ਸਮਾਜ ਵਿਚੋਂ ਮੋਹ ਮੁਹੱਬਤ ਘੱਟ ਰਹੀ ਹੈ।




'ਚੁੱਪ ਨਾ ਰਿਹਾ ਕਰ' ਕਾਵਿ ਸੰਗ੍ਰਹਿ ਵਿਚ ਕਵਿਤਰੀ ਨੇ ਔਰਤ ਦੀ ਜ਼ਿੰਦਗੀ ਨਾਲ ਸੰਬੰਧਤ ਦੋ ਦਰਜਨ ਤੋਂ ਵੱਧ ਕਵਿਤਾਵਾਂ ਸ਼ਾਮਲ ਕੀਤੀਆਂ ਹਨ, ਜਿਨ੍ਹਾਂ ਵਿਚ ਜਾਗਣਾ-ਸੌਣਾ, ਬੇਲਿਹਾਜ਼ ਔਰਤ, ਜ਼ਿੰਦਗੀ ਦੀ ਦੌੜ, ਮਰਨਾ ਹੋ ਜਾਂਦਾ ਮੁਲਤਵੀ, ਚੁੱਪ ਨਾ ਰਿਹਾ ਕਰ, ਪੁਰਸ਼ ਸਿਰਫ ਪ੍ਰੇਮੀ ਨਹੀਂ ਹੁੰਦਾ, ਤੇਰਾ ਮੇਰਾ ਰਿਸ਼ਤਾ, ਗਲਵੱਕੜੀ, ਤਲਾਸ਼, ਮੈਲੀਆਂ ਨਿਗਾਹਾਂ, ਧੀਆਂ ਦੇ ਨਾਮ, ਜੀਣਾ ਚਾਹੁੰਦੀ, ਆਜ਼ਾਦ ਔਰਤ ਦੀ ਗਾਥਾ, ਪੇਂਡੂ ਬੀਬੀਆਂ, ਜਨਮ ਜਨਮਾਂਤਰ, ਚੁਰਾਹੇ ਵਿਚ ਖੜ੍ਹਾ ਬੁੱਤ, ਮੰਗ, ਸ਼ਿੰਗਾਰ ਬਨਾਮ ਜ਼ਿੰਦਗੀ, ਮੇਰੀ ਪਸੰਦ, ਧੁਖ਼ਦਾ ਸਵਾਲ, ਸੰਤਾਪ ਸੰਤਾਲ, ਔਰਤ ਹਾਂ, ਖ਼ੁਸ਼ਬੂ ਦਾ ਘਰ ਅਤੇ ਮੱਥੇ 'ਚੋਂ ਚੋਂਦੇ ਸਵਾਲ, ਸ਼ਾਮਲ ਹਨ। ਇਨ੍ਹਾਂ ਕਵਿਤਾਵਾਂ ਵਿਚ ਔਰਤ ਦੇ ਦਰਦ ਦੀ ਦਾਸਤਾਂ ਦੱਸੀ ਗਈ ਹੈ। 'ਔਰਤ ਹਾਂ' ਸਿਰਲੇਖ ਵਾਲੀ ਕਵਿਤਾ ਵਿਚ ਉਹ ਕਹਿੰਦੀ ਹੈ : ਔਰਤ ਕਮਜ਼ੋਰ ਨਹੀਂ ਕੋਮਲ ਹੋ ਸਕਦੀ ਹੈ, ਬੇਸਹਾਰਾ ਨਹੀਂ ਸਹਾਰਾ ਬਣ ਸਕਦੀ ਹੈ, ਹੱਕ ਮੰਗ ਸਕਦੀ ਹੈ, ਜ਼ਰੂਰੀ ਨਹੀਂ ਖ਼ੂਬਸੂਰਤ ਹੋਵਾਂ, ਮਜ਼ਬੂਤ ਹੋ ਸਕਦੀ ਹਾਂ, ਚੰਡੀ ਤੇ ਚਟਾਨ ਬਣ ਸਕਦੀ ਹਾਂ। ਪ੍ਰੰਤੂ ਉਹ ਰਿਸ਼ਤਿਆਂ ਨੂੰ ਜੋੜ ਕੇ ਰੱਖਣਾ ਚਾਹੁੰਦੀ ਹੈ। ਔਰਤ ਮਾਂ, ਪਤਨੀ, ਭੈਣ, ਧੀ ਦੇ ਰੂਪ ਵਿਚ ਹੁੰਦੀ ਹੋਈ, ਇਹ ਜ਼ਰੂਰੀ ਨਹੀਂ ਉਹ ਡਰ ਕੇ ਰਹੇ ਤੇ ਹਮੇਸ਼ਾ ਸਮਝੌਤਾ ਹੀ ਕਰਦੀ ਰਹੇ। ਮੁੱਢਲੇ ਹੱਕਾਂ ਲਈ ਉਸ ਨੂੰ ਉਠਣਾ ਪਵੇਗਾ। ਹੁਣ ਉਹ ਮਜ਼ਲੂਮ ਨਹੀਂ। ਇਸ ਦੇ ਨਾਲ ਹੀ ਉਹ ਇਸਤਰੀਆਂ ਨੂੰ ਸਲਾਹ ਵੀ ਦਿੰਦੀ ਹੈ। ਇਸਤਰੀ ਦੇ ਸੁਭਾਅ, ਵਿਵਹਾਰ ਅਤੇ ਆਧੁਨਿਕਤਾ ਦੇ ਅਸਰ ਨੂੰ ਕਵਿਤਰੀ ਮੰਦਭਾਗਾ ਮਹਿਸੂਸ ਕਰਦੀ ਹੈ। ਉਹ ਇਸਤਰੀ ਨੂੰ ਬਹਾਦਰੀ, ਸਿਆਣਪ ਅਤੇ ਸੰਜਮ ਤੋਂ ਕੰਮ ਲੈਣ ਦੀ ਪ੍ਰੇਰਨਾ ਦਿੰਦੀ ਹੈ। ਇਸਤਰੀ ਨੂੰ ਆਪਣੇ ਆਪੇ ਦੀ ਪਛਾਣ ਕਰਕੇ ਚੰਗਿਆਈ ਤੇ ਬੁਰਾਈ ਦੀ ਪਰਖ ਕਰਨ ਦੇ ਸਮਰੱਥ ਹੋਣਾ ਪਵੇਗਾ ਕਿਉਂਕਿ ਸਮਾਜ ਵਿਚ ਇਸਤਰੀ ਦੇ ਕਈ ਰੂਪ ਹਨ, ਜਿਨ੍ਹਾਂ ਤੋਂ ਬਿਨਾਂ ਸਮਾਜ ਪੂਰਾ ਨਹੀਂ ਹੋ ਸਕਦਾ। ਮਰਦ ਤੇ ਔਰਤ ਇਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਮਰਦ ਅਤੇ ਔਰਤ ਦੋਵੇਂ ਇਕ ਦੂਜੇ ਦੇ ਪੂਰਕ ਹਨ ਪ੍ਰੰਤੂ ਦੋਹਾਂ ਦੇ ਆਪੋ-ਆਪਣੇ ਫ਼ਰਜ਼ ਹਨ, ਜਿਨ੍ਹਾਂ ਨੂੰ ਨਿਭਾਉਣਾ ਆਉਣਾ ਚਾਹੀਦਾ ਹੈ। ਕਵਿਤਰੀ ਆਪਣੀਆਂ ਕਵਿਤਾਵਾਂ ਵਿਚ ਦੱਸਦੀ ਹੈ ਕਿ ਔਰਤ ਹੁਣ ਅਬਲਾ ਨਹੀਂ, ਸਗੋਂ ਆਧੁਨਿਕਤਾ ਦੇ ਜ਼ਮਾਨੇ ਵਿਚ ਉਹ ਹਰ ਮੁਸੀਬਤ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਉਹ ਹੁਣ ਡਰ ਕੇ ਆਪਣਾ ਜੀਵਨ ਬਸਰ ਨਹੀਂ ਕਰੇਗੀ, ਸਗੋਂ ਬਹਾਦਰੀ ਦਾ ਸਬੂਤ ਦੇਵੇਗੀ। ਉਹ ਨਾ ਡਰੇਗੀ ਅਤੇ ਨਾ ਹੀ ਕਿਸੇ ਨੂੰ ਡਰਾਵੇਗੀ ਪ੍ਰੰਤੂ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਅਤੇ ਆਪਣੀਆਂ ਸ਼ਰਤਾਂ 'ਤੇ ਬਸਰ ਕਰੇਗੀ।

ਐੱਮ.ਐੱਸ.ਪੀ. ਕਵਿਤਾ ਵਿਚ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੀਆਂ ਦਾ ਘੱਟੋ-ਘੱਟ ਸਮਰਥਨ ਮਿਲ ਨਾ ਦੇਣ ਦਾ ਜ਼ਿਕਰ ਕਰਦਿਆਂ ਸ਼ਾਪਿੰਗ ਮਾਲਜ਼ ਅਤੇ ਸਟੋਰਾਂ ਵਿਚ ਬ੍ਰਾਂਡਿਡ ਵਸਤਾਂ ਦੇ ਮੁੱਲ ਨਿਸ਼ਚਿਤ ਮਿਲਣ ਬਾਰੇ ਕਿੰਤੂ-ਪ੍ਰੰਤੂ ਕਰਦੀ ਹੈ, ਭਾਵ ਕਿਸਾਨਾ ਨੂੰ ਉਨ੍ਹਾਂ ਦੀ ਫ਼ਸਲ ਦੇ ਮੁੱਲ ਕਿਸਾਨਾਂ ਦੀ ਮਰਜ਼ੀ ਅਨੁਸਾਰ ਨਿਸ਼ਚਿਤ ਕਿਉਂ ਨਹੀਂ ਹੁੰਦੇ? ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਵੀ ਨਿਸ਼ਚਿਤ ਮੁੱਲ ਨਾ ਮਿਲਣ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ ਹੈ। ਸਾਡੀਆਂ ਸਰਕਾਰਾਂ ਦੇ ਅਵੇਸਲੇਪਣ ਅਤੇ ਗ਼ੈਰ ਸੰਜੀਦਗੀ ਦੇ ਸੰਤਾਪ ਦਾ ਪ੍ਰਗਟਾਵਾ ਕੀਤਾ ਗਿਆ ਹੈ। 'ਸੰਤਾਪ ਸੰਤਾਲੀ' ਕਵਿਤਾ ਵਿਚ ਹਿੰਦ-ਪਾਕਿ ਦੀ ਵੰਡ ਦੀ ਤ੍ਰਾਸਦੀ ਸਮੇਂ ਨਫ਼ਰਤ, ਕਤਲੋਗਾਰਤ, ਲੁੱਟ ਘਸੁੱਟ ਅਤੇ ਇਸਤਰੀਆਂ ਨਾਲ ਬਲਾਤਕਾਰ ਵਰਗੀਆਂ ਘਟਨਾਵਾਂ ਨੇ ਇਨਸਾਨੀਅਤ ਸ਼ਰਮਸ਼ਾਰ ਕੀਤੀ। ਦੋਹਾਂ ਭਾਈਚਾਰਿਆਂ ਨੇ ਸੰਤਾਪ ਭੋਗਿਆ ਹੈ। ਕਵਿਤਰੀ ਨੇ ਇਹ ਸਾਰਾ ਕੁਝ ਸਿਆਸਤਦਾਨਾਂ ਦੇ ਸਿਰ ਮੜ੍ਹਿਆ ਹੈ। 'ਫੁਲ' ਕਵਿਤਾ ਵਿਚ ਫ਼ੁਲਾਂ ਦੀ ਮਹਿਕ ਨਾਲੋਂ ਮਨ ਦੀ ਖ਼ੁਸ਼ਬੋ ਨੂੰ ਸਥਿਰ ਕਿਹਾ ਹੈ। 'ਫ਼ੁਲਾਂ ਦੀ ਕਹਾਣੀ' ਕਵਿਤਾ ਵਿਚ ਕਵਿਤਰੀ ਕਹਿ ਰਹੀ ਹੈ ਕਿ ਫੁੱਲ ਆਪਣੀ ਅਹਿਮੀਅਤ ਗ਼ਮੀ ਅਤੇ ਖ਼ੁਸ਼ੀ ਭਾਵ ਹਰ ਥਾਂ 'ਤੇ ਬਣਾ ਲੈਂਦੇ ਹਨ, ਬਿਲਕੁਲ ਇਸੇ ਤਰ੍ਹਾਂ ਇਨਸਾਨ ਨੂੰ ਆਪਣੀ ਕਾਬਲੀਅਤ ਅਜਿਹੀ ਬਣਾਉਣੀ ਚਾਹੀਦੀ ਹੈ ਕਿ ਉਹ ਸਦਾਬਹਾਰ ਰਹੇ, ਭਾਵ ਹਰ ਮੌਕੇ 'ਤੇ ਦੁੱਖ, ਸੁੱਖ ਤੇ ਮੁਸੀਬਤ ਵਿਚ ਉਸ ਦੀ ਕਾਬਲੀਅਤ ਦਾ ਮੁੱਲ ਪੈਂਦਾ ਰਹੇ। 'ਤਹਿ ਚੋਂ' ਕਵਿਤਾ ਸਮਾਜਿਕ ਗਿਰਾਵਟ ਦੀ ਮੂੰਹ ਬੋਲਦੀ ਤਸਵੀਰ ਹੈ। ਇਨਸਾਨ ਆਪਣੇ ਵਰਤਮਾਨ ਅਤੇ ਭਵਿੱਖ ਬਾਰੇ ਸੰਜੀਦਾ ਨਹੀਂ, ਤਹਿਜ਼ੀਬ, ਜਜ਼ਬਾਤ, ਅਹਿਸਾਸ, ਜੰਗਲ, ਇਨਸਾਨੀਅਤ ਗਾਇਬ ਹੋ ਰਹੀ ਹੈ। ਜ਼ਮੀਨ ਵਿਚੋਂ ਪਾਣੀ ਖ਼ਤਮ ਹੋਣ ਬਾਰੇ ਸੰਜੀਦਾ ਨਹੀਂ ਆਦਿ। 'ਹਮਸਾਏ' ਕਵਿਤਾ ਧਾਰਮਿਕ ਗਿਰਾਵਟ ਦਰਸਾਉਂਦੀ ਏ। ਕਵਿਤਰੀ ਆਪਣੀਆਂ ਕਵਿਤਾਵਾਂ ਵਿਚ ਮਨੁੱਖ ਨੂੰ ਇਨਸਾਨੀ ਗੁਣਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ। ਬੁਰਿਆਈ ਤੇ ਚੰਗਿਆਈ ਸਮਾਜ ਵਿਚ ਦੋਵੇਂ ਮੌਜੂਦ ਹਨ ਪ੍ਰੰਤੂ ਇਨਸਾਨ ਨੂੰ ਚੰਗਿਆਈ ਦਾ ਪੱਲਾ ਫੜ੍ਹਨਾ ਚਾਹੀਦਾ ਹੈ। ਹਉਮੈ, ਧੋਖ਼ਾ, ਫਰੇਬ ਅਤੇ ਹੋਰ ਸਮਾਜਿਕ ਵਿਸੰਗਤੀਆਂ ਤੋਂ ਦੂਰ ਰਹਿਕੇ ਜ਼ਿੰਦਗੀ ਬਸਰ ਕਰਨੀ ਚਾਹੀਦੀ ਹੈ। ਮਨੁੱਖ ਨੂੰ ਅਜਿਹੇ ਕਾਰਜ ਕਰਨੇ ਚਾਹੀਦੇ ਹਨ, ਜਿਨ੍ਹਾਂ ਦਾ ਸਮਾਜਿਕ ਤਾਣੇ-ਬਾਣੇ ਨੂੰ ਲਾਭ ਪਹੁੰਚਦਾ ਹੋਵੇ। ਭਵਿਖ ਵਿਚ ਕਵਿਤਰੀ ਤੋਂ ਹੋਰ ਵਧੇਰੇ ਬਿਹਤਰੀਨ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ।

95 ਪੰਨਿਆਂ, 145 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

---

## ਬਰਸੀ 'ਤੇ ਵਿਸ਼ੇਸ਼

# 'ਭਗਤ ਪੂਰਨ ਸਿੰਘ ਜੀ'

-ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA



ਜਿਸ ਮਨੁੱਖ ਦੇ ਮੱਥੇ ਉੱਤੇ ਪ੍ਰਭੂ ਦੀ ਬਖਸ਼ਿਸ਼ ਦਾ ਲੇਖ ਹੋਵੇ, ਉਹ ਪ੍ਰਭੂ ਦੀ ਸੇਵਾ ਭਗਤੀ ਵਿਚ ਲੱਗਦਾ ਹੈ। (ਅੰਗ : 964-965) ਜਾਂ ਹੇ ਭਾਈ! ਪ੍ਰਭੂ ਦਾ ਜਿਹੜਾ ਸੇਵਕ ਪ੍ਰਭੂ ਦੀ ਸੇਵਾ ਵਿਚ ਲੱਗਦਾ ਹੈ, ਉਹ ਹਰ ਥਾਂ ਪ੍ਰਭੂ ਦਾ ਹੀ ਪਸਾਰਾ ਵੇਖਦਾ ਹੈ। (ਅੰਗ : 982)

ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਾਲੇ ਵੀ ਉਨ੍ਹਾਂ ਗੁਰਮੁਖਾਂ ਵਿਚੋਂ ਹੀ ਹੋਏ ਹਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਪਿੰਗਲੇ, ਅਨਾਥਾਂ, ਬੇਸਹਾਰਿਆਂ ਦੀ ਨਿਰਸੁਆਰਥ ਸੇਵਾ ਵਿਚ ਲਗਾਇਆ। ਉਨ੍ਹਾਂ ਦੀਆਂ ਸੇਵਾਵਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਹੋਈ ਹੈ। ਦੇਸ਼-ਵਿਦੇਸ਼ ਤੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਦੀ ਸੇਵਾ ਵਿਚ ਯੋਗਦਾਨ ਪਾਇਆ ਜਾਂਦਾ ਹੈ।

ਭਗਤ ਜੀ ਦਾ ਜਨਮ 4 ਜੂਨ, 1904 ਰਾਜੇਵਾਲ (ਰਾਹੋਂ) ਜ਼ਿਲ੍ਹਾ ਲੁਧਿਆਣਾ ਵਿਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਉਨ੍ਹਾਂ ਨੂੰ ਰਾਮਜੀ ਦਾਸ ਨਾਮ ਦਿੱਤਾ ਗਿਆ ਸੀ। ਪਿਤਾ ਜੀ ਸ਼ਾਹੂਕਾਰ ਸਨ। ਭਗਤ ਜੀ ਦੇ ਮਨ ਵਿਚ ਆਪਣੀ ਮਾਤਾ ਜੀ ਦੀ ਸ਼ਖਸੀਅਤ ਦਾ ਬੜਾ ਪ੍ਰਭਾਵ ਸੀ, ਜਿਸ ਨਾਲ ਆਪ ਜੀ ਦੇ ਮਨ ਵਿਚ ਦਯਾ, ਸੇਵਾਭਾਵਨਾ ਉਤਪੰਨ ਹੋਈ। ਪਿਤਾ ਜੀ ਦਾ ਕਾਰੋਬਾਰ ਖਤਮ ਹੋ ਗਿਆ। ਫਿਰ ਪਿਤਾ ਜੀ ਦੀ ਮੌਤ ਤੋਂ ਬਾਅਦ ਘਰ ਵਿਚ ਘੋਰ ਗਰੀਬੀ ਛਾ ਗਈ। ਆਪ ਜੀ ਦੀ ਮਾਤਾ ਜੀ ਨੇ ਘਰੇਲੂ ਨੌਕਰ ਵਜੋਂ ਕੰਮ ਕਰਕੇ ਭਗਤ ਜੀ ਦੀ ਪੜ੍ਹਾਈ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਭਗਤ ਜੀ ਨੂੰ ਹੋਸਟਲ ਭੇਜਿਆ ਤੇ ਖਰਚਾ ਵੀ ਭੇਜਿਆ ਜਾਂਦਾ।

ਭਗਤ ਜੀ ਦਸਵੀਂ ਜਮਾਤ ਵਿਚੋਂ ਫੇਲ੍ਹ ਹੋ ਗਏ। ਉਨ੍ਹਾਂ ਨੂੰ ਲਾਹੌਰ ਵਾਪਸ ਲਿਆਂਦਾ ਗਿਆ, ਇਕ ਸਥਾਨਕ ਸਕੂਲ ਵਿਚ ਵੀ ਦਾਖਲ ਕਰਵਾਇਆ ਗਿਆ। ਭਗਤ ਜੀ ਦੀ ਦੁਨਿਆਵੀ ਵਿਦਿਆ ਵਿਚ ਰੁਚੀ ਨਹੀਂ ਸੀ। ਪਰ ਉਹ ਸਾਹਿਤ ਰਸੀਏ ਸਨ। ਉਹ ਦਿਆਲ ਵਿਚ ਲਾਇਬ੍ਰੇਰੀ ਵਿਚ ਗਿਆਨ ਪ੍ਰਾਪਤੀ ਲਈ ਘੰਟਿਆਂਬੱਧੀ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਭਗਤ ਜੀ ਜਵਾਨ ਹੋਏ, ਤਾਂ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣ ਗਏ ਅਤੇ ਨਾਉਂ ਹੋ ਗਿਆ ਭਗਤ ਪੂਰਨ ਸਿੰਘ। ਉਹ ਲਾਹੌਰ ਵਿਚ ਗੁਰਦੁਆਰਾ ਡੇਹਰਾ ਸਾਹਿਬ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿਚ ਸੇਵਾ ਕਰਦੇ ਸਨ, ਜਿਵੇਂ ਯਾਤਰੂਆਂ ਲਈ ਸਾਫ ਪਾਣੀ ਦਾ ਪ੍ਰਬੰਧ ਕਰਨਾ, ਦੁੱਧ ਦੇਣ ਵਾਲੇ ਪਸ਼ੂਆਂ ਦੀ ਸੰਭਾਲ ਕਰਦੇ, ਲੰਗਰਾਂ ਵਿਚ ਭਾਂਡੇ ਮਾਂਜਦੇ, ਪ੍ਰਸ਼ਾਦਾ ਬਣਾਉਂਦੇ, ਲੰਗਰ ਵਰਤਾਉਂਦੇ, ਗੁਰਦੁਆਰਾ ਦਾ ਫਰਸ਼ ਸਾਫ ਕਰਦੇ। ਉਹ ਲਾਹੌਰ ਦੀਆਂ ਗਲੀਆਂ ਦੀ ਵੀ ਸਫਾਈ ਕਰ ਜਾਂਦੇ। ਉਹ ਲਾਵਾਰਸ ਮੁਰਦਿਆਂ ਦਾ ਸਸਕਾਰ ਕਰਦੇ। ਉਹ ਬੇਸਹਾਰਾ ਦੀ ਦੇਖਭਾਲ ਕਰਦੇ।



ਬਿਮਾਰਾਂ ਨੂੰ ਹਸਪਤਾਲ ਪਹੁੰਚਾਉਣ ਦੀ ਸੇਵਾ ਕਰਦੇ।

ਮਨੁੱਖਤਾ ਦੀ ਸੇਵਾ ਕਰਨਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਬਣ ਗਿਆ ਸੀ। ਉਨ੍ਹਾਂ ਦੀ ਸਿੱਖ ਗੁਰੂਆਂ ਦੇ ਉਪਦੇਸ਼ ਵਿਚ ਬੜੀ ਸ਼ਰਧਾ ਸੀ। ਉਹ ਇੱਧਰ-ਉੱਧਰ ਘੁੰਮ ਕੇ ਵੇਖਦੇ ਕਿ ਜ਼ਖਮੀਆਂ, ਸਰੀਰਕ ਤੌਰ 'ਤੇ ਅਪਾਹਜ ਲੋਕਾਂ ਨੂੰ ਲੱਭਦੇ ਅਤੇ ਹਸਪਤਾਲ ਛੱਡ ਆਉਂਦੇ। ਸੰਨ 1924 ਦੀ ਇਕ ਰਾਤ ਕੋਈ ਚਾਰ ਕੁ ਸਾਲ ਦਾ ਬੱਚਾ ਕੋੜ੍ਹ ਨਾਲ ਗ੍ਰਸਤ ਲੜਕੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਵਾਜ਼ੇ 'ਤੇ ਛੱਡ ਗਿਆ। ਗੁਰਦੁਆਰਾ ਦੇ ਤਤਕਾਲੀ ਮੁੱਖ ਸੇਵਾਦਾਰ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰ ਦਿੱਤਾ। ਭਗਤ ਜੀ ਨੇ ਉਸ ਦਾ ਨਾਮ ਪਿਆਰਾ ਸਿੰਘ ਰੱਖਿਆ। ਖੁਦ ਉਸ ਦਾ ਪਾਲਣ-ਪੋਸ਼ਣ ਕਰਨ ਦਾ ਫੈਸਲਾ ਕੀਤਾ। ਇਥੋਂ ਹੀ ਪਿੰਗਲਵਾੜਾ ਸਥਾਪਤ ਕਰਨ ਦਾ ਸੰਕਲਪ ਬਣਿਆ ਹੈ।

1947 ਵਿਚ ਦੇਸ਼ ਦੀ ਵੰਡ ਦਾ ਕਹਿਰ ਟੁੱਟਾ, ਤਾਂ ਭਗਤ ਜੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿਚ ਪਹੁੰਚੇ, ਜਿਸ ਵਿਚ 25000 ਤੋਂ ਵੱਧ ਸ਼ਰਨਾਰਥੀ ਸਨ। ਜੋ ਗੰਭੀਰ ਰੂਪ ਵਿਚ ਜ਼ਖਮੀ ਸਨ ਅਤੇ ਆਪਾ ਸੰਭਾਲਣ ਦੇ ਯੋਗ ਨਹੀਂ ਸਨ। ਸਰਕਾਰ ਦੀ ਮਦਦ ਸਮਰਥਾ ਤੋਂ ਵੀ ਵਾਂਝੇ ਸਨ। ਭਗਤ ਜੀ ਨੇ ਆਪ ਅੱਗੇ ਹੋ ਕੇ ਜ਼ਖਮੀਆਂ ਦਾ ਇਲਾਜ ਕਰਨਾ ਸ਼ੁਰੂ ਕੀਤਾ।

1958 ਤੱਕ ਭਗਤ ਜੀ ਕੋਲ ਸੇਵਾ ਕਰਨ ਦਾ ਪੱਕਾ ਟਿਕਾਣਾ ਨਹੀਂ ਸੀ। ਉਹ ਚੀਫ ਖਾਲਸਾ ਦਿਵਾਨ ਦੇ ਬਾਹਰ, ਡਾਕਘਰਾਂ, ਰੇਲਵੇ ਸਟੇਸ਼ਨਾਂ ਅਤੇ ਸਿਵਲ ਸਰਜਨ ਦੇ ਦਫਤਰਾਂ ਦੇ ਬਾਹਰ ਦਰੱਖਤ ਹੇਠ ਸੇਵਾਵਾਂ ਜਾਰੀ ਰੱਖਦੇ ਸਨ। ਅੰਤ 1958 ਵਿਚ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਸਥਾਪਨਾ ਕੀਤੀ, ਜਿਸ ਦਾ ਸਾਲਾਨਾ ਬਜਟ ਉਸ ਸਮੇਂ ਲਗਭਗ 12.5 ਮਿਲੀਅਨ ਸੀ। ਇਹ ਸੰਸਥਾ ਤਹਿਸੀਲਪੁਰਾ ਜੀ.ਟੀ. ਰੋਡ ਅੰਮ੍ਰਿਤਸਰ ਹੈ। ਸੰਸਥਾ ਦੇ ਹੋਰ ਕੇਂਦਰ ਹਨ, ਜਿਵੇਂ ਕਿ ਅੰਮ੍ਰਿਤਸਰ, ਜਲੰਧਰ, ਸੰਗਰੂਰ, ਮਾਨਾਂਵਾਲਾ, ਪਲਸੋਰਾ ਅਤੇ ਗੋਇੰਦਵਾਲ ਜਿਨ੍ਹਾਂ ਵਿਚ 1200 ਦੇ ਕਰੀਬ ਲਾਵਾਰਸ ਮਰੀਜ਼ ਦਾਖਲ ਹਨ। ਉਨ੍ਹਾਂ ਦੀ ਸੇਵਾ-ਸੰਭਾਲ ਲਈ ਲੋੜੀਂਦੇ ਕਰਮਚਾਰੀ ਹਮੇਸ਼ਾ ਤਾਇਨਾਤ ਰਹਿੰਦੇ ਹਨ। ਪਿੰਗਲਵਾੜਾ ਦੀਆਂ ਮੁੱਢਲੀ ਡਾਕਟਰੀ ਸਹਾਇਤਾ ਦੇ ਵਾਹਨ ਜੀ.ਟੀ. ਰੋਡ 'ਤੇ ਹੁੰਦੇ ਹਾਦਸਿਆਂ ਦੇ ਪੀੜਤਾਂ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿੰਗਲਵਾੜਾ ਦਾ ਇਕ ਬਨਾਵਟੀ ਅੰਗ ਕੇਂਦਰ ਹੈ, ਜਿਥੇ ਅੰਗਹੀਣਾਂ ਨੂੰ ਮੁਫਤ ਬਨਾਵਟੀ ਅੰਗ ਲਗਾਏ ਜਾਂਦੇ ਹਨ। ਬੱਚਿਆਂ ਦਾ ਵਿਦਿਆ ਲਈ ਵਿਦਿਅਕ ਅਦਾਰੇ ਹਨ। ਪਿੰਗਲਵਾੜਾ ਵਿਚ ਮਰਨ ਵਾਲਿਆਂ ਦੀਆਂ ਲਾਵਾਰਸ ਲਾਸ਼ਾਂ ਨੂੰ ਸਰੀਰ ਵਿਗਿਆਨ ਪੜ੍ਹਾਉਣ ਲੀ ਸਥਾਨਕ ਮੈਡੀਕਲ ਕਾਲਜ ਭੇਜਿਆ ਜਾਂਦਾ ਹੈ।

ਭਗਤ ਜੀ ਦੇ ਸੰਪੂਰਨ ਜੀਵਨ ਦੇ ਹੋਰ ਮਹੱਤਵਪੂਰਨ ਪਹਿਲੂਆਂ ਵਿਚ ਹੈ ਕਿ ਬਚਪਨ ਵਿਚ ਉਨ੍ਹਾਂ ਦਾ ਪਰਿਵਾਰ ਗੁਜ਼ਾਰੇ ਲਈ ਪਿੰਡ-ਪਿੰਡ ਘੁੰਮਦਾ ਸੀ। ਉਹ ਪਰਿਵਾਰ ਇਸ ਸਮੇਂ ਵਿਚ ਹਿੰਦੂ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਵੀ ਠਹਿਰਦਾ ਰਿਹਾ। ਸਿੱਖ ਗੁਰੂਆਂ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਨ ਦੀ ਚੋਣ ਕੀਤੀ ਅਤੇ ਨਾਮ ਹੋ ਗਿਆ ਪੂਰਨ ਸਿੰਘ। ਭਗਤ ਜੀ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਗਿਆਤਾ ਸਨ। ਉਹ ਇਕ ਸਾਹਿਤਕ ਚਿੰਤਕ ਸਨ। ਆਪ ਜੀ ਨੇ ਵਾਤਾਵਰਣ, ਪ੍ਰਦੂਸ਼ਨ, ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ ਜਿਹੇ ਮੁੱਦਿਆਂ ਨੂੰ ਛੋਹਿਆ ਹੈ। ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ "ਮਨੁੱਖ ਦੀ ਸਿੱਖਿਆ", "ਸਿਰਫ ਧਾਰਮਿਕਤਾ ਹੀ ਇਕ ਕੌਮ ਨੂੰ ਉੱਚਾ ਕਰਦੀ ਹੈ", "ਪੈਂਦਾ ਜਾਂ ਨਾਸ਼", "ਰਾਹ", "ਵਧਦੀ ਆਬਾਦੀ" ਅਤੇ ਹੋਰ ਬਹੁਤ ਸਾਰੇ ਲੇਖ ਹਨ। ਆਪ ਰੱਦੀ ਕਾਗਜ਼ਾਂ ਦੇ ਇਕ ਪਾਸੇ ਲਿਖਦੇ ਤੇ ਪ੍ਰਚਾਰਦੇ ਸਨ ਕਿ ਕਾਗਜ਼ ਦੀ ਘੱਟ ਵਰਤੋਂ ਕਰੋ, ਨਹੀਂ ਤਾਂ ਜ਼ਿਆਦਾ ਰੁੱਖ ਕੱਟੇ ਜਾਣਗੇ। ਆਪ ਇਕ ਲੇਖਕ, ਪ੍ਰਕਾਸ਼ਕ, ਵਾਤਾਵਰਣ ਪ੍ਰੇਮੀ ਅਤੇ ਪਰਉਪਕਾਰੀ ਹੋ ਨਿਬੜੇ ਸਨ।

ਆਪ ਇਕ ਪ੍ਰਪੱਕ ਵਾਤਾਵਰਣ ਪ੍ਰੇਮੀ ਅਤੇ ਦਾਰਸ਼ਨਿਕ ਸਨ। ਉਨ੍ਹਾਂ ਨੇ ਰੁਖ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕੀਤੀ। ਵਾਤਾਵਰਣ ਦੇ ਵਿਸ਼ਿਆਂ 'ਤੇ ਭਾਸ਼ਨ ਕੀਤੇ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ। ਵਾਤਾਵਰਣ 'ਤੇ ਲਿਖਿਆ ਵੀ। ਉਨ੍ਹਾਂ ਕਈ ਤ੍ਰਿਵੈਣੀ ਦੇ ਰੁੱਖ ਲਗਾਏ ਸਨ।

ਭਗਤ ਪੂਰਨ ਸਿੰਘ ਜੀ ਨੂੰ 1991 ਵਿਚ ਨੋਬਲ ਸ਼ਾਂਤੀ ਐਵਾਰਡ ਮਿਲਿਆ, ਜੋ ਉਨ੍ਹਾਂ ਨੇ ਸਾਕਾ ਨੀਲਾ ਤਾਰਾ 1984 ਦੀ ਦੁਖਦਾਈ ਘਟਨਾ ਦੇ ਰੋਸ ਵਿਚ ਵਾਪਸ ਕਰ ਦਿੱਤਾ।

ਭਗਤ ਜੀ ਇਕ ਸੰਸਥਾ ਸਨ। ਉਹ ਇਕ ਸੇਵਾ ਸਮਰਪਿਤ ਸਿੱਖ ਸਨ। ਉਹ ਪੁਰਾਤਨ ਪ੍ਰੰਪਰਾ ਦੇ ਮਿਸਾਲੀ ਸਿੱਖ ਸਨ। ਉਨ੍ਹਾਂ ਨੇ ਵਿਸ਼ਵ ਪੱਧਰ 'ਤੇ ਆਪਣੇ ਮਾਨਵਤਾਵਾਦੀ ਸੇਵਾਵਾਂ ਲਈ ਸਨਮਾਨ ਪ੍ਰਾਪਤ ਕੀਤਾ ਹੈ।

ਆਪ 5 ਅਗਸਤ, 1992 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ। ਉਹ ਗੁਰਮਤਿ ਆਸ਼ੇ ਅਨੁਸਾਰ ਨਿਰਸੁਆਰਥ ਸੇਵਾ ਲਈ ਹਮੇਸ਼ਾਂ ਯਾਦ ਰਹਿਣਗੇ। ਉਨ੍ਹਾਂ ਦੀ ਵਿਰਾਸਤ ਦੀ ਸੰਭਾਲ ਵਿਚ ਡਾਕਟਰ ਬੀਬੀ ਇੰਦਰਜੀਤ ਕੌਰ ਜੀ ਹਨ।

## 4 ਅਗਸਤ ਧਰਮ ਯੁੱਧ ਮੋਰਚੇ 'ਤੇ ਵਿਸ਼ੇਸ਼ ਲੇਖ

# ਜਦੋਂ ਸੰਤ ਜਰਨੈਲ ਸਿੰਘ ਜੀ ਦੇ ਮੋਰਚੇ ਦੀ ਵਾਂਗਡੋਰ ਅਕਾਲੀ ਦਲ ਨੇ ਸੰਭਾਲ ਲਈ...

ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਐਪ : +91-99141-84794
ਪੰਜਾਬ ਮੇਲ USA





ਸਮੇਂ-ਸਮੇਂ ਸਿੱਖ ਕੌਮ 'ਤੇ ਸੰਕਟ ਪੈਂਦੇ ਰਹੇ। ਸਮੇਂ-ਸਮੇਂ ਇਸ ਦਲੇਰ ਕੌਮ ਨੇ ਸੰਘਰਸ਼ ਕਰ ਕੇ ਮੋਰਚੇ ਲਾ ਕੇ, ਸ਼ਹੀਦੀਆਂ ਪਾ ਕੇ, ਗ੍ਰਿਫਤਾਰੀਆਂ ਦੇ ਕੇ, ਜਬਰ ਜ਼ੁਲਮ ਦਾ ਟਾਕਰਾ ਕਰਕੇ ਸਿੱਖ ਧਰਮ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਸਿੱਖ ਕੌਮ ਨੂੰ ਜ਼ਾਲਮ ਸਰਕਾਰਾਂ ਨਾਲ ਨਿਪਟਣ ਲਈ ਕਈ ਮੋਰਚੇ ਲਾਉਣੇ ਪਏ, ਜਿਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ, ਚਾਬੀਆਂ ਦਾ ਮੋਰਚਾ, ਜੈਤੋ ਦਾ ਮੋਰਚਾ, ਆਦਿ, ਇਸ ਤਰ੍ਹਾਂ ਹੀ ਸਮੇਂ ਦੇ ਸੰਕਟ ਨਾਲ ਨਿਪਟਣ ਲਈ ਧਰਮ ਯੁੱਧ ਮੋਰਚਾ ਲੱਗਿਆ।

13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਨਾਲ ਹੋਏ ਟਾਕਰੇ ਵਿਚ 13 ਸਿੰਘ ਸ਼ਹੀਦ ਹੋਣ ਤੋਂ ਬਾਅਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਚਰਚਾ ਵਿਚ ਆ ਗਏ ਸਨ। ਉਸ ਟਾਇਮ ਤੋਂ ਹੀ ਸਿੱਖ ਕੌਮ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਨਿਧੜਕ ਆਗੂ ਮੰਨਣਾ ਸ਼ੁਰੂ ਕਰ ਦਿੱਤਾ ਸੀ।

18 ਜੁਲਾਈ, 1982 ਨੂੰ ਦਮਦਮੀ ਟਕਸਾਲ ਦੇ ਤਿੰਨ ਵਿਅਕਤੀ ਇੱਕ ਥਾਣੇਦਾਰ ਦੇ ਕਤਲ ਕੇਸ ਦੇ ਸਬੰਧ ਵਿਚ ਗ੍ਰਿਫ਼ਤਾਰ ਕਰ ਲਏ। 19 ਜੁਲਾਈ ਨੂੰ ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਅਤੇ ਇਕ ਹੋਰ ਸਿੰਘ ਉਨ੍ਹਾਂ ਦੀ ਜ਼ਮਾਨਤ ਕਰਵਾਉਣ ਲਈ ਅੰਮ੍ਰਿਤਸਰ ਕੋਰਟ ਵਿਚ ਗਏ, ਉੱਥੇ ਭਾਈ ਅਮਰੀਕ ਸਿੰਘ ਨੂੰ ਜੋਗਿੰਦਰ ਸ਼ਾਂਤ ਦੇ ਕਤਲ ਕੇਸ ਵਿਚ ਅਤੇ ਬਾਬਾ ਠਾਰਾ ਸਿੰਘ ਨੂੰ 29 ਨਵੰਬਰ 1981 ਨੂੰ ਮਹਿਤ ਚੌਕ ਵਿਖੇ ਹੋਏ ਬੰਬ ਧਮਾਕੇ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਕੇਸ ਪਾ ਦਿੱਤੇ ਅਤੇ ਅੰਨ੍ਹਾ ਤਸ਼ੱਦਦ ਕੀਤਾ।

ਸੰਤ ਜਰਨੈਲ ਸਿੰਘ ਜੀ ਨੇ ਉਸ ਸ਼ਾਮ ਹੀ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਹਿਤਾ ਚੌਕ ਛੱਡ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਗੁਰੂ ਨਾਨਕ ਨਿਵਾਸ ਵਿਚ ਰਹਿਣਾ ਆਰੰਭ ਕਰ ਦਿੱਤਾ। ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਆਰੰਭ ਕਰ ਦਿੱਤਾ। ਪਹਿਲੇ ਦਿਨ 51 ਸਿੰਘਾਂ ਨੇ ਗ੍ਰਿਫ਼ਤਾਰੀ ਦਿੱਤੀ। ਰੋਜ਼ਾਨਾ ਜੱਥੇ ਗ੍ਰਿਫ਼ਤਾਰੀ ਦੇਣ ਲੱਗੇ। ਸੰਤ ਜੀ ਨੇ ਕਿਹਾ, ਮੈਂ 25 ਜੁਲਾਈ ਨੂੰ ਕੌਮ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ।

25 ਜੁਲਾਈ ਨੂੰ ਸ. ਰਣਧੀਰ ਸਿੰਘ ਚੀਮਾ, ਡਾ. ਗੁਰਨਾਮ ਸਿੰਘ ਤੀਰ, ਹਰਜਿੰਦਰ ਸਿੰਘ ਦਿਲਗੀਰ, ਪ੍ਰੋ. ਮਹਿੰਦਰ ਸਿੰਘ, ਜਤਿੰਦਰ ਸਿੰਘ ਘੁੰਮਣ ਆਦਿ ਨੇ ਮੋਰਚੇ ਦੀ ਅਗਲੀ ਰੂਪ ਰੇਖਾ ਤਿਆਰ ਕਰਕੇ ਜੋ ਸੰਤ ਜੀ ਨੇ ਸੰਗਤਾਂ ਨੂੰ ਦੇਣੀ ਸੀ, ਉਸ ਨੂੰ ਪਾਸ ਕਰਵਾਉਣ ਲਈ ਹਰਿਮੰਦਰ ਸਿੰਘ ਸੰਧੂ ਕੋਲ ਸੰਤ ਜਰਨੈਲ ਸਿੰਘ ਜੀ ਪਾਸ ਭੇਜ ਦਿੱਤੀ। ਉਸ ਟਾਇਮ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ. ਭਾਨ ਸਿੰਘ ਸੰਤ ਜੀ ਕੋਲ ਚਲੇ ਗਏ। ਉਨ੍ਹਾਂ ਸੰਤ ਜਰਨੈਲ ਸਿੰਘ ਜੀ ਨੂੰ ਯਕੀਨ ਦਿਵਾਇਆ, ਕੱਲ੍ਹ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਫਤਿਹਗੜ੍ਹ ਸਾਹਿਬ ਵਿਚ ਹੋਣ ਵਾਲੀ ਮੀਟਿੰਗ ਵਿਚ ਤੁਹਾਡੇ ਮੋਰਚੇ ਨੂੰ ਅਪਣਾ ਲਿਆ ਜਾਵੇਗਾ। ਗੁਰਚਰਨ ਸਿੰਘ ਟੌਹੜਾ 'ਤੇ ਯਕੀਨ ਕਰਕੇ ਸੰਤ ਜੀ ਨੇ ਤਿਆਰ ਕੀਤਾ ਐਲਾਨ ਰੋਕ ਲਿਆ ਅਤੇ ਐਲਾਨ ਕਰ ਦਿੱਤਾ ਮੋਰਚਾ ਕਾਮਯਾਬੀ ਤੱਕ ਚੱਲਦਾ ਰਹੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸਿੱਖ ਰਾਜਨੀਤਿਕ ਲੀਡਰਾਂ ਨੂੰ ਆਪਣਾ ਭਵਿੱਖ ਡੁੱਬਦਾ ਨਜ਼ਰ ਆਇਆ। ਉਨ੍ਹਾਂ ਕਿਹਾ, ਸਿੱਖਾਂ ਨੇ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਵਿਚ ਰੁਚੀ ਵਧਾ ਲੈਣੀ ਹੈ, ਸਾਡੀ ਪੁੱਛ ਪ੍ਰਤੀਤ ਖ਼ਤਮ ਹੋ ਜਾਣੀ ਹੈ। ਰਾਜਨੀਤਿਕ ਲੀਡਰ ਹਮੇਸ਼ਾਂ ਪਹਿਲਾਂ ਆਪਣਾ ਸਿਆਸੀ ਭਵਿੱਖ ਵੇਖਦੇ ਹਨ, ਬਾਕੀ ਬਾਅਦ ਵਿਚ ਦੇਖਿਆ ਜਾਂਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਪ੍ਰਧਾਨ ਸਨ। ਸੰਤ ਲੌਂਗੋਵਾਲ ਨੇ ਪਹਿਲਾਂ ਹੀ ਆਪਣੀਆਂ 15 ਮੰਗਾਂ ਸਰਕਾਰ ਨੂੰ ਲਿਖ ਕੇ ਦਿੱਤੀਆਂ ਹੋਈਆਂ ਸਨ। ਉਹ ਮੰਗਾਂ 30 ਸਤੰਬਰ 1981 ਤੱਕ ਨਾ ਮੰਨੇ ਜਾਣ ਤੋਂ ਬਾਅਦ ਮੋਰਚਾ ਲਾਉਣ ਦਾ ਐਲਾਨ ਕੀਤਾ ਹੋਇਆ ਸੀ। ਪਰ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿਚ ਸੰਤ ਭਿੰਡਰਾਂ ਵਾਲਿਆਂ ਨੂੰ ਸਰਕਾਰ ਨੇ ਗ੍ਰਿਫ਼ਤਾਰ ਕੀਤੇ ਜਾਣ ਕਰਕੇ ਮੰਗਾਂ ਨਾ ਮੰਨਣ ਦੀ ਸੂਰਤ ਵਿਚ ਮੋਰਚਾ ਲਾਉਣ ਦਾ ਕੰਮ ਵਿਚ ਹੀ ਰਹਿ ਗਿਆ ਸੀ।

ਹੁਣ ਅਕਾਲੀ ਦਲ ਨੇ ਆਪਣੀਆਂ ਉਹ ਮੰਗਾਂ ਮੰਨਵਾਉਣ ਲਈ ਸਿਆਸੀ ਚਾਲ ਖੇਡਦੇ ਹੋਏ 26 ਜੁਲਾਈ ਨੂੰ ਕਾਹਲੀ ਨਾਲ ਅਕਾਲੀ ਦਲ ਦੀ ਕਾਰਜਕਰਨੀ ਦੀ ਮੀਟਿੰਗ ਫਤਿਹਗੜ੍ਹ ਸਾਹਿਬ ਸੱਦ ਲਈ, ਤਾਂ ਕਿ ਸੰਤ ਭਿੰਡਰਾਂ ਵਾਲਿਆਂ ਦੇ ਮੋਰਚੇ ਨੂੰ ਆਪਣੀਆਂ ਮੰਗਾਂ ਵਾਲੇ ਮੋਰਚੇ ਦੀ ਲਪੇਟ ਵਿਚ ਲੈ ਸਕਣ। ਮੀਟਿੰਗ ਵਿਚ ਨਹਿਰ ਰੋਕੂ ਮੋਰਚਾ, ਜੋ ਪਟਿਆਲੇ ਜ਼ਿਲ੍ਹੇ ਵਿਚ ਕਪੂਰੀ ਦੇ ਅਸਥਾਨ 'ਤੇ ਧੀਮੀ ਰਫ਼ਤਾਰ ਨਾਲ ਚੱਲ ਰਿਹਾ ਸੀ, ਉਸ ਨੂੰ ਠੱਪ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜੋ ਰਾਜਨੀਤੀ ਤੋਂ ਅਤੇ ਰਾਜਨੀਤੀਕ ਚਾਲਾਂ ਤੋਂ ਕੋਹਾਂ ਦੂਰ ਸਨ, ਉਨ੍ਹਾਂ ਆਪਣੇ ਮੋਰਚੇ ਦੀ ਕਮਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਦੇ ਦਿੱਤੀ ਅਤੇ ਐਲਾਨ ਕਰ ਦਿੱਤਾ, ਮੈਂ ਆਪਣਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ ਲਗਾਏ ਮੋਰਚੇ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਮੋਰਚੇ ਦਾ ਨਾਮ 'ਧਰਮ ਯੁੱਧ ਮੋਰਚਾ' ਰੱਖ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਡਿਕਟੇਟਰਸ਼ਿਪ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ 4 ਅਗਸਤ 1982 ਨੂੰ ਮੋਰਚਾ ਆਰੰਭ ਕਰਨ ਦਾ ਐਲਾਨ ਕਰ ਦਿੱਤਾ।

ਜਦੋਂ ਸਾਰੀ ਲੀਡਰਸ਼ਿਪ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਨਾਲ ਲੈ ਕੇ ਇੱਕ ਮੰਚ 'ਤੇ ਇਕੱਠੀ ਹੋਈ, ਤਾਂ ਸਿੱਖ ਸੰਗਤਾਂ ਵਿਚ ਇੱਕ ਦਮ ਸਰਕਾਰ ਦੇ ਜਬਰ ਤੇ ਜ਼ੁਲਮ ਵਿਰੁੱਧ ਰੋਸ ਭਰ ਗਿਆ। ਸੰਗਤਾਂ ਵਲੋਂ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਦਾ ਉਤਸ਼ਾਹ ਅਤੇ ਜੋਸ਼ ਠਾਠਾਂ ਮਾਰ ਰਿਹਾ ਸੀ। ਸਿੱਖ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਸਿੱਖ ਲਹਿਰ ਬਣੀ ਦੇਖ ਕੇ ਅਖੰਡ ਕੀਰਤਨੀ ਜੱਥੇ ਅਤੇ ਚੀਫ ਖਾਲਸਾ ਦੀਵਾਨ ਨੇ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। 23 ਦਸੰਬਰ ਨੂੰ ਦਰਬਾਰ ਸਾਹਿਬ ਵਿਚ ਹੋਈ ਸਾਬਕਾ ਫ਼ੌਜੀਆਂ ਦੀ ਕੰਨਵੈਨਸ਼ਨ ਵਿਚ ਵੀ ਬਹੁਤ ਜ਼ਿਆਦਾ ਇਕੱਠ ਹੋਇਆ ਸਰਕਾਰ ਦੇ ਡਰਾਅਵਿਆਂ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸਾਬਕਾ ਫ਼ੌਜੀ ਵੀ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ। ਜੱਥੇਦਾਰ ਜਗਦੇਵ ਸਿੰਘ ਤਲਵੰਡੀ ਵੀ ਸਾਢੇ ਸਤਾਰਾਂ ਮਹੀਨੇ ਤੋਂ ਦਿੱਲੀ ਵਿਚ ਮੋਰਚਾ ਚੱਲਾ ਰਹੇ ਸਨ, ਉਹ ਵੀ ਆਪਣਾ ਮੋਰਚਾ ਬੰਦ ਕਰਕੇ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ।

4 ਅਗਸਤ 1982 ਨੂੰ ਪਹਿਲਾ 500 ਸਿੰਘਾਂ ਦਾ ਜੱਥਾ ਗ੍ਰਿਫ਼ਤਾਰੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਰਵਾਨਾ ਹੋਇਆ। ਸਿੱਖ ਜੱਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਇੰਨਾ ਜ਼ੋਰ ਫੜ ਗਿਆ ਸੀ ਕਿ ਸਰਕਾਰ ਨੇ ਮੋਰਚਾ ਫੇਲ੍ਹ ਕਰਨ ਖਾਤਰ 26-27 ਅਗਸਤ ਦੀ ਰਾਤ ਨੂੰ 1000 ਦੇ ਕਰੀਬ ਸਿੱਖ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਇਸ ਗ੍ਰਿਫ਼ਤਾਰੀਆਂ ਦੇਣ ਵਾਲੀ ਚਾਲ 'ਤੇ ਕੋਈ ਅਸਰ ਨਾ ਪਿਆ। ਧਰਮ ਯੁੱਧ ਮੋਰਚੇ ਵਿਚ ਗ੍ਰਿਫ਼ਤਾਰੀਆਂ ਦੇਣ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਕੋਲ ਨਾਮ ਲਿਖਵਾਉਣ ਵਾਲਿਆਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗ ਜਾਂਦੀਆਂ ਸਨ। 16 ਅਕਤੂਬਰ ਦੀ ਦੀਵਾਲੀ ਨੂੰ ਮੁੱਖ ਰੱਖਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 11 ਤੋਂ 16 ਅਕਤੂਬਰ ਤੱਕ ਮੋਰਚੇ ਵਿਚ ਤੇਜ਼ੀ ਲਿਆਉਣ ਲਈ ਦਿਨ-ਰਾਤ ਜੱਥੇ ਭੇਜਣੇ ਸ਼ੁਰੂ ਕਰ ਦਿੱਤੇ। ਦਿਵਾਲੀ ਦੇ ਤਿਉਹਾਰ ਨੂੰ ਵੀ ਕਾਲੇ ਦਿਨ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ।

15 ਤਾਰੀਕ ਨੂੰ ਇੰਦਰਾ ਗਾਂਧੀ ਨੇ ਮੋਰਚੇ ਪ੍ਰਤੀ ਝੂਠਾ ਪ੍ਰਚਾਰ ਕਰਕੇ ਕੁਝ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਧੱਕੇ ਨਾਲ ਬਾਹਰ ਕੱਢ ਦਿੱਤੇ। ਵਿਦੇਸ਼ਾਂ ਦੀਆਂ ਅਖ਼ਬਾਰਾਂ ਵਿਚ ਇਹ ਖ਼ਬਰਾਂ ਦਾ ਜ਼ੋਰ ਫੜਿਆ ਹੋਇਆ ਸੀ ਕਿ ਭਾਰਤ ਵਿਚ ਸਿੱਖਾਂ (ਘੱਟ ਗਿਣਤੀ) ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਕੋਈ ਮੰਗ ਵੀ ਨਹੀਂ ਮੰਨੀ ਜਾ ਰਹੀ। 19 ਨਵੰਬਰ ਤੋਂ 4 ਦੰਸਬਰ ਤੱਕ ਭਾਰਤ ਵਿਚ ਹੋ ਰਹੀਆਂ ਏਸ਼ੀਅਨ ਖੇਡਾਂ ਵਿਚ ਇੰਦਰਾ ਗਾਂਧੀ ਇਸ ਗੱਲ ਤੋਂ ਡਰਦੀ ਸੀ ਕਿ ਕਿਤੇ ਸਿੱਖ ਕੌਮ ਦਾ ਮਸਲਾ ਏਸ਼ੀਅਨ ਖੇਡਾਂ ਵਿਚ ਨਾ ਉਠ ਖੜ੍ਹੇ।

ਧਰਮ ਯੁੱਧ ਮੋਰਚਾ ਸ਼ੁਰੂ ਹੋਣ ਤੋਂ ਲਗਭਗ ਛੇ ਮਹੀਨੇ ਅੰਦਰ 70,000 ਸਿੱਖਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ, 100 ਤੋਂ ਵੱਧ ਸਿੱਖ ਸ਼ਹੀਦ ਹੋ ਗਏ ਸਨ।

ਸਮੇਂ-ਸਮੇਂ ਨਾਲ ਸਰਕਾਰ ਵੱਲੋ ਭੇਜੇ ਹੋਏ ਨੁਮਾਇੰਦੇ ਸਰਦਾਰ ਸਵਰਨ ਸਿੰਘ, ਫਾਰੂਕ ਅਬਦੁੱਲਾ, ਐੱਲ.ਕੇ. ਅਡਵਾਨੀ, ਮਧੂ ਦੰਡਵਤੇ, ਅਮਰਿੰਦਰ ਸਿੰਘ, ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਆਦਿ ਨਾਲ ਮੀਟਿੰਗਾਂ ਕਰਦੇ ਰਹੇ। ਉਹ ਮੰਗਾਂ ਮੰਨ ਲੈਣ ਦਾ ਵਿਸ਼ਵਾਸ ਦਿਵਾ ਕੇ ਚਲੇ ਜਾਂਦੇ ਪਰ ਇੰਦਰਾ ਗਾਂਧੀ ਦੇ ਦਿਲ ਵਿਚ ਬੇਈਮਾਨੀ ਹੋਣ ਕਰਕੇ ਕੋਈ ਵੀ ਮੰਗ ਸਿਰੇ ਨਾ ਚੜ੍ਹ ਸਕੀ। ਇੱਕ ਵਾਰ ਤਾਂ ਇਸ ਤਰ੍ਹਾਂ ਹੋਇਆ ਕਿ ਇੰਦਰਾ ਗਾਂਧੀ ਨੇ ਅਕਾਲੀ ਦਲ ਨੂੰ ਇਹ ਕਹਿ ਕੇ ਲਾਰਾ ਲਾ ਦਿੱਤਾ, ਵਿਰੋਧੀ ਧਿਰ ਤੁਹਾਡੀਆਂ ਮੰਗਾਂ ਤੋਂ ਜਾਣੂੰ ਹੋਣਾ ਚਾਹੁੰਦੀ ਹੈ।

ਜੂਨ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਆਪ੍ਰੇਸ਼ਨ ਬਲਿਉ ਸਟਾਰ ਕਰਵਾ ਦਿੱਤਾ। ਇਸ ਵਿਚ ਸਿੱਖਾਂ ਦੇ ਹੱਕ ਜੋ ਮੰਗਾਂ ਦੇ ਰੂਪ ਵਿਚ ਧਰਮ ਯੁੱਧ ਮੋਰਚਾ ਲਾ ਕੇ ਮੰਗ ਰਹੇ ਸਨ, ਉਹ ਟੈਂਕਾਂ ਨਾਲ ਹੋਏ ਹਮਲੇ ਵਿਚ ਬਰੂਦ ਦੇ ਗੋਲਿਆਂ ਵਿਚ ਸਾੜ ਕੇ ਸੁਆਹ ਕਰ ਦਿੱਤੇ। ਧਰਮ ਯੁੱਧ ਮੋਰਚਾ ਅਪ੍ਰੇਸ਼ਨ ਬਲਿਊ ਸਟਾਰ ਦੀ ਭੇਂਟ ਚੜ੍ਹ ਗਿਆ ਸੀ।

## ਸੜਕਾਂ 'ਤੇ ਰੁਲ਼ਦੀ ਲਾਵਾਰਸ-ਬੇਘਰ ਮਰੀਜ਼ ਦਰੋਪਤੀ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ



ਰੁਲਦੀ ਗੱਡੀ ਦੇ ਮਿੱਤ ਸਾਰੇ, ਖੜ੍ਹੀ ਨੂੰ ਨੀ ਕੋਈ ਪੁੱਛਦਾ। ਇਹ ਪੰਕਤੀ ਇਸ ਲਾਵਾਰਸ-ਬੇਘਰ ਮਰੀਜ਼ ਦਰੋਪਤੀ ਵਾਰੇ ਪੂਰੀ ਤਰ੍ਹਾਂ ਢੁੱਕਦੀ ਹੈ। ਕੁੱਝ ਹਫਤੇ ਪਹਿਲਾਂ ਜ਼ਿਲ੍ਹਾ ਲੁਧਿਆਣਾ ਦੇ ਕਸਬੇ ਮੁੱਲਾਂ ਪੁਰ ਦੇ ਨਜ਼ਦੀਕ ਪੈਂਦੇ ਪੰਡੋਰੀ ਪਿੰਡ ਦੇ ਹਸਪਤਾਲ ਕੋਲ ਸੜਕ 'ਤੇ ਬੈਠੀ ਇੱਕ ਦਰੋਪਤੀ ਨਾਮ ਦੀ ਔਰਤ ਨੂੰ ਕੋਈ ਵਿਅਕਤੀ ਚੁੱਕ ਕੇ ਸਿਵਲ ਹਸਪਤਾਲ ਲੁਧਿਆਣਾ ਵਿਚ ਦਾਖਲ ਤਾਂ ਕਰਵਾ ਗਿਆ ਪਰ ਮੁੜਕੇ ਨਹੀਂ ਆਇਆ। ਸਿਵਲ ਹਸਪਤਾਲ ਦੇ ਸਟਾਫ ਨੇ ਦਰੋਪਤੀ ਨੂੰ ਦਾਖਲ ਕਰਵਾਉਣ ਵਾਲੇ ਉਸ ਵਿਅਕਤੀ ਨੂੰ ਢੂੰਢਣ ਦੀ ਕੋਸ਼ਿਸ਼ ਕੀਤੀ ਪਰ ਉਸ ਬਾਰੇ ਕੁੱਝ ਵੀ ਪਤਾ ਨਹੀਂ ਲੱਗਿਆ। ਅਖੀਰ ਸਿਵਲ ਹਸਪਤਾਲ ਦੇ ਸਟਾਫ ਨੇ ਦਰੋਪਤੀ ਨੂੰ 26 ਜੁਲਾਈ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰਦਾਸ ਅਪਾਹਜ ਆਸ਼ਰਮ 'ਚ ਭੇਜ ਦਿੱਤਾ ਹੈ। ਜਿੱਥੇ ਹੁਣ ਇਸ ਦੀ ਆਸ਼ਰਮ ਦਾ ਮੈਡੀਕਲ ਸਟਾਫ ਅਤੇ ਸੇਵਾਦਾਰ ਦੇਖਭਾਲ ਕਰ ਰਹੇ ਹਨ।

ਦਰੋਪਤੀ ਅਧਰੰਗ ਦੀ ਬਿਮਾਰੀ ਨਾਲ ਪੀੜਤ ਹੈ। ਆਪਣੇ-ਆਪ ਤੁਰ ਫਿਰ ਨਹੀਂ ਸਕਦੀ। ਅਧਰੰਗ ਦੇ ਅਸਰ ਕਰਕੇ ਬੋਲਦੀ ਵੀ ਤਤਲੀ ਹੈ, ਜਿਸ ਕਰਕੇ ਦੂਜੇ ਵਿਅਕਤੀ ਨੂੰ ਇਸ ਦੀ ਗੱਲਬਾਤ ਸਮਝਣ ਵਿਚ ਮੁਸ਼ਕਲ ਆਉਂਦੀ ਹੈ। ਇਸ ਦਾ ਪਤੀ ਸੁਰਗਵਾਸ ਹੋ ਚੁੱਕਾ ਹੈ। ਪਰ ਇਹ ਆਪਣੇ ਪਤੀ ਦਾ ਨਾਮ ਨਹੀਂ ਦੱਸ ਸਕਦੀ। ਹੋਰ ਪਰਿਵਾਰ ਜਾਂ ਰਿਸ਼ਤੇਦਾਰਾਂ ਬਾਰੇ ਵੀ ਦੱਸਣ ਤੋਂ ਅਸੱਮਰਥ ਹੈ। ਲੱਗਦਾ ਹੈ ਕਿ ਇਸ ਦਾ ਆਪਣਾ ਸਕਾ-ਸਬੰਧੀ ਕੋਈ ਨਹੀਂ। ਉਮੀਦ ਹੈ ਕਿ ਦਰੋਪਤੀ ਆਸ਼ਰਮ ਵਿਚ ਚੰਗੀ ਦੇਖਭਾਲ ਸਦਕਾ ਆਪਣੀ ਕਿਰਿਆ ਆਪ ਸੋਧਣ ਜੋਗੀ ਹੋ ਜਾਵੇਗੀ ਅਤੇ ਆਪਣੀ ਜ਼ਿੰਦਗੀ ਚੰਗੀ ਤਰ੍ਹਾਂ ਬਤੀਤ ਕਰ ਸਕੇਗੀ।

ਇਹ ਆਸ਼ਰਮ ਪਿਛਲੇ 20 ਸਾਲਾਂ ਤੋਂ ਸੜਕਾਂ 'ਤੇ ਰੁਲ਼ਦੇ ਅਜਿਹੇ ਲਾਵਾਰਸ-ਬੇਘਰ ਮਰੀਜ਼ਾਂ ਦੀ ਦੇਖਭਾਲ ਕਰ ਰਿਹਾ ਹੈ, ਜਿਨ੍ਹਾਂ ਲਈ ਸਮਾਜ ਦੇ ਦਰਵਾਜ਼ੇ ਬੰਦ ਹੋ ਚੁੱਕੇ ਹਨ। ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿਚ ਦੋ ਸੌ (200) ਤੋਂ ਜ਼ਿਆਦਾ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ, ਜਿਨ੍ਹਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਪਿਛਲੇ ਤਕਰੀਬਨ ਵੀਹ ਸਾਲਾਂ ਤੋਂ ਇਸ ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸੁਚੱਜੇ ਢੰਗ ਨਾਲ ਚੱਲ ਰਹੀ ਹੈ।

ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਸੰਪਰਕ
ਆਸ਼ਰਮ (ਇੰਡੀਆ) : 95018-42505;
ਕੈਨੇਡਾ : 403-401-8787
ਪੰਜਾਬ ਮੇਲ USA

# ਖੇਤੀ ਬਜਟ 2024 ਦਾ ਕਿਸਾਨੀ 'ਤੇ ਪ੍ਰਭਾਵ


ਡਾ. ਅਮਨਪ੍ਰੀਤ ਸਿੰਘ ਬਰਾੜ

ਮੋਬਾ: 96537-90000

ਪੰਜਾਬ ਮੇਲ USA




ਖ਼ੁਰਾਕ ਹਰ ਜੀਵ ਦੀ ਲੋੜ ਹੈ। ਖ਼ੁਰਾਕ ਕਿਸਾਨ ਪੈਦਾ ਕਰਦਾ ਹੈ ਅਤੇ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਦੇਸ਼ ਵਾਸੀ ਤੱਕ ਲੋੜੀਂਦੀ ਖ਼ੁਰਾਕ ਪਹੁੰਚਾਈ ਜਾਵੇ। ਜਿਥੋਂ ਤੱਕ ਲੋਕਾਂ ਤੱਕ ਖ਼ੁਰਾਕ ਪਹੁੰਚਾਉਣ ਦਾ ਸਬੰਧ ਹੈ, ਸਰਕਾਰ ਨੇ ਵੋਟਾਂ ਤੋਂ ਪਹਿਲਾਂ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਦੇਸ਼ ਦੀ 82 ਕਰੋੜ ਆਬਾਦੀ ਨੂੰ 5 ਕਿਲੋ ਮੁਫਤ ਅਨਾਜ ਹਰ ਮਹੀਨੇ ਅਗਲੇ ਪੰਜ ਸਾਲ ਤੱਕ ਜਾਰੀ ਰੱਖਿਆ ਜਾਵੇਗਾ। ਪੰਜ ਕਿਲੋ ਅਨਾਜ ਨਾਲ ਮਹੀਨਾ ਢਿੱਡ ਭਰਨਾ ਮੁਸ਼ਕਿਲ ਹੈ। ਸ਼ਾਇਦ ਇਸੇ ਕਰਕੇ ਅਸੀਂ ਵਿਸ਼ਵ ਹੰਗਰ ਇੰਡੇਕਸ ਦੇ ਲਿਹਾਜ਼ ਨਾਲ 122 ਦੇਸ਼ਾਂ ਵਿਚੋਂ 111 ਸਥਾਨ 'ਤੇ ਆਉਂਦੇ ਹਾਂ। ਕੇਂਦਰ ਸਰਕਾਰ ਨੇ ਸਾਲ 2024-25 ਦਾ ਬਜਟ ਪੇਸ਼ ਕਰ ਦਿੱਤਾ ਹੈ। ਆਓ ਸਮੀਖਿਆ ਕਰੀਏ ਕੇ ਇਸ ਬਜਟ ਵਿਚ ਖੇਤੀ ਅਤੇ ਕਿਸਾਨੀ ਨੂੰ ਉੱਪਰ ਚੁੱਕਣ ਲਈ ਕੀ ਕੁੱਝ ਰੱਖਿਆ ਹੈ। ਖੇਤੀ ਲਈ ਕੁੱਲ ਪੈਸਾ 1.52 ਲੱਖ ਕਰੋੜ ਰੱਖਿਆ ਗਿਆ ਹੈ, ਜੋ ਕਿ ਪਿਛਲੇ ਸਾਲ ਦੇ 1.33 ਲੱਖ ਕਰੋੜ ਨਾਲੋਂ 25 ਪ੍ਰਤੀਸ਼ਤ ਜ਼ਿਆਦਾ ਹੈ। ਇਸ ਵਿਚ ਮੁੱਖ ਤੌਰ 'ਤੇ ਖਰਚਾ ਪ੍ਰਧਾਨ ਮੰਤਰੀ ਕਿਸਾਨ ਨਿੱਧੀ ਯੋਜਨਾ ਵਿਚ ਹੈ। ਬਜਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਆਉਣ ਵਾਲੇ ਦੋ ਸਾਲਾਂ ਵਿਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਮੋੜਿਆ ਜਾਵੇਗਾ। ਕੁਦਰਤੀ ਖੇਤੀ ਮਤਲਬ ਨਾ ਸੁਧਰੇ ਬੀਜ, ਨਾ ਖਾਦ, ਨਾ ਕੋਈ ਰਸਾਇਣ, ਕੀੜੇ ਅਤੇ ਬੀਮਾਰੀ ਤੋਂ ਬਚਾਅ ਲਈ। ਇਸ ਦਾ ਮਤਲਬ ਜਿਸ ਤਕਨੀਕੀ ਖੇਤੀ ਨਾਲ ਦੇਸ਼ ਖ਼ੁਰਾਕ ਵਿਚ ਆਤਮ ਨਿਰਭਰ ਹੋਇਆ ਅਤੇ ਅੱਜ ਬਰਾਮਦ ਵਿਚ ਵੀ ਹਿੱਸਾ ਪਾ ਰਿਹਾ ਹੈ, ਉਸ ਤੋਂ ਪਿੱਛੇ ਹਟਣਾ। ਦਾਲਾਂ ਅਤੇ ਤੇਲ ਬੀਜਾਂ ਨੂੰ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜੋ ਸ਼ਲਾਘਾਯੋਗ ਕਦਮ ਹੈ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਬਚੇਗੀ। ਐੱਫ.ਪੀ.ਓਜ਼ (ਕਿਸਾਨ ਪੈਦਾਵਾਰ ਸੰਗਠਨ) ਦੀ ਸਕੀਮ ਵੀ ਚਾਲੂ ਰੱਖੀ ਜਾਵੇਗੀ, ਜਿਸ ਤਹਿਤ ਸਹਿਕਾਰੀ ਅਦਾਰਿਆਂ ਨਾਲ ਜੋੜਕੇ ਸਬਜ਼ੀਆਂ ਦੀ ਸਟੋਰੇਜ ਅਤੇ ਮੰਡੀਕਰਨ ਕੀਤਾ ਜਾਵੇਗਾ।

ਸਰਕਾਰੀ ਡਿਜ਼ੀਟਲ ਢਾਂਚਾ ਬਣਾਇਆ ਜਾਵੇਗਾ, ਜਿਸ ਤਹਿਤ 400 ਜ਼ਿਲ੍ਹਿਆਂ ਵਿਚ ਸਰਵੇ ਕਰਕੇ ਫ਼ਸਲੀ ਪੈਦਾਵਾਰ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲਿਆ ਜਾਵੇਗਾ।

ਖੇਤੀ ਖੋਜ ਲਈ ਸਿਰਫ 9941 ਕਰੋੜ ਰੁਪਿਆ ਰੱਖਿਆ, ਜੋ 2023-24 ਵਿਚ 9876 ਕਰੋੜ ਭਾਵ ਵਾਧਾ ਸਿਰਫ ਸਟਾਫ਼ ਦੀ ਇੰਨਕਰੀਮੈਂਟ ਜੋਗਾ ਹੀ। ਜਦਕਿ ਲੋੜ ਖੋਜ ਦੀ ਪਹਿਲਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਵਾਤਾਵਰਨ ਬਦਲ ਰਿਹਾ ਹੈ। ਇਹ ਵੀ ਤਜਵੀਜ਼ ਰੱਖੀ ਗਈ ਹੈ ਕਿ ਪ੍ਰਾਈਵੇਟ ਅਦਾਰਿਆਂ ਨੂੰ ਖੇਤੀ ਖੋਜ ਲਈ ਨਾਲ ਜੋੜਿਆ ਜਾਵੇਗਾ। ਖੇਤੀ ਖੋਜ ਤਾਂ ਪ੍ਰਾਈਵੇਟ ਅਦਾਰੇ ਪਹਿਲਾਂ ਹੀ ਕਰਦੇ ਹਨ ਪਰ ਨਾਲ ਜੋੜਨ ਦਾ ਮਤਲਬ ਖੋਜ ਲਈ ਰੱਖੇ ਬਜਟ ਵਿਚੋਂ ਕੁੱਝ ਹਿੱਸਾ ਅਤੇ ਸਰਕਾਰੀ ਲੈਬਾਰਟਰੀਆਂ ਵੀ ਪ੍ਰਾਈਵੇਟ ਅਦਾਰੇ ਵਰਤਣਗੇ।

ਦੂਜੇ ਪਾਸੇ ਖਾਦਾਂ ਦੇ ਬਜਟ ਵਿਚ ਕਟੌਤੀ ਕੀਤੀ ਗਈ ਹੈ। ਇਸ ਸਾਲ ਬਜਟ ਵਿਚ ਸਿਰਫ 1.64 ਲੱਖ ਕਰੋੜ ਰੱਖੇ ਗਏ ਹਨ, ਪਿਛਲੇ ਸਾਲ ਦੇ ਅਸਲ ਖਰਚੇ 2.51 ਕਰੋੜ ਦੇ ਮੁਕਾਬਲੇ ਭਾਵ ਤਕਰੀਬਨ 87000 ਕਰੋੜ (53 ਫੀਸਦੀ) ਘੱਟ। ਇਸ ਨਾਲ ਰਸਾਇਣਕ ਖਾਦਾਂ ਦੀ ਉਪਲੱਬਧਤਾ ਘੱਟੇਗੀ, ਜਿਸਦਾ ਸਿੱਧਾ ਅਸਰ ਖੇਤੀ ਪੈਦਾਵਾਰ 'ਤੇ ਪਵੇਗਾ ਅਤੇ ਅਖ਼ੀਰ ਵਿਚ ਅਨਾਜ ਅਤੇ ਹੋਰ ਖਾਣ ਵਾਲੀਆਂ ਵਸਤੂਆਂ ਮਹਿੰਗੀਆਂ ਹੋਣਗੀਆਂ।

ਇੰਨਾ ਹੀ ਨਹੀਂ, ਖ਼ੁਰਾਕ ਵੰਡ ਮਹਿਕਮੇ ਦਾ ਬਜਟ ਵੀ ਘਟਾਇਆ ਗਿਆ ਹੈ। ਇਸ ਸਾਲ 2.13 ਲੱਖ ਕਰੋੜ ਰੱਖੇ ਗਏ ਹਨ। ਸਾਲ 2022-23 ਵਿਚ ਇਸ ਮਹਿਕਮੇ ਦਾ ਕੁੱਲ ਖਰਚਾ 2.84 ਲੱਖ ਕਰੋੜ ਸੀ। ਜੇ ਇਹ ਬਜਟ ਮੌਕੇ ਸਿਰ ਨਾ ਵਧਾਇਆ ਗਿਆ, ਤਾਂ ਇਸ ਦਾ ਸਿੱਧਾ ਅਸਰ ਅਨਾਜ ਵੰਡ ਪ੍ਰਣਾਲੀ 'ਤੇ ਪਵੇਗਾ ਜਾਂ ਕਹਿ ਲਓ ਕਿ ਸਹੂਲਤ ਕਤਾਰ ਵਿਚ ਖੜ੍ਹੇ ਅਖ਼ੀਰਲੇ ਬੰਦਿਆਂ (ਦੂਰ ਦੁਰਾਡੇ ਦੇ ਲੋਕਾਂ) ਨੂੰ ਨਹੀਂ ਮਿਲੇਗੀ।



> ਆਓ ਸਮੀਯਿਆ ਕਰੀਏ ਕੇ ਇਸ ਬਜਟ ਵਿਚ ਯੇਤੀ ਅਤੇ ਕਿਸਾਨੀ ਨੂੰ ਉੱਯਰ ਚੁੱਕਲ ਲਈ ਕੀ ਕੁੱਝ ਗੱਯਿਆ ਹੈ। ਯੇਤੀ ਲਈ ਕੁੱਲ ਯੈਸਾ 1.52 ਲੱਖ ਕਰੋੜ ਗੱਯਿਆ ਗਿਆ ਹੈ, ਜੋ ਕਿ ਯਿਛਲੇ ਸਾਲ ਦੇ 1.33 ਲੱਖ ਕਰੋੜ ਨਾਲੋਂ 25 ਯ੍ਰਤੀਸ਼ਤ ਜ਼ਿਆਦਾ ਹੈ। ਇਸ ਵਿਚ ਮੁੱਖ ਤੌਰ 'ਤੇ ਯਰਚਾ ਯ੍ਰਯਾਨ ਮੰਤਰੀ ਕਿਸਾਨ ਨਿੱਯੀ ਯੋਜਨਾ ਵਿਚ ਹੈ। ਬਜਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਆਉਲ ਵਾਲੇ ਦੋ ਸਾਲਾਂ ਵਿਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਯੇਤੀ ਵੱਲ ਮੋੜਿਆ ਜਾਵੇਗਾ। ਕੁਦਰਤੀ ਯੇਤੀ ਮਤਲਬ ਨਾ ਸੁਯਰੇ ਬੀਜ, ਨਾ ਯਾਦ, ਨਾ ਕੋਈ ਗਸਾਇਲ, ਕੀੜੇ ਅਤੇ ਬੀਮਾਰੀ ਤੋਂ ਬਚਾਅ ਲਈ। ਇਸ ਦਾ ਮਤਲਬ ਜਿਸ ਤਕਨੀਕੀ ਯੇਤੀ ਨਾਲ ਦੇਸ਼ ਖ਼ੁਰਾਕ ਵਿਚ ਆਤਮ ਨਿਰਭਰ ਹੋਇਆ ਅਤੇ ਅੱਜ ਬਰਾਮਦ ਵਿਚ ਵੀ ਹਿੱਸਾ ਯਾ ਰਿਹਾ ਹੈ, ਉਸ ਤੋਂ ਯਿੱਛੇ ਹਟਲਾ। ਦਾਲਾਂ ਅਤੇ ਤੇਲ ਬੀਜਾਂ ਨੂੰ ਯੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜੋ ਸ਼ਲਾਘਾਯੋਗ ਕਦਮ ਹੈ ਅਤੇ ਦੇਸ਼ ਦੀ ਵਿਦੇਸ਼ੀ ਮੁਦਰਾ ਬਚੇਗੀ।

## ਬਜਟ ਪੰਜਾਬ ਦੇ ਸੰਦਰਭ ਵਿਚ

ਪੰਜਾਬ ਵਿਚ ਕਿਸਾਨ ਸਮਾਨ ਸਿੱਧੀ ਦਾ ਲਾਭ ਬਹੁਤ ਥੋੜ੍ਹੇ ਲੋਕਾਂ ਨੂੰ ਪਹੁੰਚਦਾ ਹੈ ਕਿਉਂਕਿ ਬਹੁਤੇ ਕਿਸਾਨ ਸ਼ਰਤਾਂ ਪੂਰੀਆਂ ਨਹੀਂ ਕਰਦੇ। ਜਿੱਥੋਂ ਤੱਕ ਕੁਦਰਤੀ ਖੇਤੀ ਦਾ ਸੰਬੰਧ ਹੈ, ਪੰਜਾਬ ਵਿਚ ਬਹੁਤੇ ਲੋਕ ਤਕਨੀਕੀ ਖੇਤੀ ਕਰਦੇ ਹਨ ਅਤੇ ਕੁਦਰਤੀ ਖੇਤੀ ਨਾਲ ਪੈਦਾਵਾਰ ਘੱਟਦੀ ਹੈ। ਘੱਟ ਪੈਦਾਵਾਰ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ। ਜਿਹੜੀਆਂ ਲੈਬਾਰਟਰੀ ਕੁਦਰਤੀ ਖੇਤੀ ਦੀ ਪੈਦਾਵਾਰ ਟੈਸਟ ਕਰਨ ਲਈ ਖੁੱਲ੍ਹਣੀਆਂ ਹਨ, ਉਹ ਕਿੰਨੀਆਂ ਲਾਹੇਵੰਦ ਹੁੰਦੀਆਂ ਹਨ, ਇਹ ਆਉਣ ਵਾਲਾ ਸਮਾਂ ਦੱਸੇਗਾ। ਟੈਸਟਿੰਗ ਸਹੂਲਤ ਪੰਜਾਬ ਵਿਚ ਇਸ ਵੇਲੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਲੁਧਿਆਣਾ ਵਿਚ ਡੇਅਰੀ ਵਸਤੂਆਂ ਅਤੇ ਸਿਫੇਟ (ਸੈਂਟਰ ਇੰਸਟੀਚਿਊਟ ਆਫ ਪੋਸਟ ਹਾਰਵੇਸਟ ਟੈਕਨਾਲੋਜੀ) ਜੋ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਇੱਕ ਕੋਨੇ ਵਿਚ ਹੈ, ਇਹ ਖੇਤੀ ਦੀ ਬਾਕੀ ਪੈਦਾਵਾਰ ਲਈ ਮੌਜੂਦ ਹੈ। ਇਨ੍ਹਾਂ ਦੀ ਟੈਸਟਿੰਗ ਫੀਸ ਦੀ ਲਿਸਟ ਪੜ੍ਹ ਕੇ ਹੀ ਬੰਦੇ ਦਾ ਉਪਰਲਾ ਸਾਹ ਉੱਪਰ ਅਤੇ ਹੇਠਲਾ ਸਾਹ ਹੇਠਾਂ ਰਹਿ ਜਾਂਦਾ ਹੈ।

ਬਜਟ ਵਿਚ ਪਾਣੀ ਜਿਸ ਦੀ ਤਕਰੀਬਨ ਸਾਰੇ ਦੇਸ਼ ਵਿਚ ਹੀ ਕਮੀ ਹੈ, ਉਸ ਦੀ ਸਾਂਭ-ਸੰਭਾਲ ਅਤੇ ਬਚਤ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਇਸੇ ਤਰ੍ਹਾਂ ਐੱਮ.ਐੱਸ.ਪੀ. ਤੇ ਜਿਨਸਾਂ ਦੀ ਖਰੀਦ ਬਾਰੇ ਵੀ ਕੋਈ ਗੱਲ ਨਹੀਂ ਕੀਤੀ ਗਈ। ਕਿਸਾਨ ਕਈ ਸਾਲਾਂ ਤੋਂ ਫਸਲ ਦੇ ਵਾਜਬ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਕਰ ਰਹੇ ਹਨ ਅਤੇ ਜੱਦੋ-ਜਹਿਦ ਵੀ ਕਰ ਰਹੇ ਹਨ। ਇੱਕ ਗਣਤੰਤਰ ਦੇਸ਼ ਵਿਚ ਜਿੱਥੇ 2/3 ਅਬਾਦੀ ਖੇਤੀ ਤੇ ਨਿਰਭਰ ਹੋਵੇ, ਉਨ੍ਹਾਂ ਦੀ ਮੁੱਖ ਮੰਗ 'ਤੇ ਸਰਕਾਰ ਵਿਚਾਰ ਵੀ ਨਹੀਂ ਕਰੇ ਅਤੇ ਆਪਣੀ ਪ੍ਰਤੀਕਿਰਿਆ ਵੀ ਨਾ ਦੇਵੇ। ਲੋਕਤੰਤਰ ਵਿਚ ਇਹ ਗੱਲ ਸ਼ੋਭਾ ਨਹੀਂ ਦਿੰਦੀ।

## ਪੰਜਾਬ ਦੀ ਖੇਤੀ 'ਤੇ ਅਸਰ

ਦਾਲਾਂ ਅਤੇ ਤੇਲ ਬੀਜਾਂ ਨੂੰ ਉਤਸ਼ਾਹਤ ਕਰਨ ਲਈ ਪੰਜਾਬ ਸਰਕਾਰ ਨੇ ਇੱਕ ਸਕੀਮ ਕੱਢੀ ਹੈ, ਜਿਸ ਤਹਿਤ ਜਿਹੜਾ ਕਿਸਾਨ ਧਾਨ ਦੀ ਫ਼ਸਲ ਦੀ ਜਗ੍ਹਾ ਕੋਈ ਹੋਰ ਫ਼ਸਲ ਬੀਜੇਗਾ, ਉਸ ਨੂੰ 7000/- ਰੁਪਏ ਪ੍ਰਤੀ ਏਕੜ ਦੋ ਕਿਸ਼ਤਾਂ ਵਿਚ ਦਿੱਤਾ ਜਾਵੇਗਾ। ਇਸ ਸਕੀਮ ਅਧੀਨ 289.87 ਕਰੋੜ ਰੁਪਿਆ ਰੱਖਿਆ ਗਿਆ ਹੈ ਪਰ ਇਸ ਸਾਲ ਇਹ ਸਕੀਮ ਅਖ਼ਬਾਰਾਂ ਵਿਚ 22 ਜੁਲਾਈ ਨੂੰ ਪ੍ਰਕਾਸ਼ਿਤ ਕੀਤੀ ਗਈ, ਜਦੋਂ ਤੱਕ ਤਕਰੀਬਨ ਸਾਰਾ ਝੋਨਾ ਲੱਗ ਚੁੱਕਿਆ ਹੈ। ਵੈਸੇ ਵੀ 7000/- ਰੁਪਏ ਪ੍ਰਤੀ ਏਕੜ ਕਿਸਾਨ ਨੂੰ ਬਦਲਵੀਂ ਫ਼ਸਲ ਬੀਜਣ ਨੂੰ ਉਤਸ਼ਾਹਿਤ ਨਹੀਂ ਕਰਦਾ, ਜਿੰਨਾ ਚਿਰ ਨਰਮੇ ਦੀ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦਾ ਇਲਾਜ ਨਹੀਂ ਹੁੰਦਾ ਅਤੇ ਦਾਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨਹੀਂ ਨਿਕਲਦੀਆਂ। ਦਾਲਾਂ ਅਤੇ ਤੇਲ ਬੀਜ ਸਕੀਮ ਤਹਿਤ ਖੋਜ ਨੂੰ ਵੱਧ ਫੰਡ ਦੇ ਕੇ ਚੰਗੀਆਂ ਕਿਸਮਾਂ ਅਤੇ ਪੈਦਾਵਾਰ ਵਧਾਉਣ ਦੀਆਂ ਤਕਨੀਕਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ।

ਐੱਫ.ਪੀ.ਓਜ਼. ਵਾਲੀ ਸਕੀਮ ਨੂੰ ਕਾਮਯਾਬ ਕਰਨ ਲਈ ਪੰਜਾਬ ਸਰਕਾਰ ਨੂੰ ਵੀ ਉਪਰਾਲੇ ਕਰਨੇ ਚਾਹੀਦੇ ਹਨ। ਇਨ੍ਹਾਂ ਸੰਸਥਾਵਾਂ ਲਈ ਪਿੰਡਾਂ ਦੇ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਚਲਾਉਣ ਵਿਚ 2-3 ਸਾਲ ਤਕਨੀਕੀ ਮੱਦਦ ਕਰਨੀ ਚਾਹੀਦੀ ਹੈ, ਜਿਸ ਨੂੰ ਬਾਂਹ ਫੜਨੀ (ਹੈਂਡ ਹੋਲਡਿੰਗ) ਵੀ ਕਿਹਾ ਜਾਂਦਾ ਹੈ। ਇਹ ਕੰਮ ਨਿਰਾ ਸਰਕਾਰ 'ਤੇ ਵੀ ਨਹੀਂ ਛੱਡਣਾ ਚਾਹੀਦਾ, ਬਲਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਪੜ੍ਹੇ-ਲਿਖੇ ਪੇਂਡੂ ਵਰਕਰਾਂ ਤੋਂ ਇਹ ਸੰਸਥਾਵਾਂ ਖੁੱਲ੍ਹਵਾਉਣੀਆਂ ਚਾਹੀਦੀਆਂ ਹਨ, ਤਾਂ ਕਿ ਉਨ੍ਹਾਂ ਦੇ ਰੋਜ਼ਗਾਰ ਦਾ ਪ੍ਰਬੰਧ ਆਪਣੇ ਪਿੰਡਾਂ ਵਿਚ ਹੀ ਹੋ ਸਕੇ। ਜਿਹੜਾ ਪੈਸਾ ਨੌਜਵਾਨ ਵਿਦੇਸ਼ਾਂ ਵਿਚ ਜਾਣ ਲਈ ਏਜੰਟਾਂ ਨੂੰ ਝੋਕ ਰਹੇ ਹਨ, ਉਸੇ ਪੈਸੇ ਨਾਲ ਛੋਟੇ ਪੱਧਰ 'ਤੇ ਕੁੱਝ ਨੌਜਵਾਨ ਇਕੱਠੇ ਹੋ ਕੇ ਇਹ ਕੰਮ ਕਰ ਸਕਦੇ ਹਨ।

ਪੰਜਾਬ ਦੀ ਇਸ ਵੇਲੇ ਤਕਰੀਬਨ ਸਾਰੀ ਦੀ ਸਾਰੀ ਪੈਦਾਵਾਰ ਹੀ ਬਿਨ੍ਹਾਂ ਪ੍ਰੋਸੈਸ ਕੀਤਿਆਂ ਸੂਬੇ ਦੇ ਅੰਦਰ ਜਾਂ ਬਾਹਰ ਵਿੱਕਦੀ ਹੈ। ਇਸ ਪੈਦਾਵਾਰ ਨੂੰ ਪ੍ਰੋਸੈਸ ਕਰਕੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ। ਇਹ ਕੇਂਦਰ ਦੀ ਐੱਫ.ਪੀ.ਓਜ਼ ਸਕੀਮ ਨਾਲ ਜੋੜ ਕੇ ਕੀਤਾ ਜਾ ਸਕਦਾ ਹੈ। ਜਿਸ ਲਈ ਸਟੋਰ ਅਤੇ ਮਸ਼ੀਨਰੀ ਦੀ ਲੋੜ ਹੈ। ਇਹ ਯੂਨਿਟ ਪਿੰਡ ਪੱਧਰ ਨੌਜਵਾਨ ਕਿਸਾਨਾਂ ਵੱਲੋਂ ਐੱਮ.ਐੱਸ.ਐੱਮ.ਈ. ਅਧੀਨ ਖੁੱਲ੍ਹਵਾਏ ਜਾਣ। ਜਿਸ ਲਈ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਅਤੇ ਉਸਨੂੰ ਪਾਸ ਕਰਵਾਉਣ ਦੀ ਜ਼ਿੰਮੇਵਾਰੀ ਇੰਡਸਟਰੀ ਮਹਿਕਮੇ ਦੀ ਲਗਾਈ ਜਾਵੇ। ਪ੍ਰੋਜੈਕਟ ਦਾ 10 ਫੀਸਦੀ ਪੈਸਾ ਕਿਸਾਨ ਪਾਉਣ ਕੁੱਝ ਕੇਂਦਰ ਦੀ ਐੱਫ.ਪੀ.ਓਜ਼. ਸਕੀਮ ਅਧੀਨ ਇਮਦਾਦ ਹੋ ਜਾਵੇਗੀ। ਬਾਕੀ ਦਾ ਪੈਸਾ ਬੈਂਕਾਂ ਤੋਂ ਕਰਜ਼ੇ ਦੇ ਰੂਪ ਵਿਚ ਦਿਵਾਇਆ ਜਾਵੇ। ਖੇਤੀਬਾੜੀ ਮਹਿਕਮੇ ਦਾ ਸਹਿਯੋਗ ਕਲਸਟਰ ਦੀ ਜਗ੍ਹਾ ਅਤੇ ਕਿਸਾਨ ਚੁਣਨ ਵਿਚ ਲਿਆ ਜਾਵੇ। ਹਰ ਜ਼ਿਲ੍ਹੇ ਦੇ ਇੰਡਸਟਰੀ ਮਹਿਕਮੇ ਦੀ ਇਹ ਜ਼ਿੰਮੇਵਾਰੀ ਹੋਵੇ ਕਿ ਆਪਣੇ ਜ਼ਿਲ੍ਹੇ ਵਿਚ ਘੱਟੋ-ਘੱਟ ਦੱਸ ਕਲਸਟਰਾਂ ਦੇ ਪ੍ਰੋਜੈਕਟ ਚਲਾਵੇ ਅਤੇ ਘੱਟੋ-ਘੱਟ ਤਿੰਨ ਸਾਲ ਤੱਕ ਸਰਪ੍ਰਸਤੀ ਕਰੇ।

ਜਿਹੜਾ ਬਜਟ ਫਰਟੀਲਾਈਜ਼ਰ ਅਤੇ ਕੈਮੀਕਲ ਮਨਿਸਟਰੀ ਦਾ ਘਟਾਇਆ ਗਿਆ ਹੈ, ਹੋ ਸਕਦਾ ਹੈ ਕਿ ਕੇਂਦਰ ਸਰਕਾਰ ਨੈਨੋਂ ਖਾਦਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੋਵੇ। ਨੈਨੋਂ ਖਾਦਾਂ ਦਾ ਪੰਜਾਬ ਦੀ ਖੇਤੀ ਦੇ ਸੰਦਰਭ ਵਿਚ ਕੋਈ ਲਾਹੇਵੰਦ ਯੋਗਦਾਨ ਨਹੀਂ, ਕਿਉਂਕਿ ਫ਼ਸਲ ਨੂੰ ਖ਼ੁਰਾਕ ਦੀ ਲੋੜ ਝਾੜ ਮੁਤਾਬਕ ਪੈਂਦੀ ਹੈ, ਘੱਟ ਖੁਰਾਕ-ਘੱਟ ਝਾੜ ਜਿਹੜਾ ਪੰਜਾਬ ਦੇ ਅਗਾਂਹਵਧੂ ਕਿਸਾਨ ਨੂੰ ਮਾਫਕ ਨਹੀਂ। ਇਸ ਲਈ ਪੰਜਾਬ ਸਰਕਾਰ ਨੂੰ ਸੰਬੰਧਤ ਮੰਤਰਾਲੇ ਨਾਲ ਮਿਲਕੇ ਸੂਬੇ ਦਾ ਖਾਦਾਂ ਦਾ ਕੋਟਾ ਨਿਸ਼ਚਿਤ ਕਰਵਾ ਲੈਣਾ ਚਾਹੀਦਾ ਹੈ।

ਇੰਨਾ ਹੀ ਨਹੀਂ, ਖ਼ੁਰਾਕ ਮੰਤਰਾਲੇ ਦਾ ਬਜਟ ਵੀ ਘਟਾਇਆ ਗਿਆ। ਅਗਰ ਇਸਨੂੰ ਆਉਣ ਵਾਲੇ ਸਮੇਂ ਵਿਚ ਲੋੜ ਮੁਤਾਬਕ ਨਹੀਂ ਵਧਾਇਆ ਜਾਂਦਾ, ਤਾਂ ਇਸ ਦਾ ਸਿੱਧਾ ਅਸਰ ਖੁਰਾਕ ਖਰੀਦ ਅਤੇ ਵੰਡ ਪ੍ਰਣਾਲੀ 'ਤੇ ਵੀ ਪਵੇਗਾ।

ਕੁੱਲ ਮਿਲਾਕੇ ਕੇਂਦਰ ਦੇ ਇਸ ਸਾਲ ਦੇ ਬਜਟ ਤੋਂ ਪੰਜਾਬ ਦੀ ਖੇਤੀ ਨੂੰ ਲਾਹੇਵੰਦ ਹੁਲਾਰਾ ਮਿਲਣ ਦੀ ਆਸ ਨਹੀਂ, ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਸ ਦੀ ਬਹੁਤੀ ਅਬਾਦੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਖੇਤੀ 'ਤੇ ਨਿਰਭਰ ਹੈ। ਇਸ ਲਈ ਪੰਜਾਬ ਸਰਕਾਰ ਨੂੰ ਆਪਣੇ ਬਲਬੂਤੇ ਖੇਤੀ ਨੂੰ ਹੁਲਾਰਾ ਦੇਣ ਵਾਲੀਆਂ ਸਕੀਮਾਂ ਲਿਆਉਣੀਆਂ ਚਾਹੀਦੀਆਂ ਹਨ।

ਪੰਜਾਬ ਦੀ ਖੇਤੀ ਨੀਤੀ ਸੰਬੰਧੀ ਜਿਹੜੀ ਰਿਪੋਰਟ ਸਰਕਾਰ ਨੇ ਆਪਣੇ ਮਾਹਿਰਾਂ ਦੀ ਕਮੇਟੀ ਤੋਂ ਬਣਵਾਈ ਹੈ ਅਤੇ ਜਿਹੜੀ ਰਿਪੋਰਟ ਬੋਸਟਨ ਕੰਪਨੀ ਤੋਂ ਫ਼ਸਲੀ ਵਿਭਿੰਨਤਾ ਅਤੇ ਪਰਾਲੀ ਦੀ ਸਾਂਭ-ਸੰਭਾਲ ਬਾਰੇ ਬਣਵਾਈ ਹੈ, ਉਹ ਜਨਤਕ ਕਰ ਦਿੱਤੀ ਜਾਵੇ, ਤਾਂ ਕਿ ਲੋਕਾਂ ਦੇ ਸੁਝਾਅ ਆ ਸਕਣ ਕਿ ਇਹ ਨੀਤੀ ਲਾਗੂ ਕਰਨ ਦੇ ਯੋਗ ਹੈ ਜਾਂ ਨਹੀਂ। ਸਰਕਾਰ ਨੇ ਇਸ ਵੇਲੇ ਠੰਡੇ ਬਸਤੇ ਵਿਚ ਪਾ ਰੱਖੀ ਹੈ, ਜੇ ਲਾਗੂ ਕਰਨ ਯੋਗ ਨਹੀਂ ਜਾਂ ਉਹ ਨੀਤੀ ਲਾਗੂ ਕਰਨ ਲਈ ਸਰਕਾਰ ਕੋਲ ਫੰਡ ਨਹੀਂ ਤਾਂ ਨਾ ਲਾਗੂ ਕਰਨ ਪਰ ਕਿਸਾਨਾਂ ਅਤੇ ਆਪ ਲੋਕਾਂ ਨੂੰ ਇਹ ਤਾਂ ਪਤਾ ਲੱਗਣਾ ਚਾਹੀਦਾ ਹੈ ਕਿ ਸਾਡੇ ਮਾਹਰ ਖੇਤੀ ਨੂੰ ਕਿਸ ਦਿਸ਼ਾ ਅਤੇ ਦਸ਼ਾ ਵੱਲ ਲਿਜਾਣਾ ਚਾਹੁੰਦੇ ਹਨ।

# ਕਰਮ ਸਿੰਘ ਜ਼ਖ਼ਮੀ ਦੀ ਕਿਤਾਬ ਜੱਗਜਣਨੀਆਂ ਇਸਤਰੀ ਸੰਤਜਨਾਂ ਦਾ ਸਰੋਤ

ਹਥਲੀ ਪੁਸਤਕ ਵਿਚ ਲੇਖਕ ਨੇ ਜਗਤ ਦੀਆਂ ਬਾਈ ਮਹਾਨ ਗੁਰੂ ਇਸਤਰੀਆਂ ਦੇ ਜੀਵਨ ਬਿਊਰਾ ਇੱਕਤਰ ਕਰਕੇ ਮਹੱਤਵੀ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਗਾਰਗੀ ਵਾਚਕਨਵੀ, ਮੈਤ੍ਰੇਈ, ਸੰਤ ਅੰਡਾਲ, ਹਜ਼ਰਤ ਰਾਬੀਆ, ਅੱਕਾ ਮਹਾਂਦੇਵੀ, ਸੰਤ ਮੁਕਤਾ ਬਾਈ, ਸੰਤ ਜਨਾ ਬਾਈ, ਸੰਤ ਸਖੂ ਬਾਈ, ਸੰਤ ਲੱਲੇਸ਼ਵਰੀ, ਸੰਤ ਕਾਨਹੋ ਪਾਤਰਾ, ਸੰਤ ਮੀਰਾ ਬਾਈ, ਸੰਤ ਬਹਿਣਾ ਬਾਈ, ਸੰਤ ਸਹਿਜੋ ਬਾਈ, ਹਜ਼ਰਤ ਬਾਬਾਜਾਨ, ਮਾਤਾ ਸ਼ਾਰਦਾ ਦੇਵੀ, ਸਿਸਟਰ ਨਿਵੇਦਿਤਾ, ਆਨੰਦਮਈ ਮਾਂ, ਮਾਤਾ ਅੰਮ੍ਰਿਤਾਨੰਦਮਈ, ਗੁਰੂਮਈ ਚਿਦਵਿਲਾਸਾਨੰਦਾ, ਅੰਮਾ ਸ੍ਰੀ ਕਰੁਣਾਮਈ, ਰਿਤੰਭਰਾ ਸਾਧਵੀ, ਆਨੰਦਮੂਰਤੀ ਗੁਰੂ ਮਾਂ ਅੰਕਿਤ ਹਨ। ਇਹ ਗੁਰੂ ਇਸਤਰੀਆਂ ਬਹੁਤੀਆਂ ਮਹਾਂਰਾਸਟਰ ਖੇਤਰ ਨਾਲ ਸਬੰਧਤ ਹਨ, ਵਿਦੇਸ਼ੀ ਹਮਲਾਵਰਾਂ ਵੱਲੋਂ ਭਾਰਤ 'ਤੇ ਨਿਰੰਤਰ ਹਮਲੇ ਹੁੰਦੇ ਰਹੇ, ਜਿਨ੍ਹਾਂ ਨੇ ਇੱਥੋਂ ਦੇ ਧਾਰਮਿਕ, ਵਿੱਦਿਅਕ ਅਤੇ ਸੱਭਿਆਚਾਰਕ ਕੇਂਦਰਾਂ ਨੂੰ ਖ਼ਤਮ ਕਰਨ ਦੇ ਨਾਲ-ਨਾਲ ਇੱਥੋਂ ਦੀ ਸੋਚਣ ਸ਼ਕਤੀ ਨੂੰ ਵੀ ਕਮਜ਼ੋਰ ਕਰ ਦਿੱਤਾ। ਦੁਸ਼ਮਣਾਂ ਦੇ ਡਰ ਕਾਰਨ ਲੋਕਾਂ ਵਿਚ ਅਸੁਰੱਖਿਆ ਦਾ ਪ੍ਰਭਾਵ ਵਧਦਾ ਗਿਆ ਅਤੇ ਔਰਤਾਂ ਪ੍ਰਤੀ ਸੰਕੀਰਣਤਾ ਵਾਲੀ ਸੋਚ ਬਣਦੀ ਗਈ। ਔਰਤਾਂ ਦੀ ਸੁਤੰਤਰਤਾ 'ਤੇ ਪਾਬੰਦੀਆਂ ਲੱਗਣੀਆਂ ਸ਼ੁਰੂ ਹੋਈਆਂ ਅਤੇ ਔਰਤਾਂ ਨੂੰ ਘਰ ਦੀ ਚਾਰਦਿਵਾਰੀ ਤੱਕ ਸੀਮਤ ਕਰ ਦਿੱਤਾ ਗਿਆ। ਉਨ੍ਹਾਂ ਦਾ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਖੋਹ ਲਿਆ ਗਿਆ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਵੀ ਸਖ਼ਤੀ ਨਾਲ ਰੋਕ ਦਿੱਤਾ ਗਿਆ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਤਿਉਂ-ਤਿਉਂ ਉਨ੍ਹਾਂ ਦਾ ਆਤਮਵਿਸ਼ਵਾਸ ਖ਼ਤਮ ਹੁੰਦਾ ਗਿਆ ਅਤੇ ਉਹ ਆਪਣੇ ਆਪ ਨੂੰ ਮਰਦਾਂ ਨਾਲੋਂ ਕਮਜ਼ੋਰ ਸਮਝਣ ਲੱਗੀਆਂ ਪਰ ਭਾਰਤ ਵਿਚ ਔਰਤਾਂ ਦੀ ਹਾਲਤ ਹਮੇਸ਼ਾ ਹੀ ਅਜਿਹੀ ਨਹੀਂ ਰਹੀ। ਵੈਦਿਕ ਕਾਲ ਵਿਚ ਔਰਤਾਂ ਮਰਦਾਂ ਵਾਂਗ ਹੀ ਵੇਦਾਂ, ਸ਼ਾਸਤਰਾਂ ਆਦਿ ਗ੍ਰੰਥਾਂ ਦਾ ਕੇਵਲ ਗਿਆਨ ਹੀ ਨਹੀਂ ਰੱਖਦੀਆਂ ਸਨ, ਬਲਕਿ ਆਪਣੇ ਸਮਕਾਲੀ ਮਰਦ ਦਾਰਸ਼ਨਿਕਾਂ ਦੇ ਮੁਕਾਬਲੇ ਜ਼ਿਆਦਾ ਗਿਆਨਵਾਨ ਵੀ ਸਮਝੀਆਂ ਜਾਂਦੀਆਂ ਸਨ। ਉਸ ਸੁਨਹਿਰੇ ਦੌਰ ਵਿਚ ਔਰਤਾਂ ਦਰਸ਼ਨ, ਗਣਿਤ, ਸੰਗੀਤ ਅਤੇ ਸ਼ਿਲਪ ਆਦਿ ਤੋਂ ਇਲਾਵਾ ਤੀਰ-ਅੰਦਾਜ਼ੀ ਅਤੇ ਜੰਗੀ ਕਲਾ ਵਿਚ ਵੀ ਨਿਪੁੰਨ ਹੁੰਦੀਆਂ ਸਨ। ਮਰਦਾਂ ਵਾਂਗ ਉਨ੍ਹਾਂ ਨੂੰ ਵੀ ਬ੍ਰਹਮਚਾਰੀ ਜੀਵਨ ਦਾ ਪਾਲਣ ਕਰਦਿਆਂ ਅਧਿਐਨ ਕਰਨ ਦਾ ਹੱਕ ਪ੍ਰਾਪਤ ਸੀ।

ਗਾਰਗੀ ਵਾਚਕਨਵੀ ਉਪਰੋਕਤ ਤੱਥ ਦੀ ਇੱਕ ਖ਼ੂਬਸੂਰਤ ਮਿਸਾਲ ਹਨ, ਜੋ ਸਾਡੇ ਪ੍ਰਾਚੀਨ ਭਾਰਤ ਦੇ ਪੂਰਨ ਔਰਤ ਗੁਰੂ ਅਤੇ ਮਹਾਨ ਦਾਰਸ਼ਨਿਕ ਹੋਏ ਹਨ। ਉਨ੍ਹਾਂ ਦਾ ਜਨਮ ਰਿਸ਼ੀ ਗਾਰਗਾ ਦੇ ਖਾਨਦਾਨ ਵਿਚ ਰਿਸ਼ੀ ਵਾਚਕਨ ਦੇ ਗ੍ਰਹਿ ਵਿਖੇ ਲਗਭਗ ਸੱਤਵੀਂ ਸਦੀ ਈਸਾ ਪੂਰਬ ਵਿਚ ਹੋਇਆ। ਆਪਣੇ ਸਮੇਂ ਦੇ ਉਹ ਵੇਦਾਂ ਅਤੇ ਉਪਨਿਸ਼ਦਾਂ ਦੇ ਸਮਰੱਥ ਵਿਆਖਿਆਕਾਰ ਸਨ ਅਤੇ ਵੱਡੇ-ਵੱਡੇ ਦਾਰਸ਼ਨਿਕਾਂ ਨਾਲ ਵਿਚਾਰ-ਚਰਚਾ ਵਿਚ ਹਿੱਸਾ ਵੀ ਲੈਂਦੇ ਸਨ। ਬ੍ਰਹਮ ਵਿੱਦਿਆ ਦੇ ਖੇਤਰ- ਵਿਚ ਉਹ ਬੜੇ ਨਿਪੁੰਨ ਬੁਲਾਰੇ ਵਜੋਂ ਜਾਣੇ ਜਾਣ ਲੱਗ ਪਏ ਸਨ। ਉਨ੍ਹਾਂ ਨੇ ਆਪਣੀ ਕੁੰਡਲਿਨੀ ਸ਼ਕਤੀ ਨੂੰ ਜਾਗ੍ਰਿਤ ਕਰਕੇ ਆਤਮਬੋਧ ਦੀ ਪ੍ਰਾਪਤੀ ਕੀਤੀ ਅਤੇ ਵੇਦਾਂ ਦੀ ਰਚਨਾ ਵਿਚ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

ਮੈਤ੍ਰੇਈ ਵੈਦਿਕ ਕਾਲ ਦੇ ਇੱਕ ਮਹਾਨ ਔਰਤ ਸੰਤ ਹੋਏ ਹਨ। ਇਹਦਾਰਣਯਕ ਉਪਨਿਸ਼ਦ ਵਿਚ ਲਿਖਿਆ ਗਿਆ ਹੈ ਕਿ ਰਿਸ਼ੀ ਯਾਗਿਯਵਲਕ ਦੀਆਂ ਦੋ ਪਤਨੀਆਂ ਸਨ, ਜਿਨ੍ਹਾਂ ਵਿਚੋਂ ਇੱਕ ਦਾ ਨਾਂ ਮੈਤ੍ਰੇਈ ਅਤੇ ਦੂਜੀ ਦਾ ਨਾਂ ਕਾਤਿਆਨੀ ਸੀ। ਮਹਾਂਕਾਵਿ ਮਹਾਂਭਾਰਤ ਅਤੇ ਗ੍ਰਹਿ-ਸੂਤਰਾਂ ਵਿਚ ਮੈਤ੍ਰੇਈ ਨੂੰ ਇੱਕ ਅਦਵੈਤ ਦਾਰਸ਼ਨਿਕ ਵਜੋਂ ਦਰਸਾਇਆ ਗਿਆ ਹੈ, ਜਿਸ ਨੇ ਕਦੇ ਵਿਆਹ ਨਹੀਂ ਕਰਵਾਇਆ ਅਤੇ ਸਾਰੀ ਉਮਰ ਬੁੱਧੀਜੀਵੀਆਂ ਨਾਲ ਸੰਵਾਦ ਰਚਾਉਂਦੇ ਹੋਏ ਤਪੱਸਿਆ ਵਿਚ ਲੀਨ ਰਹੇ। ਰਾਜਾ ਜਨਕ ਦੇ ਦਰਬਾਰ ਵਿਚ ਇੱਕ ਮਹੱਤਵਪੂਰਨ ਪਦ 'ਤੇ ਸੁਸ਼ੋਭਿਤ ਸਨ। ਉਨ੍ਹਾਂ ਦੇ ਸਮਾਗਮਾਂ ਵਿਚ




ਹਿੱਸਾ ਲੈਣਾ ਬੜਾ ਸਨਮਾਨਜਨਕ ਸਮਝਿਆ ਜਾਂਦਾ ਸੀ। ਇਨ੍ਹਾਂ ਮਹਾਨ ਸਮਾਗਮਾਂ ਵਿਚ ਮੈਤ੍ਰੇਈ ਨੂੰ ਵੀ ਬੜੇ ਉਚੇਚੇ ਤੌਰ 'ਤੇ ਬੁਲਾਇਆ ਜਾਂਦਾ ਸੀ।

ਸੰਤ ਅੰਡਾਲ ਦਾ ਨਾਂ ਦੱਖਣੀ ਭਾਰਤ ਦੇ ਬਾਰਾਂ ਕਵੀ ਸੰਤਾਂ ਵਿਚੋਂ ਇਕਲੌਤੇ ਤਾਮਿਲ ਔਰਤ ਸੰਤ ਵਜੋਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਭਗਤੀ ਅੰਦੋਲਨ ਵਿਚ ਉਹ ਇੱਕ ਮੁੱਖ ਅਲਵਰ ਜਾਂ ਵੈਸ਼ਨਵ ਪ੍ਰੰਪਰਾ ਨਾਲ ਜੁੜੇ ਹੋਏ ਸੰਤ ਸਨ। ਗੋਦਾ ਦੇਵੀ ਦੇ ਨਾਂ ਨਾਲ ਵੀ ਉਨ੍ਹਾਂ ਦਾ ਜ਼ਿਕਰ ਮਿਲਦਾ ਹੈ ਅਤੇ ਉਨ੍ਹਾਂ ਦਾ ਜਨਮ ਸੀਵਿਲੀਪੁਥਰ ਵਿਖੇ ਸੱਤਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਸੁਰਤ ਸੰਭਾਲਦਿਆਂ ਹੀ ਉਨ੍ਹਾਂ ਨੂੰ ਆਪਣੇ ਬ੍ਰਹਮ ਸਰੂਪ ਹੋਣ ਦਾ ਬੋਧ ਹੋ ਗਿਆ ਅਤੇ ਉਨ੍ਹਾਂ ਨੇ ਭਗਵਾਨ ਵਿਸ਼ਨੂੰ ਨੂੰ ਪਹਿਨਾਈ ਜਾਣ ਵਾਲੀ ਮਾਲਾ ਖ਼ੁਦ ਪਹਿਨਣੀ ਸ਼ੁਰੂ ਕਰ ਦਿੱਤੀ। ਸੰਤ ਅੰਡਾਲ ਨੂੰ ਨਚਿਆਰ ਜਾਂ ਅੰਡਾਲ ਨਾਚੀਅਰ ਵੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਦੋ ਪੁਸਤਕਾਂ ਤਿਰੁਪਾਵਈ ਅਤੇ ਨਚਿਆਰ ਤਿਰੁਮੋਈ ਦੀ ਸਿਰਜਣਾ ਵੀ ਕੀਤੀ, ਜਿਨ੍ਹਾਂ ਨੂੰ ਤਾਮਿਲ ਸਾਹਿਤ ਵਿਚ ਬੇਹੱਦ ਸਤਿਕਾਰਯੋਗ ਸਥਾਨ ਹਾਸਲ ਹੈ।

ਹਜਰਤ ਰਾਬੀਆ ਇੱਕ ਪ੍ਰਸਿੱਧ ਮੁਸਲਮਾਨ ਸੂਫ਼ੀ ਸੰਤ ਹੋਏ ਹਨ। ਉਨ੍ਹਾਂ ਦਾ ਜਨਮ ਲਗਭਗ 716 ਈਸਵੀ ਵਿਚ ਅਰਬ ਦੇ ਬਸਰਾ ਸ਼ਹਿਰ ਵਿਚ ਹੋਇਆ। ਮੁਸਲਿਮ ਸਮਾਜ ਵਿਚ ਕਿਸੇ ਔਰਤ ਦਾ ਸੰਤ ਹੋਣਾ ਅਤੇ ਸੰਸਾਰ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕਰਨਾ ਸੱਚਮੁੱਚ ਹੀ ਬੜੀ ਹੈਰਾਨੀਜਨਕ ਗੱਲ ਹੈ। ਫਿਰ ਜਿਨ੍ਹਾਂ ਸਮਿਆਂ ਵਿਚ ਉਨ੍ਹਾਂ ਦਾ ਜਨਮ ਹੋਇਆ, ਉਸ ਵਲ ਤਾਂ ਕਿਸੇ ਔਰਤ ਵੱਲੋਂ ਅਜਿਹੀ ਭੂਮਿਕਾ ਦੀ ਉਮੀਦ ਰੱਖਣਾ ਵੈਸੇ ਹੀ ਅਸੰਭਵ ਸੀ। ਉਨ੍ਹਾਂ ਬਾਰੇ ਜਾਣ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਆਖ਼ਰ ਉਹ ਔਰਤ ਕਿੰਨੀ ਮਹਾਨ ਹੋਵੇਗੀ।

ਅੱਕਾ ਮਹਾਂਦੇਵੀ ਨੂੰ ਭਗਵਾਨ ਮਹਾਂਦੇਵ ਦੀ ਮਾਣਸ ਪਤਨੀ ਅਤੇ ਭਾਰਤ ਦੀ ਦੂਜੀ ਪਾਰਬਤੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦਾ ਜਨਮ 1130 ਈਸਵੀ ਦੇ ਨੇੜੇ-ਤੇੜੇ ਦੱਖਣੀ ਭਾਰਤ ਦੇ ਕਰਨਾਟਕ ਸੂਬੇ ਦੇ ਸਿਵਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਉਦੁਤੜੀ ਵਿਚ ਹੋਇਆ। ਉਨ੍ਹਾਂ ਦੇ ਪਤੀ ਅਬਿਨਾਸ਼ੀ ਹਨ। ਸੰਤ ਮੁਕਤਾ ਬਾਈ ਮਹਾਰਾਸ਼ਟਰ ਦੇ ਵਾਰਕਰੀ ਸੰਪਰਦਾਇ ਦੇ ਪ੍ਰਸਿੱਧ ਔਰਤ ਸੰਤ ਹੋਏ ਹਨ। ਉਨ੍ਹਾਂ ਦਾ ਜਨਮ 1279 ਈਸਵੀ ਵਿਚ ਗੋਦਾਵਰੀ ਨਦੀ 'ਤੇ ਤੱਟ 'ਤੇ ਸਥਿਤ ਪੈਠਣ ਦੇ ਨੇੜੇ ਅਲੰਦੀ ਹੈ, ਪਿੰਡ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਵਿੱਠਲ ਗੋਬਿੰਦ ਪੰਤ ਅਤੇ ਮਾਤਾ ਦਾ ਨਾਂ ਰੁਕਮਣੀ ਬਾਈ ਸੀ। ਉਨ੍ਹਾਂ ਦਾ ਜਨਮ 120 ਈਸਵੀ ਵਿਚ ਮਹਾਰਾਸ਼ਟਰ ਦੇ ਪਿੰਡ ਗੰਗਾਖੇੜ ਵਿਖੇ ਇੱਕ ਬਹੁਤ ਹੀ ਗਰੀਬ ਪਰਿਵਾਰ ਵਿਚ ਹੋਇਆ। ਸੰਤ ਜਨਾ ਬਾਈ ਨੇ ਕੋਈ ਸਕੂਲੀ ਵਿੱਦਿਆ ਪ੍ਰਾਪਤ ਨਹੀਂ ਸੀ ਕੀਤੀ ਪਰ ਫਿਰ ਵੀ ਉਨ੍ਹਾਂ ਨੇ ਤਿੰਨ ਸੌ ਚਾਲੀ ਦੇ ਲਗਭਗ ਦੋਹਿਆਂ ਦੀ ਰਚਨਾ ਕੀਤੀ। ਸੰਤ ਨਾਮਦੇਵ ਦੀਆ ਰਚਨਾਵਾਂ ਦੇ ਸੰਗ੍ਰਹਿ ਵਿਚ ਸ਼ਾਮਲ ਹੋਣ ਕਰਕੇ ਉਨ੍ਹਾਂ ਦੇ ਦੋਹੇ ਵੀ ਸੰਭਾਲ ਗਏ। ਆਪਣੇ ਦੋਹਿਆਂ ਵਿਚ ਉਹ ਆਪਣੇ ਆਪ ਨੂੰ ਸੰਤ ਨਾਮਦੇਵ ਦੀ ਦਾਸੀ ਜਾਂ ਸੰਤ ਨਾਮਦੇਵ ਦੀ ਜਾਨੀ ਕਹਿੰਦੇ ਹਨ। ਫਿਰ ਨੱਬੇ ਸਾਲ ਦੀ ਉਮਰ ਵਿਚ 1350 ਈਸਵੀ ਵਿਚ ਪੰਢਰਪੁਰ ਦੇ ਵਿੱਠਲ ਮੰਦਰ ਦੇ ਮੁੱਖ ਦਰਵਾਜ਼ੇ 'ਤੇ ਉਨ੍ਹਾਂ ਨੇ ਆਪਣਾ ਸਰੀਰ ਤਿਆਗ ਦਿੱਤਾ।

ਜਿਹੇ ਪਿੰਡ ਸਿੰਚਿਰਨੀਪੁਰਮ ਵਿਖੇ ਗੰਗਾਧਰ ਰਾਓ ਅਤੇ ਉਨ੍ਹਾਂ ਦੀ ਪਤਨੀ ਕਮਲਾ




ਬਾਈ ਰਹਿੰਦੇ ਸਨ। ਸਮਾਂ ਪਾ ਕੇ ਉਨ੍ਹਾਂ ਦੇ ਗ੍ਰਹਿ ਵਿਖੇ ਇੱਕ ਬੇਟੀ ਨੇ ਜਨਮ ਲਿਆ, ਜਿਸ ਦਾ ਨਾਂ ਉਨ੍ਹਾਂ ਨੇ ਸਖੂ ਬਾਈ ਰੱਖਿਆ। ਸੰਤ ਲੱਲੇਸ਼ਵਰੀ ਦਾ ਜਨਮ ਕਸ਼ਮੀਰ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਦੱਖਣ ਦਿਸ਼ਾ ਵਿਚ ਸਥਿਤ ਪਿੰਡ ਪਾਦਰੇਠਨ ਦੇ ਇੱਕ ਬ੍ਰਾਹਮਣ ਪਰਿਵਾਰ ਵਿਚ 1320 ਈਸਵੀ ਵਿਚ ਹੋਇਆ। ਉਨ੍ਹਾਂ ਨੂੰ ਯੋਗੀਸ਼ਵਰੀ ਅਤੇ ਲਾਲ ਡੇਡ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਆਪਣੇ ਸਮੇਂ ਦੇ ਸ਼ੈਵ ਮੱਤ ਦੇ ਉਹ ਮਹਾਨ ਪ੍ਰਚਾਰਕ ਸਨ। ਸੰਤ ਲੱਲੇਸ਼ਵਰੀ ਨੇ ਆਪਣੇ ਉਪਦੇਸ਼ ਅਤੇ ਅਨੁਭਵਾਂ ਨੂੰ ਆਪਣੀਆਂ 285 ਕਵਿਤਾਵਾਂ ਦੇ ਰੂਪ ਵਿਚ ਲੋਕਾਂ ਸਾਹਮਣੇ ਰੱਖਿਆ। ਉਨ੍ਹਾਂ ਦੀ ਪ੍ਰਸਿੱਧ ਕਸ਼ਮੀਰੀ ਰਚਨਾ 'ਲੱਲ ਵਾਕਿਆਇਨੀ' ਵਿਚ ਸ਼ਾਮਲ ਉਨ੍ਹਾਂ ਦੀਆਂ ਕਵਿਤਾਵਾਂ ਦੀ ਭਾਸ਼ਾ ਉਨ੍ਹਾਂ ਦੇ ਸਮੇਂ ਤੋਂ ਵੀ ਵੱਧ ਪੁਰਾਣੀ ਹੈ ਅਤੇ ਉਹ ਆਧੁਨਿਕ ਕਸ਼ਮੀਰੀ ਸਾਹਿਤ ਦੇ ਇਤਿਹਾਸ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਸੰਤ ਲੱਲੇਸ਼ਵਰੀ ਦੀਆਂ ਰਚਨਾਵਾਂ ਵਿਚ ਇਸ ਵਿਸਮਾਦੀ ਅਵਸਥਾ ਦਾ ਵਰਣਨ ਇੰਝ ਕੀਤਾ ਗਿਆ ਹੈ।

ਸੰਤ ਕਾਨਹੋ ਪਾਤਰਾ ਦਾ ਜਨਮ ਪੰਦਰਵੀਂ ਸਦੀ ਵਿਚ ਮਹਾਰਾਸ਼ਟਰ ਦੇ ਮੰਗਲਵੇਧਾ ਪਿੰਡ ਵਿਚ ਹੋਇਆ। ਵਾਰਕਰੀਆਂ ਦੇ ਸਰਪ੍ਰਸਤ ਦੇਵਤਾ ਵਿਠੋਬਾ ਦੀ ਭਗਤੀ ਵਿਚ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਦੇ ਲਿਖੇ ਲਗਭਗ ਤੀਹ ਦੋਹੇ ਅੱਜ ਵੀ ਮੌਜੂਦ ਹਨ, ਜਿਨ੍ਹਾਂ ਨੂੰ ਮਹਾਰਾਸ਼ਟਰ ਦੇ, ਲੋਕ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਗਾਉਂਦੇ ਹਨ।

ਸੰਤ ਮੀਰਾ ਬਾਈ ਭਗਵਾਨ ਕ੍ਰਿਸ਼ਨ ਦੇ ਸ਼੍ਰੋਮਣੀ ਭਗਤਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਦਾ ਜਨਮ 1498 ਈਸਵੀ ਵਿਚ ਮਾਰਵਾੜ ਰਿਆਸਤ ਦੇ ਕੁੜਕੀ ਪਿੰਡ ਦੇ ਰਾਜਪੂਤ ਰਾਠੌਰ ਘਰਾਣੇ ਵਿਚ ਹੋਇਆ, ਜੋ ਅੱਜਕੱਲ੍ਹ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਵਿਚ ਸਥਿਤ ਹੈ। 'ਮੰਨਿਆ ਜਾਂਦਾ ਹੈ ਕਿ ਸੰਤ ਮੀਰਾ ਬਾਈ ਪਿਛਲੇ ਜਨਮ ਵਿਚ ਭਗਵਾਨ ਕ੍ਰਿਸ਼ਨ ਨੂੰ ਪ੍ਰੇਮ ਕਰਨ ਵਾਲੀਆਂ ਗੋਪੀਆਂ ਵਿਚ ਵੀ ਸ਼ਾਮਲ ਸਨ। ਗੁਰੂ ਰਵਿਦਾਸ ਨੂੰ ਮਿਲਣ ਤੋਂ ਬਾਅਦ ਸੰਤ ਮੀਰਾ ਬਾਈ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਹਰੀ ਸਿਮਰਨ ਵਿਚ ਲੀਨ ਕਰ ਲਿਆ। ਸੰਤ ਮੀਰਾ ਬਾਈ ਨੂੰ ਮਾਰਨ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਕੁੱਝ ਘਟਨਾਵਾਂ ਦਾ ਜ਼ਿਕਰ ਸੰਤ ਮੀਰਾ ਬਾਈ ਨੇ ਆਪਣੀਆਂ ਰਚਨਾਵਾਂ ਵਿਚ ਵੀ ਕੀਤਾ ਹੈ। ਸੰਤ ਬਹਿਣਾ ਬਾਈ ਦਾ ਜਨਮ 1628 ਈਸਵੀ ਵਿਚ ਉੱਤਰੀ ਮਹਾਰਾਸ਼ਟਰ ਦੇ ਐਲੋਰਾ ਦੀਆਂ ਗੁਫ਼ਾਵਾਂ ਨੇੜਲੇ ਪਿੰਡ ਦੇਵਗਾਂਵ (ਰੰਗੜੀ) ਦੇ ਇੱਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਸ ਪਿੰਡ ਦੇ ਕੋਲ ਦੀ ਸ਼ਿਵ ਨਦੀ ਵਗਦੀ ਹੈ।

ਸੰਤ ਬਹਿਣਾ ਬਾਈ ਨੇ ਕੁੱਝ ਦੋਹਿਆਂ ਦੀ ਸਿਰਜਣਾ ਵੀ ਕੀਤੀ। ਮਰਾਠੀ ਭਾਸ਼ਾ ਵਿਚ ਲਿਖੇ ਦੋਹਿਆਂ ਵਿਚ ਆਮ ਤੌਰ 'ਤੇ ਪ੍ਰਮਾਤਮਾ ਦਾ ਜੱਸ ਹੀ ਗਾਇਆ ਜਾਂਦਾ ਹੈ ਪਰ ਉਨ੍ਹਾਂ ਦੇ ਦੋਹਿਆਂ ਵਿਚ ਵਿਆਹੁਤਾ ਜੀਵਨ ਦੇ ਦੁੱਖ ਅਤੇ ਔਰਤ ਦੇ ਰੂਪ ਵਿਚ ਜਨਮ ਲੈਣ ਦਾ ਪਛਤਾਵਾ ਕੇਂਦਰੀ ਬਿੰਦੂ ਬਣਿਆ ਰਿਹਾ। ਸੰਤ ਬਹਿਣਾ ਬਾਈ ਦੀਆਂ ਰਚਨਾਵਾਂ ਵਿਚ ਸਤਾਰਵੀਂ ਸਦੀ ਦੀਆਂ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਦੀ ਭਰਪੂਰ ਜਾਣਕਾਰੀ ਮਿਲਦੀ ਹੈ। ਉਸ ਵੇਲੇ ਔਰਤਾਂ ਲਈ ਭਗਤੀ ਮਾਰਗ ਅਖ਼ਤਿਆਰ ਕਰਨਾ ਬੇਹੱਦ ਮੁਸ਼ਕਿਲ ਸੀ ਪਰ ਉਨ੍ਹਾਂ ਨੇ ਹੌਂਸਲਾ ਨਹੀਂ ਹਾਰਿਆ ਅਤੇ ਨਿਰੰਤਰ ਆਪਣਾ ਅਧਿਆਤਮਿਕ ਸਫ਼ਰ ਜਾਰੀ ਰੱਖਿਆ। ਉਨ੍ਹਾਂ ਨੇ ਗ੍ਰਹਿਸਥ ਅਤੇ ਭਗਤੀ


-ਦਿਲਜੀਤ ਸਿੰਘ ਬੇਦੀ
ਮੋ: 76579-68579,
76579-98570
ਪੰਜਾਬ ਮੇਲ USA




ਵਿਚਕਾਰ ਇੱਕ ਬੇਹੱਦ ਖ਼ੂਬਸੂਰਤ ਸੰਤੁਲਨ ਕਾਇਮ ਕਰਕੇ ਔਰਤਾਂ ਦਾ ਬਹੁਤ ਵਧੀਆ ਮਾਰਗ ਦਰਸ਼ਨ ਕੀਤਾ ਹੈ।

ਮੀਰਾ ਬਾਈ ਤੋਂ ਬਾਅਦ ਸਭ ਤੋਂ ਪ੍ਰਸਿੱਧ ਨਾਂ ਸੰਤ ਸਹਿਜੋ ਬਾਈ ਦਾ ਹੀ ਹੈ। ਉਨ੍ਹਾਂ ਦੇ ਪ੍ਰਵਚਨ ਅੱਜ ਵੀ ਗਿਆਨ-ਧਿਆਨ ਦੇ ਰਸਤੇ 'ਤੇ ਚੱਲਣ ਵਾਲੇ ਰਾਹੀਆਂ ਲਈ ਇੱਕ ਮੀਲ ਪੱਥਰ ਦਾ ਦਰਜਾ ਰੱਖਦੇ ਹਨ। ਸੰਤ ਸਹਿਜੋ ਬਾਈ ਦਾ ਜਨਮ 2 ਅਗਸਤ 1725 ਨੂੰ ਦੂਸਰੀ ਜਾਤੀ ਦੇ ਇਸੇ ਪਰਿਵਾਰ ਵਿਚ ਦਿੱਲੀ ਵਿਖੇ ਹੋਇਆ। ਇਹ ਵੀ ਸੰਤ ਸਹਿਜੋ ਬਾਈ ਦੀ ਤਪੱਸਿਆ ਅਤੇ ਸਿਰੜ ਦਾ ਹੀ ਕ੍ਰਿਸ਼ਮਾ ਸੀ ਕਿ ਔਰਤਾਂ ਨੂੰ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕੀ ਸੰਚਾਲਨ ਦਾ ਮੌਕਾ ਮਿਲਣ ਲੱਗਿਆ, ਨਹੀਂ ਤਾਂ ਔਰਤ ਨੂੰ ਪੁਜਾਰੀ ਵਰਗ ਨੇ ਪ੍ਰਮਾਤਮਾ ਦੇ ਨਾਮ-ਸਿਮਰਨ ਦੇ ਹੱਕ ਤੋਂ ਵੀ ਵਾਂਝਾ ਕਰ ਦਿੱਤਾ ਸੀ।

ਉੱਨੀਵੀਂ ਸਦੀ ਵਿਚ ਆਪਣੇ ਸਮੇਂ ਦੇ ਪੰਜ ਪ੍ਰਸਿੱਧ ਸੰਤ ਹੋਏ ਹਨ, ਸਿਰੜੀ ਸਾਈਂ ਬਾਬਾ, ਸ਼੍ਰੀ ਨਾਰਇਣ ਮਹਾਰਾਜ, ਉਪਾਸ਼ਨੀ ਮਹਾਰਾਜ, ਬਾਬਾ ਤਾਜੁਦੀਨ ਅਤੇ ਹਜ਼ਰਤ ਬਾਬਾਜਾਨ। ਹਜ਼ਰਤ ਰਾਬੀਆ ਅਲ ਬਸਰੀ ਤੋਂ ਬਾਅਦ ਉਹ ਇਸਲਾਮ ਜਗਤ ਵਿਚ ਅਜਿਹੀ ਦੂਜੀ ਔਰਤ ਹਨ, ਜਿਸ ਦਾ ਲੋਕ-ਮਨਾਂ ਵਿਚ ਰੁਤਬਾ ਕਿਸੇ ਪੈਗੰਬਰ ਜਾਂ ਅਵਤਾਰ ਤੋਂ ਘੱਟ ਨਹੀਂ ਸੀ। ਉਸ ਵੇਲੇ ਦੀਆਂ ਰੂੜ੍ਹੀਵਾਦੀ ਪ੍ਰੰਪਰਾਵਾਂ ਦਰਮਿਆਨ ਉਨ੍ਹਾਂ ਨੂੰ ਅਧਿਆਤਮਿਕ ਖੇਤਰ ਵਿਚ ਇੰਨੀ ਮਹੱਤਵਪੂਰਨ ਅਤੇ ਜ਼ਿਕਰਯੋਗ ਮਾਨਤਾ ਮਿਲਣੀ ਸੱਚਮੁੱਚ ਹੀ ਬੜੀ ਹੈਰਾਨੀਜਨਕ ਹੈ। ਉਨ੍ਹਾਂ ਦਾ ਜਨਮ 1790 ਤੋਂ 1800 ਈਸਵੀ ਦੇ ਵਿਚਕਾਰ ਬਲੋਚਿਸਤਾਨ ਦੇ ਇੱਕ ਸ਼ਾਹੀ ਖਾਨਦਾਨ ਵਿਚ ਹੋਇਆ ਅਤੇ ਉਨ੍ਹਾਂ ਨੇ ਆਪਣੇ ਜੀਵਨ ਦੇ ਆਖ਼ਰੀ ਪੱਚੀ ਸਾਲ ਭਾਰਤ ਵਿਚ ਬਿਤਾਏ।

ਮਾਤਾ ਸ਼ਾਰਦਾ ਦੇਵੀ ਉੱਨੀਵੀਂ ਸਦੀ ਦੇ ਮਹਾਨ ਸੰਤ ਸਵਾਮੀ ਰਾਮ ਕਿਸ਼ਨ ਪਰਮਹੰਸ ਦੀ ਸੁਪਤਨੀ ਸਨ। ਆਪਣੇ ਪਤੀ ਵਾਂਗ ਮਾਤਾ ਸ਼ਾਰਦਾ ਦੇਵੀ ਵੀ ਆਪਣੇ ਸਮੇਂ ਦੀ ਇੱਕ ਬੇਹੱਦ ਸਤਿਕਾਰਿਤ ਅਧਿਆਤਮਿਕ ਸ਼ਖ਼ਸੀਅਤ ਵਜੋਂ ਉੱਭਰੇ। ਉਨ੍ਹਾਂ ਦਾ ਜਨਮ ਪੱਛਮੀ ਬੰਗਾਲ ਦੇ ਬਾਂਕੁਰਾ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਜੈਰਾਮਬਾਟੀ ਕਾਮਾਰਪੁਕਰ ਵਿਖੇ 22 ਦਸੰਬਰ 1853 ਨੂੰ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਰਾਮ ਚੰਦਰ ਮੁਖੋਪਾਧਿਆਏ ਅਤੇ ਮਾਤਾ ਦਾ ਨਾਂ ਸ਼ਿਆਮ ਸੁੰਦਰੀ ਦੇਵੀ ਸੀ। ਜੇਕਰ ਤੁਸੀਂ ਸੱਚਮੁੱਚ ਹੀ ਤਣਾਓ-ਮੁਕਤ ਹੋ ਕੇ ਜਿਊਣਾ ਚਾਹੁੰਦੇ ਹੋ, ਤਾਂ ਦੂਜਿਆਂ ਦੇ ਐਬ ਦੇਖਣੇ ਬੰਦ ਕਰ ਦਿਓ ਅਤੇ ਆਪਣੇ ਅੰਦਰ ਝਾਤ ਮਾਰ ਕੇ ਆਪਣੇ ਐਬਾਂ ਨੂੰ ਦੇਖਣਾ ਸ਼ੁਰੂ ਕਰੋ। ਇਸ ਦੁਨੀਆਂ ਵਿਚ ਕੋਈ ਵੀ ਪਰਾਇਆ ਨਹੀਂ ਹੈ, ਇਸ ਲਈ ਸਾਰੇ ਸੰਸਾਰ ਨੂੰ ਆਪਣੀ ਬੁੱਕਲ ਵਿੱਚ ਲੈਣਾ ਸਿੱਖੋ।"

ਸਿਸਟਰ ਨਿਵੇਦਿਤਾ ਇੱਕ ਅਜਿਹੇ ਵਿਦੇਸ਼ੀ ਔਰਤ ਸੰਤ ਹਨ, ਜਿਨ੍ਹਾਂ ਦਾ ਅਸੀਂ ਆਪਣੀ ਮਿੱਟੀ ਵਿਚ ਪੈਦਾ ਹੋਏ ਸੰਤਾਂ-ਮਹਾਂਪੁਰਖਾਂ ਜਿੰਨਾ ਹੀ ਮਾਣ-ਸਤਿਕਾਰ ਕਰਦੇ ਹਾਂ। ਇਹ ਵੀ ਕੋਈ ਛੋਟੀ ਗੱਲ ਨਹੀਂ ਕਿ ਸਾਡੇ ਕੌਮੀ ਝੰਡੇ ਤਿਰੰਗੇ ਦਾ ਪਹਿਲਾ ਰੂਪ ਉਨ੍ਹਾਂ ਨੇ ਹੀ ਤਿਆਰ ਕੀਤਾ ਸੀ। ਉਨ੍ਹਾਂ ਨੇ ਆਪਣੇ ਗੁਰੂ ਸਵਾਮੀ ਵਿਵੇਕਾਨੰਦ ਦੀ ਆਗਿਆ ਮੰਨ ਕੇ ਆਪਣਾ ਸਮੁੱਚਾ ਜੀਵਨ ਭਾਰਤ ਦੀਆਂ ਅਧਿਆਤਮਿਕ ਅਤੇ ਸੱਭਿਆਚਾਰਕ ਪ੍ਰੰਪਰਾਵਾਂ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਦਾ ਜਨਮ 28 ਅਕਤੂਬਰ, 1867 ਨੂੰ ਉੱਤਰੀ ਆਇਰਲੈਂਡ ਵਿਚ ਕਾਉਂਟੀ ਟਾਇਰੋਨ ਦੇ ਇੱਕ ਸ਼ਹਿਰ ਡੰਗਨਨ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਮਾਰਗ੍ਰੇਟ ਐਲਿਜ਼ਾਬੈਥ ਨੋਬਲ ਸੀ।

ਕਿਹਾ ਜਾਂਦਾ ਹੈ ਕਿ ਜਦੋਂ ਸਾਰਾ ਭਾਰਤ ਸੁੱਤਾ ਹੁੰਦਾ ਹੈ, ਤਾਂ ਬੰਗਾਲ ਉਦੋਂ ਵੀ ਜਾਗਦਾ ਹੁੰਦਾ ਹੈ। ਬੰਗਾਲ ਦੀ ਇਸ ਉਪਜਾਊ ਮਿੱਟੀ ਨੇ ਬਹੁਤ ਸਾਰੇ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ ਅਤੇ ਇਨਕਲਾਬੀ ਦੇਸ਼-ਭਗਤਾਂ ਨੂੰ ਜਨਮ ਦਿੱਤਾ ਹੈ। ਬੰਗਾਲ ਦੇ ਜ਼ਿਲ੍ਹਾ ਬਾਹਣਬਾਰੀਆ ਦੇ ਪਿੰਡ ਖਿਓੜਾ ਵਿਖੇ 30 ਅਪ੍ਰੈਲ 1896 ਨੂੰ ਇੱਕ ਬ੍ਰਾਹਮਣ ਪਰਿਵਾਰ ਵਿਚ ਹੋਇਆ। ਭਾਰਤ ਸਰਕਾਰ ਵੱਲੋਂ ਵਿਸ਼ਵ ਰਤਨ ਪੁਰਸਕਾਰ ਨਾਲ ਸਨਮਾਨਿਤ ਮਾਤਾ ਅੰਮ੍ਰਿਤਾਨੰਦਮਈ ਵਰਤਮਾਨ ਦੇ ਬੇਹੱਦ ਸਤਿਕਾਰਯੋਗ ਔਰਤ ਗੁਰੂ ਹਨ। ਉਨ੍ਹਾਂ ਦੇ ਨਿਰਸਵਾਰਥ ਪ੍ਰੇਮ ਅਤੇ ਸਮੁੱਚੀ ਮਨੁੱਖਤਾ ਲਈ ਦਇਆ ਦੀ ਭਾਵਨਾ ਰੱਖਣ ਕਰਕੇ ਦੁਨੀਆਂ ਭਰ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ ਸਤਿਕਾਰ ਨਾਲ ਅੰਮਾ ਕਿਹਾ ਜਾਂਦਾ ਹੈ। ਉਨ੍ਹਾਂ ਦਾ ਪੂਰਾ ਜੀਵਨ ਗਰੀਬਾਂ-ਗੁਰਬਿਆਂ ਅਤੇ ਪੀੜਤ ਲੋਕਾਂ ਦੇ ਦੁੱਖ ਨੂੰ ਘੱਟ ਕਰਨ ਲਈ ਸਮਰਪਿਤ ਰਿਹਾ ਹੈ। ਉਨ੍ਹਾਂ ਦਾ ਜਨਮ ਕੇਰਲ ਦੇ ਕੋਲੱਮ ਜ਼ਿਲ੍ਹੇ ਵਿਚ ਸਥਿਤ ਕਰੁਣਾਗੱਪੱਲੀ ਪਿੰਡ ਦੀ ਮਲਿਆਲੀ ਜਾਤੀ ਮਛੇਰੇ ਵਿਚ 27 ਸਤੰਬਰ 1953 ਨੂੰ ਹੋਇਆ।

ਗੁਰੂਮਈ ਚਿਦਵਿਲਾਸਾਨੰਦਾ ਸਿੱਧ ਯੋਗ ਮਾਰਗ ਦੇ ਅਜਿਹੇ ਇਕਲੌਤੇ ਔਰਤ ਗੁਰੂ ਹਨ, ਜਿਨ੍ਹਾਂ ਨੇ ਆਪਣੇ ਗੁਰੂ ਸਵਾਮੀ ਮੁਕਤਾਨੰਦ ਦੇ ਸਰੀਰ ਤਿਆਗ ਜਾਣ ਤੋਂ ਬਾਅਦ ਵੀ ਉਨ੍ਹਾਂ ਦੇ ਦਿੱਤੇ ਮਾਰਗ ਦਰਸ਼ਨ ਮੁਤਾਬਿਕ ਕੁੰਡਲਿਨੀ ਦੁਆਰਾ ਸਾਧਕਾਂ ਦੀ ਅਧਿਆਤਮਿਕ ਊਰਜਾ ਨੂੰ ਜਗਾਉਣ ਦਾ ਕਾਰਜ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਗੁਰੂਮਈ ਚਿਦਵਿਲਾਸਾਨੰਦਾ ਦਾ ਜਨਮ 24 ਜੂਨ, 1955 ਨੂੰ ਕਰਨਾਟਕ ਦੇ ਸ਼ਹਿਰ ਮੈਂਗਲੁਰ ਵਿਖੇ ਹੋਇਆ।

ਅੰਮਾ ਸ੍ਰੀ ਕਰੁਣਾਮਈ ਦੱਖਣੀ ਭਾਰਤ ਦੇ ਬੇਹੱਦ ਹਰਮਨ ਪਿਆਰੇ ਔਰਤ ਗੁਰੂ ਹਨ, ਜਿਨ੍ਹਾਂ ਦੇ ਦਿਲ ਵਿਚ ਕੇਵਲ ਮਾਨਵਤਾ ਜਾਂ ਜੀਵ-ਜੰਤੂਆਂ ਲਈ ਹੀ ਨਹੀਂ, ਬਲਕਿ ਬਿਰਖ-ਬੂਟਿਆਂ ਪ੍ਰਤੀ ਵੀ ਅਥਾਹ ਹਮਦਰਦੀ ਅਤੇ ਉਦਾਰਤਾ ਹੈ। ਉਨ੍ਹਾਂ ਦੇ ਇਸੇ ਕਰਤਾਰੀ ਗੁਣ ਕਾਰਨ ਹੀ ਵਿਸ਼ਵ ਭਰ ਦੇ ਲੋਕ ਉਨ੍ਹਾਂ ਨੂੰ ਅੰਮਾ ਕਹਿ ਕੇ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਜਨਮ 24 ਅਕਤੂਬਰ, 1958 ਨੂੰ ਆਂਧਰਾ ਪ੍ਰਦੇਸ਼ ਵਿਖੇ ਹੋਇਆ। ਉਨ੍ਹਾਂ ਦੀ ਮਾਤ-ਭਾਸ਼ਾ ਤੇਲਗੂ ਹੈ ਅਤੇ ਤੇਲਗੂ ਭਾਸ਼ਾ ਵਿਚ ਅੰਮਾ ਦਾ ਅਰਥ ਮਾਂ ਹੁੰਦਾ ਹੈ।

ਰਿਤੰਭਰਾ ਸਾਧਵੀ ਭਾਰਤ ਦੇ ਇੱਕ ਅਜਿਹੇ ਵਿਲੱਖਣ ਸੰਤ ਹਨ, ਜਿਨ੍ਹਾਂ ਨੇ ਉਹ ਮਹਾਨ ਕਾਰਜ ਕਰ ਦਿਖਾਇਆ, ਜਿਸ ਦਾ ਉਨ੍ਹਾਂ ਤੋਂ ਪਹਿਲਾਂ ਕਿਸੇ ਹੋਰ ਸੰਤ-ਮਹਾਤਮਾ ਨੇ ਸੁਪਨਾ ਵੀ ਨਹੀਂ ਲਿਆ ਸੀ। ਉਹ ਮਹਾਨ ਕਾਰਜ ਹੈ ਉੱਤਰ ਪ੍ਰਦੇਸ਼ ਦੇ ਪਵਿੱਤਰ ਸ਼ਹਿਰ ਵਿਦਾਬਨ ਵਿਖੇ ਵਾਤਸਲਿਆ ਗ੍ਰਾਮ ਦੀ ਸਥਾਪਨਾ। ਸਰਸਰੀ ਨਿਗ੍ਹਾ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਵਾਤਸਲਿਆ ਸਾਂਝੇ ਰੂਪ ਵਿਚ ਇੱਕ ਅਨਾਥ ਆਸ਼ਰਮ, ਨਾਰੀ ਨਿਕੇਤਨ ਅਤੇ ਬਿਰਧ ਘਰ ਹੈ ਪਰ ਅਸਲ ਵਿਚ ਵਾਤਸਲਿਆ ਗ੍ਰਾਮ ਬਾਰੇ ਸਿਰਫ਼ ਇੰਨਾ ਹੀ ਕਹਿ ਦੇਣਾ ਕਾਫ਼ੀ ਨਹੀਂ ਹੈ। ਵਾਤਸਲਿਆ ਗ੍ਰਾਮ ਦੇ ਬਾਹਰ ਇੱਕ ਪੰਘੂੜਾ ਘਰ ਬਣਿਆ ਹੋਇਆ ਹੈ, ਜਿੱਥੇ ਬਹੁਤ ਸਾਰੇ ਲੋਕ ਪੈਦਾ ਹੁੰਦਿਆਂ ਹੀ ਆਪਣੇ ਬੱਚਿਆਂ ਨੂੰ ਛੱਡ ਜਾਂਦੇ ਹਨ। ਜਿਨ੍ਹਾਂ ਔਰਤਾਂ ਦੇ ਪਤੀ ਮਰ ਜਾਂਦੇ ਹਨ, ਉਨ੍ਹਾਂ ਔਰਤਾਂ ਨੂੰ ਸੰਭਾਲਦਾ ਹੈ।

ਆਨੰਦਮੂਰਤੀ ਗੁਰੂ ਮਾਂ ਦਾ ਬਚਪਨ ਦਾ ਨਾਂ ਗੁਰਪ੍ਰੀਤ ਕੌਰ ਗਰੋਵਰ ਹੈ। ਉਨ੍ਹਾਂ ਦਾ ਜਨਮ 8 ਅਪ੍ਰੈਲ 1966 ਨੂੰ ਪੰਜਾਬ ਦੇ ਸਰਹੱਦੀ ਸ਼ਹਿਰ ਅੰਮ੍ਰਿਤਸਰ ਵਿਖੇ ਹੋਇਆ। ਆਨੰਦਮੂਰਤੀ ਗੁਰੂ ਮਾਂ ਅਕਸਰ ਹੀ ਕਿਹਾ ਕਰਦੇ ਹਨ ਕਿ ਮਨੁੱਖ ਨੂੰ ਅੰਧਵਿਸ਼ਵਾਸੀ ਨਹੀਂ, ਬਲਕਿ ਖੋਜੀ ਬਣਨਾ ਚਾਹੀਦਾ ਹੈ। ਆਪਣੇ ਸਵਾਲ-ਜਵਾਬ ਨਾਲ ਸਬੰਧਿਤ ਸਮਾਗਮਾਂ ਵਿਚ ਵੀ ਉਹ ਤਰਕਸ਼ੀਲਤਾ ਨੂੰ ਬੇਹੱਦ ਉਤਸ਼ਾਹਿਤ ਕਰਦੇ ਹਨ। ਉਹ ਬਹੁਤ ਖ਼ੁਸ਼ ਹੁੰਦੇ ਹਨ।

ਲੇਖਕ ਨੇ ਇਨ੍ਹਾਂ ਮਹਾਨ ਇਸਤਰੀ ਗੁਰੂ ਸੰਤਜਨਾਂ ਦਾ ਜੀਵਨ ਅੰਕਿਤ ਕਰ ਕੇ ਵੱਡੀ ਘਾਲਣਾ ਵਾਲਾ ਕਾਰਜ ਕੀਤਾ ਹੈ। ਸਾਹਿਤਕ ਪੱਧਰ 'ਤੇ ਵੀ ਇਨ੍ਹਾਂ ਵੱਲੋਂ ਰਚੇ ਗਏ ਸਾਹਿਤ ਕਾਰਜ ਨੂੰ ਪਾਠਕ ਜਨਤਕ ਪਹੁੰਚਾਉਣ ਦਾ ਸ਼ਾਇਦ ਇਹ ਚੰਗਾ ਉਪਰਾਲਾ ਹੈ। ਮਰਦ ਸੰਤਜਨਾਂ ਦੇ ਜੀਵਨ ਬਿਰਤਾਂਤ ਇਤਿਹਾਸ ਤੇ ਸਾਹਿਤ ਦੇ ਪਿੜ ਵਿਚ ਅਕਸਰ ਮਿਲ ਜਾਂਦਾ ਹੈ ਪਰ ਇਸਤਰੀ ਸੰਤਾਂ ਬਾਰੇ ਇਹ ਕਿਤਾਬ ਮੁਲਵਾਨ ਹੈ।

# ਸਾਈਕਲਿੰਗ ਅਤੇ ਸਿਹਤ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਬਚਪਨ ਵਿਚ ਐਨਾ ਸਾਈਕਲ ਚਲਾਇਆ, ਐਨਾ ਸਾਈਕਲ ਭਜਾਇਆ ਕਿ ਮਨ ਅੱਕ-ਥੱਕ ਗਿਆ। ਫਿਰ ਕਦੇ ਨਾ ਸਾਈਕਲ ਚਲਾਇਆ, ਨਾ ਚਲਾਉਣ ਦੀ ਚਾਹ ਰਹੀ। ਦਹਾਕਿਆਂ ਦੇ ਦਹਾਕੇ ਬੀਤ ਗਏ।

ਸੈਰ, ਕਸਰਤ, ਯੋਗਾ ਮੈਨੂੰ ਲੱਗਦਾ ਏਨਾ ਤਸੱਲੀਬਖਸ਼ ਹੈ। ਸਰੀਰਕ ਸਰਗਰਮੀ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਰਿਟਾਇਰਮੈਂਟ ਬਾਅਦ ਉਮਰ ਦੇ ਇਸ ਪੜ੍ਹਾ 'ਤੇ ਸਾਈਕਲਿੰਗ ਦਾ ਸ਼ੌਕ ਜਾਗ ਪਿਆ ਹੈ। ਮੈਂ ਅਕਸਰ ਪੜ੍ਹਦਾ ਹਾਂ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਨਾ ਕੁਝ ਨਵਾਂ ਸਿੱਖਦੇ ਰਹੋ। ਨਵੀਆਂ ਕਸਰਤਾਂ, ਨਵੇਂ ਸਿਹਤ-ਗੁਰ ਅਪਣਾਉਂਦੇ ਰਹੋ।

ਫਿਰ ਜਦ ਸਾਈਕਲਿੰਗ ਦੇ ਸਿਹਤ-ਫਾਇਦਿਆਂ 'ਤੇ ਨਜ਼ਰ ਮਾਰੀ, ਤਾਂ ਮਨ ਵਿਚ ਆਇਆ ਹੋਰ ਕੀ ਚਾਹੀਦਾ ਹੈ। ਹਿੰਙ ਲੱਗੇ ਨਾ ਫੜਕੜੀ ਰੰਗ ਵੀ ਆਵੇ ਚੋਖਾ। ਇਕ ਤੀਰ ਨਾਲ ਕਈ ਨਿਸ਼ਾਨੇ।

ਐਤਵਾਰ ਨੂੰ ਹੀ ਸਾਈਕਲਾਂ ਵਾਲੇ ਬਾਜ਼ਾਰ ਜਾ ਪੁੱਜਾ। ਇਹ ਸੋਚ ਕੇ ਕਿ ਕੋਈ ਨਾ ਕੋਈ ਦੁਕਾਨ ਤਾਂ ਖੁੱਲ੍ਹੀ ਹੋਵੇਗੀ। ਮੈਂ ਹੈਰਾਨ ਹੋ ਗਿਆ ਕਿ ਸਭ ਤੋਂ ਵੱਡੀ ਦੁਕਾਨ ਖੁੱਲ੍ਹੀ ਸੀ ਅਤੇ ਗਾਹਕ ਵੀ ਵਾਹਵਾ ਸਨ। ਛੁੱਟੀ ਵਾਲਾ ਦਿਨ ਹੋਣ ਕਰਕੇ। ਬਹੁਤੇ ਬੱਚੇ ਸਨ ਆਪਣੇ ਮਾਂ-ਬਾਪ ਨਾਲ ਨਵਾਂ ਸਾਈਕਲ ਲੈਣ ਆਏ ਸਨ।

ਦੁਕਾਨ ਮਾਲਕ ਬੜਾ ਚੁਸਤ, ਬੜਾ ਸਿਆਣਾ ਸੀ। ਸਾਰਿਆਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਅਟੈਂਡ ਕਰੀ ਜਾ ਰਿਹਾ ਸੀ। ਕਦੀ ਏਧਰ ਕਦੇ ਓਧਰ। ਸਾਈਕਲ ਵੇਚੀ ਜਾ ਰਿਹਾ ਸੀ। ਗਾਹਕ ਵੀ ਖੁਸ਼ ਮਾਲਕ ਵੀ ਖੁਸ਼। ਦੁਕਾਨ ਵਾਹਵਾ ਵੱਡੀ ਸੀ। ਮਾਲਕ ਵੀ ਦੋ-ਤਿੰਨ ਜਾਣੇ ਖੜ੍ਹੇ ਸਨ। ਇਕ ਤਾਂ ਪੈਸੇ ਲੈਣ 'ਤੇ ਹੀ ਸੀ। ਚਾਰ-ਪੰਜ ਹੈਲਪਰ ਸਨ।

ਮੇਰੇ ਤੋਂ ਮੇਰੀਆਂ ਜ਼ਰੂਰਤਾਂ ਅਤੇ ਪਸੰਦ ਪੁੱਛਣ ਬਾਅਦ ਦੋ-ਤਿੰਨ ਸਾਈਕਲ ਵਿਖਾਏ, ਜਿਹੜੇ ਆਕਰਸ਼ਕ ਸਨ। ਅੱਠ ਤੋਂ ਦਸ ਹਜ਼ਾਰ ਦੀ ਕੀਮਤ ਵਾਲੇ। ਮੈਨੂੰ ਚੰਗੇ ਲੱਗੇ ਪਰ ਮਨ ਨਹੀਂ ਮੰਨਿਆ। ਚਲਾਵੇਂ ਜਿਹੇ ਸਨ। ਮੇਰੀ ਦੁਬਿਧਾ ਪਛਾਣ ਕੇ ਉਸਨੇ ਇਕ ਟੱਕ ਕਿਹਾ, "ਛੱਡੋ ਜੀ ਸਭ ਤੁਸੀਂ ਇਹ ਲੈ ਜਾਓ। ਤੁਹਾਡੇ ਲਈ ਇਹ ਸਭ ਤੋਂ ਬਿਹਤਰ ਹੈ। ਯਾਦ ਕਰੋਗੇ। ਬਰੈਂਡ ਵੀ ਤੁਹਾਡੀ ਪਸੰਦ ਵਾਂਗ ਵਧੀਆ ਅਤੇ ਕੁਆਲਟੀ ਵੀ। ਆਹ ਮੇਰਾ ਵਿਜ਼ਟਿੰਗ ਕਾਰਡ ਲੈਜੋ। ਸੱਤ ਸਾਲ ਸਾਈਕਲ ਨੂੰ ਕੁਛ ਹੋਜੇ ਇੱਥੇ ਲੈ ਆਇਓ।" ਉਹ ਇਕੋ ਸਾਹੇ ਐਨਾ ਕੁਝ ਕਹਿ ਗਿਆ। ਮੈਂ ਸਾਈਕਲ ਵੱਲ ਨਜ਼ਰ ਮਾਰੀ। ਵਧੀਆ ਸੀ। ਇੰਗਲੈਂਡ ਦਾ ਬਰੈਂਡ। ਰੇਲੀ, ਨੌਟਿੰਗਮ-ਇੰਗਲੈਂਡ। ਦਿੱਖ ਵਧੀਆ। ਰੰਗ-ਰੂਪ ਵਧੀਆ। ਹੰਢਣਸਾਰ ਤੇ ਚੱਲਣ ਵਿਚ ਹਲਕਾ-ਫੁਹਲਾ।

ਹੁਣ ਸੈਰ ਤੇ ਸਵਾਰੀ ਦੋਵੇਂ ਕਰਨ ਲੱਗਾ ਹਾਂ। ਸੈਰ ਦੇ ਆਪਣੇ ਫਾਇਦੇ, ਸਾਈਕਲ ਦੇ ਆਪਣੇ ਲਾਭ। ਮੁੱਢਲੇ ਕੁਝ ਦਿਨ ਲੱਤਾਂ-ਬਾਹਾਂ ਦੁਖਦੀਆਂ ਰਹੀਆਂ। ਥਕਾਵਟ ਵੀ ਹੋਈ। ਪਰ ਬਾਅਦ ਵਿਚ ਸੱਭ ਰਵਾਂ ਹੋ ਗਿਆ। ਦਿਮਾਗੀ ਧੁੰਦ ਗਾਇਬ ਹੋ ਗਈ। ਸਾਈਕਲਿੰਗ ਦੇ ਲਾਭ ਨਜ਼ਰ ਆਉਣ ਲੱਗੇ।

ਪੁਰਾਣੇ ਲੋਕ ਖੂਬ ਸਾਈਕਲ ਚਲਾਉਂਦੇ ਸਨ। ਡਾਕਟਰ ਕੋਲ ਬਹੁਤ ਘੱਟ ਜਾਂਦੇ ਸਨ। ਅੱਜ ਵੀ ਸਾਡੇ ਸਮਾਜ ਦਾ ਜਿਹੜਾ ਵਰਗ ਸਾਈਕਲ ਚਲਾਉਂਦਾ ਹੈ, ਉਹ ਡਾਕਟਰਾਂ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਹੈ ਕਿਉਂਕਿ ਰੋਜ਼ਾਨਾ ਸਾਈਕਲ ਚਲਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਤਣਾਅ ਘੱਟਦਾ ਹੈ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਫੇਫੜੇ ਮਜ਼ਬੂਤ ਹੁੰਦੇ ਹਨ। ਭਾਰ ਘੱਟਦਾ ਹੈ। ਮਸਲ ਤਾਕਤਵਰ ਅਤੇ ਲਚਕੀਲੇ ਹੁੰਦੇ ਹਨ। ਜੋੜ ਮਜ਼ਬੂਤ ਬਣਦੇ ਹਨ ਅਤੇ ਲਚਕ ਵੱਧਦੀ ਹੈ। ਕੈਂਸਰ ਵਰਗੀਆਂ ਬਿਮਾਰੀਆਂ ਤੋਂ ਕਿਸੇ ਹੱਦ ਤੱਕ ਬਚ ਸਕਦੇ ਹਾਂ। ਦਿਲ ਦੀ ਸਿਹਤ ਸੁਧਰਦੀ ਹੈ। ਸਰੀਰਕ ਤਾਲਮੇਲ ਬਿਹਤਰ ਬਣਦਾ ਹੈ। ਊਰਜ਼ਾ ਵਿਚ ਵਾਧਾ ਹੁੰਦਾ ਹੈ। ਪਿੱਠ ਦਰਦ ਦੂਰ ਹੁੰਦੀ ਹੈ। ਸਰੀਰ ਆਪਣੇ ਅਸਲੀ ਕੁਦਰਤੀ ਆਕਾਰ ਵਿਚ ਆ ਜਾਂਦਾ ਹੈ। ਵਿਅਕਤੀ ਸਰੀਰਕ ਮਾਨਸਿਕ ਤੌਰ 'ਤੇ ਚੁਸਤ ਰਹਿੰਦਾ ਹੈ। ਗਹਿਰੀ-ਗੂੜ੍ਹੀ ਨੀਂਦ ਆਉਂਦੀ ਹੈ। ਖੂਨ ਦਾ ਦਬਾਅ ਅਤੇ ਦਿਲ ਦੀ ਧੜਕਨ ਠੀਕ ਰਹਿੰਦੀ ਹੈ। ਜਿੰਨਾ ਸਮਾਂ ਤੁਸੀਂ ਸਾਈਕਲ ਚਲਾਉਂਦੇ ਹੋ, ਡਿਜ਼ੀਟਲ ਡਿਵਾਈਸਾਂ ਤੋਂ ਬਚੇ ਰਹਿੰਦੇ ਹੋ। ਸਰੀਰ ਦਾ ਪੋਸਚਰ ਠੀਕ ਹੁੰਦਾ ਹੈ। ਮੂਡ-ਮਾਈਂਡ ਠੀਕ ਰਹਿੰਦਾ ਹੈ। ਗੋਡਿਆਂ ਦੀਆਂ ਪ੍ਰੇਸ਼ਾਨੀਆਂ ਘੱਟਦੀਆਂ ਹਨ। ਪੈਰਾਂ, ਗਿੱਟਿਆਂ, ਲੱਕ, ਗਰਦਨ, ਬਾਹਾਂ ਅਤੇ ਹੱਥਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਪੈਟਰੋਲ-ਡੀਜ਼ਲ ਦੀ ਬਜਾਏ ਕੈਲਰੀਆਂ ਬਲਦੀਆਂ ਹਨ। ਸ਼ੂਗਰ ਦੀ ਬਿਮਾਰੀ ਦਾ ਖਤਰਾ ਘੱਟਦਾ ਹੈ। ਸਰੀਰ ਅੰਦਰ ਨਾੜੀਆਂ ਵਿਚ ਖੂਨ ਦਾ ਵਹਾਅ ਬਿਹਤਰ ਹੁੰਦਾ ਹੈ। ਰੋਜ਼ਾਨਾ 30 ਮਿੰਟ ਜਾਂ ਇਸ ਤੋਂ ਵੱਧ ਸਾਈਕਲਿੰਗ ਨਾਲ ਸਮੁੱਚੇ ਤੌਰ 'ਤੇ ਸਰੀਰ ਅਤੇ ਸਿਹਤ ਨੂੰ ਹੈਰਾਨੀਜਨਕ ਫਾਇਦੇ ਪਹੁੰਚਦੇ ਹਨ। ਪਾਚਨ-ਪ੍ਰਣਾਲੀ ਠੀਕ ਤਰ੍ਹਾਂ ਕੰਮ ਕਰਨ ਲੱਗਦੀ ਹੈ।

ਬਾਹਰ ਖੁੱਲ੍ਹੀ ਥਾਂ ਵਧੇਰੇ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਧੁੱਪ ਵਿਚੋਂ ਵਿਟਾਮਿਨ ਡੀ ਮਿਲਦਾ ਹੈ। ਸਰੀਰਕ ਤੇ ਸਿਹਤ ਪ੍ਰਤੀ ਚੇਤੰਨਤਾ ਵੱਧਦੀ ਹੈ। ਕਸਰਤ ਦਾ, ਖੇਡਾਂ ਦਾ ਸ਼ੌਕ ਪੈਦਾ ਹੁੰਦਾ ਹੈ।

ਸਾਈਕਲਿੰਗ ਨਾਲ ਬੁਢੇਪਾ ਦੂਰ ਜਾਂਦਾ ਹੈ। ਉਮਰ ਲੰਮੀ ਹੁੰਦੀ ਹੈ। ਸਵੈ-ਮਾਣ ਉੱਚਾ ਉੱਠਦਾ ਹੈ। ਚੰਗੇ ਹਾਰਮੋਨਜ਼ ਰਲੀਜ਼ ਹੋਣ ਨਾਲ ਚੰਗਾ ਮਹਿਸੂਸ ਹੁੰਦਾ ਹੈ। ਕੰਮ ਵਿਚ ਮਨ ਲੱਗਦਾ ਹੈ।

ਸਰੀਰ ਨੂੰ, ਸਿਹਤ ਨੂੰ, ਮਨ ਨੂੰ ਐਨਾ ਕੁਝ ਮਿਲਦਾ ਹੈ, ਏਨੇ ਫਾਇਦੇ ਹਨ, ਤਾਂ ਫਿਰ ਸਾਈਕਲ ਚਲਾਉਣ ਵਿਚ ਹਰਜ਼ ਕੀ ਹੈ? ਘਰ ਤੋਂ ਕੰਮ-ਕਾਰ ਵਾਲੀ, ਨੌਕਰੀ ਵਾਲੀ ਜਗ੍ਹਾ ਜੇ ਬਹੁਤੀ ਦੂਰ ਨਹੀਂ, ਤਾਂ ਆਓ ਸਾਈਕਲ 'ਤੇ ਹੀ ਚੱਲਦੇ ਹਾਂ। ਕਾਰ, ਸਕੂਟਰ ਨੂੰ ਘਰੇ ਆਰਾਮ ਕਰਨ ਦਿਓ।

# 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ ਵਰਗੇ ਚਰਚਿਤ ਗੀਤਾਂ ਦਾ ਲਿਖਾਰੀ 'ਨੂਰ ਬੱਸੀ ਪਠਾਨਾ'

## ਗੀਤਾਂ ਦੇ ਵਣਜਾਰੇ



-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਅੱਸੀ ਦੇ ਦਹਾਕੇ ਦੀ ਗੀਤਕਾਰੀ ਵਿਚ ਨੂਰ ਬੱਸੀ ਪਠਾਨਾ (ਰਣਧੀਰ ਸਿੰਘ ਨੂਰ) ਦੀ ਤੂਤੀ ਬੋਲਦੀ ਸੀ। ਕੈਸਟ ਕਲਚਰ ਦਾ ਦੌਰ ਪੂਰੇ ਜੋਬਨ 'ਤੇ ਸੀ। ਸਰਦੂਲ ਸਿਕੰਦਰ ਦੇ ਨੇੜਲੇ ਗੀਤਕਾਰਾਂ 'ਚੋਂ ਨੂਰ ਇੱਕ ਸੀ। ਉਨ੍ਹਾਂ ਦਿਨਾਂ ਵਿਚ ਸਰਦੂਲ ਤੇ ਨੂਰੀ ਦੀ ਦੋਗਾਣਾ ਟੇਪ 'ਗੋਰਾ ਰੰਗ ਦੇਈ ਨਾ ਰੱਬਾ' ਵਿਚ ਨੂਰ ਦੇ ਲਿਖੇ ਗੀਤਾਂ ਦੀ ਪੂਰੀ ਸਰਦਾਰੀ ਸੀ। ਨੂਰ ਗੀਤਕਾਰੀ ਦੇ ਨਾਲ-ਨਾਲ ਪਹਿਲਾਂ ਕਹਾਣੀਆਂ ਵੀ ਲਿਖਦਾ ਸੀ, ਜੋ ਪੰਜਾਬੀ ਅਖ਼ਬਾਰਾਂ ਤੇ 'ਹਾਣੀ' ਰਸਾਲੇ ਵਿਚ ਛਪਦੀਆਂ ਸਨ। ਇਸ ਤਰ੍ਹਾਂ ਸਾਹਿਤਕ ਖੇਤਰ ਨਾਲ ਜੁੜੇ ਹੋਣ ਕਰਕੇ ਉਸਦੇ ਗੀਤਾਂ ਵਿਚ ਰਿਸ਼ਤਿਆਂ ਦੀ ਮਰਿਆਦਾ, ਸ਼ਬਦਾਂ ਦੀ ਠੇਠਤਾ ਤੇ ਪੰਜਾਬੀਅਤ ਦੀ ਮਹਿਕ ਛਲਕਦੀ ਹੁੰਦੀ। ਉਸਨੇ ਹਮੇਸ਼ਾ ਸਮਾਜਿਕ ਦਾਇਰੇ ਵਿਚ ਰਹਿਕੇ ਗੀਤਾਂ ਦੀ ਸਿਰਜਣਾ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਦੂਲ ਸਿਕੰਦਰ ਤੇ ਅਮਰ ਨੂਰੀ ਦੇ ਗਾਏ ਦੋਗਾਣਿਆਂ ਦੀ ਮਕਬੂਲੀਅਤ ਪਿੱਛੇ ਨੂਰ ਦੀ ਕਲਮ ਦਾ ਵੀ ਅਹਿਮ ਯੋਗਦਾਨ ਰਿਹਾ ਹੈ। 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ', 'ਛੇਤੀ ਭੱਜ ਜਾ ਗਲੀ 'ਚ ਡੰਡ ਪੈ ਗਈ ਮਿੱਤਰਾ ਵੇ', 'ਗੁੱਸੇ ਰਹਿ ਜਾਂ ਰਾਜੀ', 'ਚਿੱਠੀ ਪੜ੍ਹ ਲਈ ਬੁੜੀ ਨੇ..' ਉਸਦੀ ਕਲਮ ਹਿੱਸੇ ਆਏ ਚਰਚਿਤ ਦੋਗਾਣੇ ਹਨ। ਨੂਰ ਨੇ ਸੈਂਕੜੇ ਗੀਤ ਲਿਖੇ ਹਨ, ਜਿਨ੍ਹਾਂ ਨੇ ਉਸਦੀ ਸਦੀਵੀਂ ਪਛਾਣ ਬਣਾਈ। ਗੁਰਮੀਤ ਬਾਵਾ, ਸੁਚੇਤ ਬਾਲਾ-ਸੁਰਿੰਦਰ ਬਾਵਾ, ਕੇਸਰ ਸਿੰਘ ਕੇਸਰ, ਅਨੀਤਾ ਸਮਾਣਾ, ਕੇ ਦੀਪ-ਜਗਮੋਹਨ ਕੌਰ, ਸਰਦੂਲ ਸਿਕੰਦਰ-ਅਮਰ ਨੂਰੀ, ਭੁਪਿੰਦਰ ਗਿੱਲ-ਮਿਸ ਨੀਲਮ, ਮਨਜੀਤ ਰਾਹੀ-ਦਲਜੀਤ ਕੌਰ ਸਮੇਤ ਅਨੇਕਾਂ ਨਵੇਂ ਪੁਰਾਣੇ ਗਾਇਕਾਂ ਦੀ ਆਵਾਜ਼ ਵਿਚ 300 ਤੋਂ ਵਧ ਗੀਤ ਰਿਕਾਰਡ ਕਰਵਾਉਣ ਵਾਲੇ ਇਸ ਗੀਤਕਾਰ ਦਾ ਜਨਮ 2 ਫਰਵਰੀ, 1948 ਨੂੰ ਬੱਸੀ ਪਠਾਨਾ (ਸ੍ਰੀ ਫ਼ਤਿਹਗੜ੍ਹ ਸਾਹਿਬ) ਵਿਖੇ ਮਾਤਾ ਬਲਵੀਰ ਕੌਰ ਤੇ ਪਿਤਾ ਤੇਜਾ ਸਿੰਘ ਦੇ ਘਰ ਹੋਇਆ। ਜਵਾਨੀ ਉਮਰੇ ਗੀਤ ਸੁਣਨ ਦੀ ਚੇਟਕ ਨੇ ਨੂਰ ਨੂੰ ਕਲਾ ਖੇਤਰ ਵੱਲ ਮੋੜ ਲਿਆ। ਹਰਚਰਨ ਗਰੇਵਾਲ ਤੇ ਨਰਿੰਦਰ ਬੀਬਾ ਦੇ ਗੀਤਾਂ ਨੇ ਉਸਨੂੰ ਵਧੇਰੇ ਪ੍ਰਭਾਵਤ ਕੀਤਾ। ਇਨ੍ਹਾਂ ਦੇ ਗੀਤ ਸੁਣ-ਸੁਣ ਜੁਆਨ ਹੋਏ ਨੂਰ ਦੇ ਅੰਦਰਲੇ ਗੀਤਕਾਰ ਨੇ ਅੰਗੜਾਈ ਲਈ। ਉਸ ਅੰਦਰ ਕਲਮ ਚਲਾਉਣ ਦੀ ਰੀਝ ਪੈਦਾ ਹੋਈ, ਤਾਂ ਨੂਰ ਨੇ ਗੀਤਕਾਰ ਗੁਰਦੇਵ ਮਾਨ ('ਮਿੱਤਰਾਂ ਦੀ ਲੂਣ ਦੀ ਡਲੀ') ਨੂੰ ਆਪਣਾ ਉਸਤਾਦ ਧਾਰ ਲਿਆ। ਨੂਰ ਨੇ ਦੱਸਿਆ ਕਿ ਉਨ੍ਹਾਂ ਸਮਿਆਂ ਵਿਚ ਮਨੋਰੰਜਨ ਦੇ ਸਾਧਨ ਕਾਮਰੇਡਾਂ ਦੇ ਡਰਾਮੇ, ਜਲਸੇ ਆਦਿ ਹੀ ਹੋਇਆ ਕਰਦੇ ਸੀ। ਉਨ੍ਹਾਂ ਦੇ ਇਲਾਕੇ 'ਚ ਰੱਬੀ ਬੈਰੋਪੁਰੀ ਦੇ ਡਰਾਮੇ ਬਹੁਤ ਮਸ਼ਹੂਰ ਹੁੰਦੇ ਸੀ। ਉਸ ਵੇਲੇ ਉਸਨੂੰ ਰੱਬੀ ਬੈਰੋਪੁਰੀਆ ਦੀਆਂ ਸਟੇਜਾਂ ਤੋਂ ਗਾਉਣ ਦਾ ਮੌਕਾ ਮਿਲਿਆ। ਉਦੋਂ ਉਹ ਦਸਵੀਂ ਦੇ ਪੇਪਰ ਦੇ ਹਟਿਆ ਸੀ, ਜਦ ਉਸਦਾ ਪਹਿਲਾਂ ਗੀਤ 'ਸੋਹਣੀ ਦਾ ਘੜਾ' ਗੁਰਮੀਤ ਬਾਵਾ ਦੀ ਆਵਾਜ਼ ਵਿਚ ਐੱਚ.ਐੱਮ.ਵੀ. ਤਵੇ 'ਤੇ ਰਿਕਾਰਡ ਹੋਇਆ। ਬਾਵਾ ਜੀ ਨੇ ਉਸਦਾ ਇਹ ਗੀਤ ਕਿਤਾਬ 'ਪਤਲੋ ਪਤੰਗ ਵਰਗੀ' ਵਿਚੋਂ ਪੜ੍ਹਕੇ ਰਿਕਾਰਡ ਕਰਵਾਇਆ ਸੀ।

ਨੂਰ ਬੱਸੀ ਨੇ ਜਿੰਨੇ ਵੀ ਗੀਤ ਲਿਖੇ, ਉਹ ਸਰੋਤਿਆਂ ਦੀ ਜ਼ੁਬਾਨ 'ਤੇ ਚੜ੍ਹੇ, ਜੋ ਅੱਜ ਵੀ ਤਰੋ-ਤਾਜ਼ਾ ਹਨ। ਗੀਤਕਾਰੀ ਦੇ ਸ਼ੌਕ ਨੂੰ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਉਸਨੇ ਕਦੇ ਮਨਫ਼ੀ ਨਹੀਂ ਹੋਣ ਦਿੱਤਾ। ਨੂਰ ਦੇ ਜ਼ਿਆਦਾਤਰ ਗੀਤਾਂ ਨੂੰ ਖੰਨੇ ਸ਼ਹਿਰ ਦੇ ਗਾਇਕ ਕਲਾਕਾਰਾਂ ਨੇ ਹੀ ਰੂਹ ਨਾਲ ਗਾਇਆ। ਸਮੇਂ ਦੀ ਲਿਹਾਜ਼ ਨਾਲ ਉਸਦੇਂ ਗੀਤਾਂ 'ਚੋਂ ਤਾਂਬੇ ਰੰਗੀ ਭੱਮਕ ਵੀ ਮਾਰਦੀ ਹੈ। ਉਸਦਾ ਗੀਤ 'ਟੈਰਾਲੀਨ ਤਿੰਨ ਮੇਲ ਦੀ' ਅਤੇ ਕੇਸਰ ਸਿੰਘ ਕੇਸਰ ਤੇ ਅਨੀਤਾ ਸਮਾਣਾ ਦੀ ਆਵਾਜ਼ 'ਚ 'ਗੁੰਦਵਾਂ ਸਰੀਰ ਤੇਰਾ' ਵੀ ਲੋਕਾਂ ਨੇ ਖੂਬ ਪਸੰਦ ਕੀਤਾ, ਬਾਅਦ ਵਿਚ ਇਸੇ ਗੀਤ ਨੂੰ ਕੇ ਦੀਪ-ਜਗਮੋਹਨ ਕੌਰ ਨੇ ਵੀ ਰਿਕਾਰਡ ਕਰਵਾਇਆ ਤੇ ਇਹ ਵੀ ਬੇਹੱਦ ਮਕਬੂਲ ਹੋਇਆ।

ਜਦ ਸਰਦੂਲ, ਅਮਰ ਨੂਰੀ ਦੀ ਦੋਗਾਣਾ ਗਾਇਕੀ ਦੀ ਗੱਲ ਹੁੰਦੀ ਹੈ, ਤਾਂ ਨੂਰ ਬੱਸੀ ਪਠਾਨੇ ਵਾਲੇ ਗੀਤਾਂ ਦਾ ਖ਼ਾਸ ਜ਼ਿਕਰ ਹੁੰਦਾ ਹੈ। ਨੂਰ ਨੇ ਜਿੱਥੇ ਚੁਲਬਲੇ ਗੀਤ ਲਿਖੇ, ਉਥੇ ਪਰਿਵਾਰਕ ਨੋਕ-ਝੋਕ ਵਾਲੇ ਗੀਤਾਂ ਦੀ ਵੀ ਸਿਰਜਣਾ ਕੀਤੀ। ਸਰਦੂਲ ਸਿਕੰਦਰ ਨੇ ਨੂਰ ਦੇ ਗੀਤਾਂ ਨੂੰ ਪਰਿਵਾਰਕ ਲਹਿਜੇ ਨਾਲ ਗਾ ਕੇ ਉਸਨੂੰ ਨਵੇਂ ਸਰੋਤਾ ਵਰਗ ਨਾਲ ਜੋੜਿਆ। ਸਰਦੂਲ ਦੀ ਆਵਾਜ਼ 'ਚ ਨੂਰ ਦੇ ਲਿਖੇ ਗੀਤਾਂ ਦੀ ਲਿਸਟ ਕਾਫ਼ੀ ਲੰਮੀ ਹੈ ਪਰ ਸਭ ਤੋਂ ਵੱਧ ਚਰਚਿਤ ਗੀਤਾਂ 'ਚ 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ' ਹੈ, ਜਿਸ ਨੂੰ ਪੰਜਾਬੀ ਫ਼ਿਲਮ 'ਪੁੱਤ ਸਰਦਾਰਾਂ ਦੇ' ਵਿਚ ਸਰਦੂਲ ਸਿਕੰਦਰ ਤੇ ਅਮਰ ਨੂਰੀ 'ਤੇ ਫ਼ਿਲਮਾਇਆ ਵੀ ਗਿਆ ਹੈ। ਨੂਰ ਨੇ ਦੱਸਿਆ ਕਿ ਉਸਨੇ ਜ਼ਿਆਦਾਤਰ ਗੀਤ ਸਰਦੂਲ ਦੇ ਘਰ ਰਹਿ ਕੇ ਹੀ ਲਿਖੇ। ਸਰਦੂਲ ਖੁਦ ਤਰਜ਼ ਬਣਾਉਂਦਾ ਤੇ ਉਹ ਗੀਤ ਲਿਖਦਾ। ਨੂਰ ਦੇ ਗੀਤਾਂ ਦੀ ਪੜਚੋਲ ਕਰੀਏ, ਤਾਂ ਗੀਤ 'ਗੁੱਸੇ ਰਹਿ ਜਾ ਰਾਜ਼ੀ ਵੇ ਅੱਜ ਤੇਰੀ ਮਾਂ ਖੜਕਾਉਣੀਆਂ...' ਨੂੰਹ-ਸੱਸ ਦੀ ਪਰਿਵਾਰਕ ਨੋਕ-ਝੋਕ ਪੇਸ਼ ਕਰਦਾ ਇੱਕ ਸੋਹਣਾ ਗੀਤ ਹੈ। ਇਸ ਤੋਂ ਇਲਾਵਾ

'ਚਿੱਠੀ ਪੜ੍ਹ ਲੀ ਬੁੜੀ ਨੇ.. ਗੁੱਤ ਪੁੱਟ ਕੇ ਬਣਾਤਾ ਬੁਰਾ ਹਾਲ ਮਿੱਤਰਾ' ਪਿਆਰ-ਮੁਹੱਬਤਾਂ 'ਚ ਪਏ ਪੁਆੜੇ ਦੀ ਕਹਾਣੀ ਬਿਆਨਦਾ ਦੋਗਾਣਾ ਹੈ।

ਮਨਜੀਤ ਰਾਹੀ ਤੇ ਦਲਜੀਤ ਕੌਰ ਦੀ ਜੋੜੀ ਨੇ ਵੀ ਨੂਰ ਦੇ ਗੀਤਾਂ ਨੂੰ ਗਾਇਆ ਹੈ। ਇਸ ਜੋੜੀ ਦੀ ਆਵਾਜ਼ ਵਿਚ 'ਜੰਞ ਸੋਫ਼ੀਆਂ ਦੀ, ਕੰਨਾਂ ਬਾਟੀ ਕੁਰਰ' ਅਤੇ 'ਜੀਜਾ ਕਦੇ ਰਾਤ ਨੀਂ ਰਹਿੰਦਾ', 'ਢੋਲ ਨੇ ਸ਼ਰਾਬ ਛੱਡਤੀ' ਸਮੇਤ ਤਕਰੀਬਨ 15 ਕੈਸਟਾਂ ਲਈ ਗੀਤ ਲਿਖੇ। ਇਸ ਜੋੜੀ ਨਾਲ ਵੀ ਉਸਦੀ ਕਈ ਸਾਲ ਪਰਿਵਾਰਕ ਸਾਂਝ ਰਹੀ। ਇਸ ਤੋਂ ਇਲਾਵਾ ਭੁਪਿੰਦਰ ਗਿੱਲ ਤੇ ਮਿਸ ਨੀਲਮ ਦੀ ਆਵਾਜ਼ ਵਿਚ 'ਭੂਆ ਕੋਲ ਛੁੱਟੀਆਂ 'ਚ ਆਈ ਹੋਈ ਆਂ' ਅਤੇ 'ਮਿੱਤਰਾਂ ਦਾ ਮੇਲਾ ਬਣ ਜਾਂਦਾ' ਵੀ ਕਾਫ਼ੀ ਚਰਚਿਤ ਦੋਗਾਣੇ ਹਨ।

ਧਾਰਮਿਕ ਗੀਤ 'ਨੀਂ ਗੜ੍ਹੀਏ ਚਮਕੌਰ ਦੀਏ ਦੱਸ' (ਖ਼ੂਨੀ ਸਾਕਾ) ਤੋਂ ਇਲਾਵਾ ਸਰਦੂਲ ਸਿਕੰਦਰ ਤੇ ਪਰਮਜੋਤੀ ਦੀ ਆਵਾਜ਼ 'ਚ 'ਤੇਰੇ ਪਿੰਡ ਖ਼ੂਨ ਹੋਣਗੇ' ਵੀ ਰਿਕਾਰਡ ਹੋਇਆ। ਗੁਰਮੀਤ ਬਾਵਾ ਦੇ ਪਤੀ ਕਿਰਪਾਲ ਬਾਵਾ ਨੇ ਨੂਰ ਬੱਸੀ ਪਠਾਨਾ ਦੀ ਲਿਖੀ ਲੋਕ ਗਾਥਾ 'ਰਾਣੀ ਕਿਰਨਮਈ' ਵੀ ਰਿਕਾਰਡ ਕਰਵਾਈ। ਉਪਰੋਕਤ ਕਲਾਕਾਰਾਂ ਦੇ ਇਲਾਵਾ ਨੂਰ ਦੇ ਗੀਤਾਂ ਨੂੰ 'ਬਿੱਟੂ ਖੰਨੇ ਵਾਲਾ, ਬਲਬੀਰ ਰਾਏ, ਰਾਜਿੰਦਰ ਮੰਡੀ, ਮਨਜੀਤ ਰਾਹੀ, ਗੁਲਸ਼ਨ ਕੋਮਲ, ਭਰਪੂਰ ਅਲੀ, ਹਰਬੰਸ ਰੈਲੋ-ਸੁਦੇਸ਼ ਕੁਮਾਰੀ, ਕਰਮਜੀਤ ਕੰਮਾ ਤੇ ਮਿਸ ਪੂਜਾ, ਆਦਿ ਕਲਾਕਾਰਾਂ ਨੇ ਵੀ ਨੂਰ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਮੌਜੂਦਾ ਗੀਤਕਾਰੀ ਬਾਰੇ ਉਸਦਾ ਕਹਿਣਾ ਹੈ ਕਿ ਪਹਿਲਾਂ ਗੀਤਾਂ ਵਿਚ ਕਹਾਣੀ ਸੁਣਾਈ ਜਾਂਦੀ ਸੀ, ਜਦਕਿ ਅੱਜ ਚੈਨਲਾਂ ਦਾ ਦੌਰ 'ਚ ਕਹਾਣੀ ਵਿਖਾਈ ਜਾਂਦੀ ਹੈ। ਸਿੱਧੇ ਸ਼ਬਦਾਂ ਵਿਚ ਗੀਤ ਸੁਣਨ ਦੀ ਬਜਾਏ ਵੇਖਣਯੋਗ ਹੋ ਗਏ ਹਨ ਪਰ ਨਾ ਹੁਣ ਸਰੋਤੇ ਰਹੇ ਹਨ, ਨਾ ਹੀ ਗਾਉਣ ਵਾਲੇ। ਨੂਰ ਨੂੰ ਗਿਲਾ ਹੈ ਕਿ ਉਸਦੇ ਗੀਤਾਂ ਨਾਲ ਵੀ ਛੇੜਛਾੜ ਹੋਈ ਹੈ। ਕਈ ਨਵੇਂ ਗਾਇਕਾਂ ਨੇ ਉਸਦੇ ਗੀਤ ਭੰਨ ਤੋੜ ਕੇ ਗਾਏ।

ਮਾਣ-ਸਨਮਾਨ ਦੀ ਗੱਲ ਕਰੀਏ, ਤਾਂ ਸਰਦੂਲ ਨੇ ਉਸਦੇ ਗੀਤਾਂ ਦੀ ਰਿਆਲਟੀ ਦਿੱਤੀ ਹੈ। ਸਰਦੂਲ ਵੀ ਉਸਦਾ ਬਹੁਤ ਮਾਣ-ਤਾਣ ਕਰਦਾ ਰਿਹਾ ਹੈ, ਹੋਰ ਕਿਸੇ ਨੇ ਉਸਨੂੰ ਕੱਖ ਨਹੀਂ ਦਿੱਤਾ। ਮਾਣ-ਸਨਮਾਨ ਦੀ ਰਾਜਨੀਤੀ ਤੋਂ ਦੂਰ ਨੂਰ ਬੱਸੀ ਪਠਾਨਾ ਸਰੋਤਿਆਂ ਦਾ ਪਿਆਰ ਹੀ ਅਸਲ ਸਨਮਾਨ ਮੰਨਦਾ ਹੈ। ਗੀਤਕਾਰੀ ਦੇ ਖੱਟੇ-ਮਿੱਠੇ ਤਜ਼ਰਬਿਆਂ ਨੂੰ ਹੰਡਾਉਣ ਵਾਲੇ ਨੂਰ ਬੱਸੀ ਪਠਾਨਾ ਨੂੰ ਮਾਣ ਹੈ ਕਿ ਉਸਦਾ ਪੁੱਤਰ ਕੰਵਰਦੀਪ ਸਿੰਘ ਨੂਰ ਗੀਤਕਾਰ ਨਹੀਂ, ਬਲਕਿ ਚੰਗੇ ਅਸਰ-ਰਸੂਖ ਵਾਲਾ ਨਾਮੀ ਵਕੀਲ ਹੈ। ਜ਼ਿੰਦਗੀ ਦੇ 77 ਸਾਲ ਲੰਘਾ ਚੁੱਕਿਆ ਨੂਰ ਬੱਸੀ ਪਠਾਨਾ ਭਾਵੇਂ ਪਿਛਲੇ ਕੁਝ ਮਹੀਨੇ ਬਿਮਾਰੀਆਂ 'ਚ ਘਿਰਿਆ ਰਿਹਾ, ਪਰ ਗੀਤ ਲਿਖਣ ਦੀ ਚੇਸ਼ਟਾ ਹਾਲੇ ਵੀ ਬਰਕਰਾਰ ਹੈ। ਰੂਹ ਦੀ ਖੁਰਾਕ ਲਈ ਉਹ ਆਖ਼ਰੀ ਦਮ ਤੱਕ ਲਿਖਦਾ ਰਹੇਗਾ।

# ਰਣਨੀਤੀ 'ਚ ਬਦਲਾਵ ਨਾਲ ਹੀ ਬਣ ਸਕੂ ਭਾਜਪਾ ਦਾ ਬਿਹਤਰ ਬਦਲ?

ਡਾ. ਸੁਰਿੰਦਰ ਮੰਡ
148, ਸੁੰਦਰ ਵਿਹਾਰ, ਤਲਵਾੜਾ,
ਜ਼ਿਲ੍ਹਾ ਹੁਸ਼ਿਆਰਪੁਰ
94173-24543



ਪੰਜਾਬ ਮੇਲ USA

ਚਲੰਤ ਮੁੱਦਿਆਂ ਨੂੰ ਜ਼ਰਾ ਕੁ ਪਾਸੇ ਰੱਖਦਿਆਂ ਸਿਰਫ ਮੂਲ ਤੇ ਦੂਰਰਸੀ ਖਾਸ ਸਿਆਸੀ ਪੜਚੋਲ ਕਰਨੀ ਹੈ।

ਅੱਜ ਨਰਿੰਦਰ ਮੋਦੀ ਸਿਰਫ ਆਪਣੀ ਰਣਨੀਤੀ ਤੇ ਦਾਅਪੇਚ ਨੀਤੀ ਦੇ ਬਲਬੂਤੇ ਫਿਰ ਤੀਜੀ ਵਾਰ ਸਰਕਾਰ ਬਣਾਉਣ ਵਿਚ ਸਫਲ ਹੈ, ਵਰਨਾ ਚੋਣ ਤਾਂ ਹਾਰੀ ਪਈ ਸੀ। ਮੋਦੀ ਨੇ ਉੜੀਸਾ, ਆਂਧਰਾ ਅਤੇ ਬਿਹਾਰ ਵਿਚ ਦਰੁੱਸਤ ਦਾਅਪੇਚ ਨੀਤੀ ਚੱਕਰ ਚਲਾਇਆ, ਭਾਵੇਂ ਕਿ ਮਹਾਰਾਸ਼ਟਰਾ ਵਾਲਾ ਭਲਵਾਨੀ ਦਾਅ ਪੁੱਠਾ ਵੀ ਪਿਆ।

ਜਦਕਿ ਕਾਂਗਰਸ ਬਿਹਾਰ, ਬੰਗਾਲ, ਉੜੀਸਾ, ਆਂਧਰਾ, ਤਿਲੰਗਾਨਾ ਵਿਚ ਹਾਲਾਤ ਅਨੁਸਾਰ ਚੱਲਣ ਪੱਖੋਂ ਫੇਲ੍ਹ ਸਾਬਤ ਹੋਈ ਹੈ, ਨਹੀਂ ਤਾਂ ਸਰਕਾਰ ਬਣੀ ਪਈ ਸੀ ਅਤੇ ਅੱਜ ਵੀ ਚਿੰਤਨ ਕਰਦੀ ਨਜ਼ਰ ਨਹੀਂ ਆਉਂਦੀ ਤੇ ਫੋਕੀ ਹਵਾ 'ਚ ਉੱਡੀ ਫਿਰਦੀ ਹੈ। ਇਹੀ ਘੁੰਡੀ ਖੋਲ੍ਹਣਾ ਇਸ ਲੇਖ ਦਾ ਮੁੱਖ ਮਕਸਦ ਹੈ।

ਵੇਖੋ ਕਿਵੇਂ ਮੋਦੀ ਨੇ ਐਨ ਆਖਰੀ ਮੌਕੇ ਆਂਧਰਾ 'ਚ ਚੰਦਰ ਬਾਬੂ ਨਾਇਡੂ ਹੋਰਾਂ ਨਾਲ 25 ਵਿਚੋਂ ਸਿਰਫ ਚਾਰ ਸੀਟਾਂ ਲੈ ਕੇ ਸਮਝੌਤਾ ਕੀਤਾ ਅਤੇ ਗਠਜੋੜ ਵਜੋਂ ਉਨ੍ਹਾਂ ਦੀਆਂ ਜਿੱਤੀਆਂ 19 ਸੀਟਾਂ ਦਾ ਸਮਰਥਨ ਲਿਆ। ਜਦਕਿ ਕਾਂਗਰਸ ਆਂਧਰਾ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ ਨਾਲ ਜਿਵੇਂ-ਕਿਵੇਂ ਆਖਰੀ ਮੌਕੇ ਅਜਿਹਾ ਹੀ ਸਮਝੌਤਾ ਕਰ ਸਕਦੀ ਸੀ, ਉਹ ਤਾਂ ਇਨ੍ਹਾਂ ਦੇ ਹੀ ਸਾਬਕਾ ਮੁੱਖ ਮੰਤਰੀ ਦਾ ਮੁੰਡਾ ਹੈ, ਪਰ ਹਉਮੈ ਵੱਸ ਕੁੱਝ ਨਾ ਕੀਤਾ। ਸਗੋਂ ਉਸਦੀ ਭੈਣ ਨੂੰ ਤੋੜਕੇ ਇਕੱਲੇ ਬਦਲ ਬਣਨ ਦਾ ਭਰਮ ਪਾਲਦੇ ਰਹੇ। ਪਹਿਲਾਂ ਈਂ ਅਕਲ ਹੁੰਦੀ, ਤਾਂ ਇਸਦੇ ਮੁੱਖ ਮੰਤਰੀ ਬਾਪ ਰਾਜ ਸ਼ੇਖਰ ਰੈਡੀ ਦੀ ਹੈਲੀਕਾਪਟਰ ਹਾਦਸੇ ਵਿਚ ਮੌਤ ਉਪਰੰਤ ਹੀ ਇਸਨੂੰ ਮੁੱਖ ਮੰਤਰੀ ਬਣਾ ਕੇ ਪਾਰਟੀ ਟੁੱਟਣੋਂ ਬਚਾ ਲੈਂਦੇ। ਜਦਕਿ ਦੂਜੇ ਪਾਸੇ ਮੋਦੀ ਨੇ ਹਰ ਪੱਖੋਂ ਆਪਣੇ ਘੋਰ ਵਿਰੋਧੀ, ਮੁਸਲਿਮ ਪੱਖੀ ਨਾਇਡੂ ਨਾਲ ਹੱਥ ਮਿਲਾਉਣ ਨੂੰ ਮਿੰਟ ਨਾ ਲਾਇਆ।

'ਇੰਡੀਆ' ਗਠਜੋੜ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਹਿਲਕਦਮੀ 'ਤੇ ਹੀ ਬਣਿਆ ਸੀ। ਉਹ ਚਾਰ ਮਹੀਨੇ ਗਠਜੋੜ ਦੀ ਮੀਟਿੰਗ ਕਰਨ ਦੀ ਦੁਹਾਈ ਦਿੰਦਾ ਰਿਹਾ ਤੇ ਰਾਹੁਲ ਗਾਂਧੀ ਹੁਰੀਂ ਮਹੀਨਿਆਂ ਬੱਧੀ ਯਾਤਰਾ 'ਚ ਮਸ਼ਰੂਫ ਰਹੇ। ਜੇ ਮੀਟਿੰਗ ਕੀਤੀ, ਤਾਂ ਗਠਜੋੜ ਦੇ ਕੁਝ ਛੋਹਦੇ ਤੇ ਹੋਛੇ ਲੀਡਰਾਂ ਨੇ ਬਿਨਾ ਮਤਲਬ ਖੜਗੇ ਦਾ ਨਾਮ ਲੀਡਰ ਵਜੋਂ ਉਛਾਲ ਕੇ ਨਿਤੀਸ਼ ਨੂੰ ਚਿੜਾਇਆ। ਕਾਂਗਰਸ ਨੇ ਮੀਸਣੀਂ ਚੁੱਪ ਧਾਰੀ ਰੱਖੀ। ਆਮ ਲੋਕਾਂ ਨੂੰ ਵੀ ਲੱਗਾ ਕਿ ਇਹ ਸੁਸਤ ਵੀ ਨੇ ਅਤੇ ਗਠਜੋੜ ਧਰਮ ਸਮਝ ਲਈ ਗੰਭੀਰ ਸੁਹਿਰਦ ਵੀ ਨਹੀਂ। ਨਿਤੀਸ਼ ਪਾਲਾ ਬਦਲ ਕੇ ਮੋਦੀ ਵੱਲ ਤੁਰ ਗਿਆ, ਕੁਝ ਮਜਬੂਰੀਆਂ ਵੀ ਹੋਣਗੀਆਂ ਪਰ ਨਿਤੀਸ਼ ਦੇ 'ਇੰਡੀਆ' ਛੱਡਣ ਵਿਚ ਬਹੁਤਾ ਯੋਗਦਾਨ ਇਨ੍ਹਾਂ ਨੇ ਖੁਦ ਹੀ ਪਾਇਆ। ਨਿਤੀਸ਼ ਕਾਰਨ ਬਿਹਾਰ ਦਾ ਚੋਣ ਨਤੀਜਾ (31 ਸੀਟਾਂ) ਮੋਦੀ ਸਰਕਾਰ ਬਣਨ ਦਾ ਵੱਡਾ ਕਾਰਨ ਬਣਿਆ। ਜਦੋਂ ਗੱਡੀ ਪਲੇਟਫਾਰਮ ਤੋਂ ਤੁਰ ਗਈ, ਤਾਂ ਜਿਹੜੇ ਲੋਕ ਨਿਤੀਸ਼ ਨੂੰ 'ਇੰਡੀਆ' ਦਾ ਕਨਵੀਨਰ ਬਣਨੋਂ ਰੋਕਣ ਲਈ ਇੱਲਤਾਂ ਕਰਦੇ ਸਨ, ਉਹ ਉਸਨੂੰ ਫਿਰ ਏਧਰ ਆ ਕੇ ਪ੍ਰਧਾਨ ਮੰਤਰੀ ਬਣਾਉਣ ਲਈ ਤਰਲੋ ਮੱਛੀ ਹੁੰਦੇ ਵੇਖੇ ਗਏ। ਹੁਣ ਵੀ ਨਿਤੀਸ਼ ਦੇ ਵਾਪਸ ਮੁੜ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਕਿਸੇ ਪਿੰਡ ਦੀ ਬੁੜ੍ਹੀ ਨੂੰ ਵੀ ਪੁੱਛੋ ਤਾਂ ਦੱਸਦੂ ਕਿ 'ਪੁੱਤ ਹੁਣ ਐਵੇਂ ਸਿਆਸੀ ਯੱਬ੍ਹਲ ਖੋਤੀਆਂ ਮਾਰ ਰਹੇ ਨੇ'।

ਉੜੀਸਾ ਦਾ ਮੁੱਖ ਮੰਤਰੀ ਨਵੀਨ ਪਟਨਾਇਕ ਦਸ ਸਾਲ ਮੋਦੀ ਸਰਕਾਰ ਦਾ ਸੰਸਦ ਵਿਚ ਸੇਵਾਦਾਰ ਰਿਹਾ। ਹੁਣ ਭਾਜਪਾ ਨਾਲ ਉਸਦਾ ਮੁੱਖ ਮੁਕਾਬਲਾ ਸੀ। ਕਾਂਗਰਸ ਨੂੰ ਕਿਸੇ ਵੀ ਕੀਮਤ ਉੱਤੇ ਉਸ ਨਾਲ ਸੀਟ ਸਮਝੌਤਾ ਕਰਨਾ ਬਣਦਾ ਸੀ। ਪਰ ਜ਼ੀਰੋ ਯਤਨ। ਜਦਕਿ ਮੋਦੀ ਨੇ ਆਖਿਰ ਤੱਕ ਉਸ ਨਾਲ ਚੋਣ ਸਮਝੌਤੇ ਦਾ ਡਰਾਮਾ ਰਚਿਆ। ਐਨ ਆਖਰੀ ਦਿਨ ਨਾਂਹ ਕੀਤੀ। ਤਿਕੋਣੇ ਮੁਕਾਬਲੇ 'ਚ ਭਾਜਪਾ 21 ਵਿਚੋਂ 20 ਸੀਟਾਂ ਲੈ ਗਈ। ਕਾਂਗਰਸ ਅਤੇ ਨਵੀਨ ਪਟਨਾਇਕ ਦੀਆਂ ਮਿਲਾ ਕੇ 10 ਫੀਸਦੀ ਵੋਟਾਂ ਭਾਜਪਾ ਨਾਲੋਂ ਵੱਧ ਹੋਣ ਦੇ ਬਾਵਜੂਦ ਇਨ੍ਹਾਂ ਦੇ ਹੱਥ ਵਿਚ ਛਣਕਣਾਂ ਆਇਆ। ਹੁਣ ਦੋਵੇਂ ਬੇਫੈਦਾ ਬੇਮੌਕਾ ਮੀਟਿੰਗਾਂ ਕਰਦੇ ਫਿਰਦੇ। ਤੇ ਮੋਦੀ ਉਪਰੋਕਤ ਤਿੰਨਾਂ ਸੂਬਿਆਂ





(ਬਿਹਾਰ, ਆਂਧਰਾ, ਉੜੀਸਾ) ਵਿਚ ਆਪਣੀ ਕੂਟਲਨੀਤੀ ਸਦਕਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਿਆ ਬੈਠਾ।

ਬੰਗਾਲ, ਤਿਲੰਗਾਨਾ ਵਿਚ 'ਇੰਡੀਆ' ਇਕੱਠਾ ਲੜਦਾ, ਤਾਂ ਸਾਰੀਆਂ ਸੀਟਾਂ ਜਿੱਤ ਸਕਦਾ ਸੀ। ਪਰ ਦੂਰ ਦੀ ਸੋਚ ਤੋਂ ਊਣੇ ਸਨ। ਬੰਗਾਲ ਵਿਚ ਕਾਂਗਰਸ ਨੇ ਵੱਧ ਸੀਟਾਂ ਮੰਗਣ 'ਤੇ ਸਹਿਯੋਗੀ ਮਮਤਾ ਨਾਲੋਂ ਸਮਝੌਤਾ ਤੋੜਿਆ। ਤਿਲੰਗਾਨਾ 'ਚ ਟੀ.ਆਰ.ਐੱਸ. ਵਾਲਾ ਚੰਦਰ ਸ਼ੇਖਰ ਰਾਓ ਵੀ ਤਾਂ ਬੀ.ਜੇ.ਪੀ. ਦਾ ਸਤਾਇਆ ਸੀ, ਉਸਨੂੰ ਨਾਲ ਲੈਂਦੇ। ਰਾਓ ਤਾਂ ਕਿਸਾਨ ਅੰਦੋਲਨ ਵੇਲੇ ਤੋਂ ਭਾਜਪਾ ਦੇ ਖਿਲਾਫ ਸੀ ਤੇ ਦਿੱਲੀ ਧਰਨੇ ਵੀ ਮਾਰਦਾ ਰਿਹਾ। ਇੰਜ ਦੋਵਾਂ ਸੂਬਿਆਂ ਦੀਆਂ 17 ਸੀਟਾਂ ਭਾਜਪਾ ਨੂੰ ਜਿਤਾਈਆਂ। ਅਜੇ ਹੋਰ ਵੇਖਿਓ ਭਾਜਪਾ ਦੀਆਂ ਲਚਕਾਂ ਤੇ ਲਿੱਚਬਾਜ਼ੀਆਂ।

ਬਜਟ ਵਿਚ ਮੋਦੀ ਨੇ ਜਿਹੜੇ ਬੰਗਾਲ ਵੱਲ ਨੂੰ ਜਾਂਦੀਆਂ ਸੜਕਾਂ ਲਈ ਬਿਹਾਰ ਨੂੰ ਪੈਸੇ ਦਿੱਤੇ ਹਨ, ਉਹ ਬੰਗਾਲ ਨੂੰ ਤੋੜ ਕੇ ਦੋ ਸੂਬਿਆਂ ਵਿਚ ਵੰਡਣ ਦੀ ਮੁਹਿੰਮ ਦਾ ਹਿੱਸਾ ਹੋ ਸਕਦਾ ਹੈ। ਬੰਗਾਲ ਦੇ ਬਿਹਾਰ ਵਾਲੇ ਪਾਸੇ ਜਿੱਧਰ ਭਾਜਪਾ ਜਿੱਤੀ 9 ਸੀਟਾਂ, ਉਸਨੂੰ ਵੱਖਰਾ ਸੂਬਾ ਬਣਾਉਣ ਦੀ ਸਾਜਿਸ਼ ਕਰ ਸਕਦੀ ਮੋਦੀ ਸਰਕਾਰ।

ਸੋ ਸਾਰੀ ਗੁਣਾ ਘਟਾਓ ਕਰ ਲਓ, ਭਾਜਪਾ ਦੇ ਪੱਲੇ ਸਿਰਫ 150 ਸੀਟਾਂ ਤੋਂ ਵੀ ਘੱਟ ਸਨ, ਬਾਕੀ ਸਭ ਕਾਂਗਰਸ ਦੀ ਉਪਰੋਕਤ ਸਿਆਸੀ ਨਾਸਮਝੀ, ਹਉਮੈ ਅਤੇ ਸੁਸਤੀ ਕਾਰਨ ਮਿਲੀਆਂ।

ਭਾਜਪਾ ਨੂੰ ਏਨੀਆਂ ਕੁ ਵੀ ਇਸ ਕਰਕੇ ਕਿਉਂਕਿ ਕਾਂਗਰਸ ਨੇ ਭਾਜਪਾ ਨਾਲ ਸਿੱਧੇ ਮੁਕਾਬਲੇ ਵਾਲੇ ਆਪਣੇ ਸੂਬਿਆਂ (ਮੱਧ ਪ੍ਰਦੇਸ, ਹਿਮਾਚਲ, ਉਤਰਾਖੰਡ, ਛੱਤੀਸਗੜ੍ਹ, ਗੁਜਰਾਤ) ਵਿਚੋਂ ਸਿਰਫ ਇਕ ਸੀਟ ਜਿੱਤੀ ਹੈ। ਆਂਧਰਾ ਉੜੀਸਾ ਵਿਚ ਵੀ ਜ਼ੀਰੋ ਹੈ। ਯਾਨੀ 121 ਸੀਟਾਂ ਵਿਚੋਂ ਇਕ ਜਿੱਤੀ ਕਾਂਗਰਸ। ਬੜ੍ਹਕਾਂ ਕਾਹਦੀਆਂ? ਜੇ ਅਗਲੇ ਦਿਨੀਂ ਕਾਂਗਰਸ ਇਨ੍ਹੀਂ ਥਾਈਂ ਪੂਰੀ ਗੰਭੀਰ ਹੋ ਕੇ ਨਵੇਂ ਲੋਕ ਪੱਖੀ ਰੰਗ ਵਿਚ ਅਸਲ ਮੁੱਦਿਆਂ ਉੱਤੇ ਸੰਘਰਸ਼ ਦੇ ਮੈਦਾਨ ਵਿਚ ਨਿੱਤਰ ਪਵੇ, ਤਾਂ ਭਾਜਪਾ 100 ਸੀਟਾਂ ਤੋਂ ਥੱਲੇ ਰਹੂ।

ਏਸੇ ਲਈ ਕਾਂਗਰਸ ਨੂੰ ਐਵੇਂ ਜਿੱਤ ਦੇ ਫੁਕਰੇ ਡੰਕੇ ਵਜਾਉਣ ਦੀ ਬਜਾਏ ਚਿੰਤਨ ਫਿਕਰ ਕਰਨਾ ਚਾਹੀਦਾ ਕਿ ਅੱਗੋਂ ਲਈ ਵੀ ਜੇ ਕਾਂਗਰਸ ਆਪਣੇ ਨਾਲ ਮੁਕਾਬਲੇ ਵਾਲੇ ਸੂਬਿਆਂ ਦੀ ਪਾਰਟੀ ਜਥੇਬੰਦੀ ਅਤੇ ਸਰਗਰਮੀ ਵੱਲ ਏਨਾ ਕੁ ਹੀ ਧਿਆਨ ਦਿੰਦੀ ਰਹੀ, ਤਾਂ ਸਮਝੋ ਭਾਜਪਾ ਦੀ ਜਿੱਤ ਦਾ ਕਾਰਨ ਸਿਰਫ ਕਾਂਗਰਸ ਇਵੇਂ ਹੀ ਬਣਦੀ ਰਹੇਗੀ।

ਲੰਮੀਆਂ ਯਾਤਰਾਵਾਂ ਨੇ ਰਾਹੁਲ ਗਾਂਧੀ ਦੀ ਲੀਡਰਸ਼ਿਪ ਨੂੰ ਪਾਰਟੀ ਅੰਦਰਲੀ ਚੁਣੌਤੀ ਫਿਲਹਾਲ ਖਤਮ ਕਰ ਦਿੱਤੀ ਹੈ ਅਤੇ ਪੱਪੂ ਵਾਲਾ ਪ੍ਰਭਾਵ ਵੀ ਖਤਮ ਕਰ ਦਿੱਤਾ ਹੈ। ਉਹ ਪਹਿਲੋਂ ਨਾਲੋਂ ਵੱਧ ਸਰਗਰਮ ਵੀ ਹੈ। ਪਰ ਦਿੱਖ ਪੱਖੋਂ ਠਹਿਰੇ ਹੋਏ, ਆਮ ਗੱਲਬਾਤ ਵਿਚ ਡੂੰਘੇ, ਵਿਸ਼ੇਸ਼ ਮਾਮਲਿਆਂ ਵਿਚ ਸੂਝ-ਬੂਝ ਵਾਲੇ, ਦਾਅਪੇਚ ਨੀਤੀ ਵਿਚ ਲਚਕਦਾਰ ਮਾਹਿਰ, ਵਿਦੇਸ਼ ਨੀਤੀ ਪੱਖੋਂ ਸਮਝਦਾਰ ਨੀਤੀਵਾਨ, ਜਥੇਬੰਦਕ ਫੈਸਲਿਆਂ ਦੀ ਅਕਲ ਸਮਝ, ਸਮੇਂ ਸਿਰ ਫੈਸਲੇ ਲੈਣ ਵਾਲੇ ਫੁਰਤੀਲੇ ਆਗੂ ਵਜੋਂ ਉਸਨੂੰ ਲਾਜ਼ਮੀ ਹੋਰ ਵੱਧ ਧਿਆਨ ਦੇਣਾ ਹੋਵੇਗਾ। ਸੁਧਾਰ ਦੀ ਬਹੁਤ ਲੋੜ ਹੈ। ਕਰਨਾਟਕ, ਮਹਾਂਰਾਸ਼ਟਰ, ਤਿਲੰਗਾਨਾ, ਕੇਰਲਾ, ਤਾਮਿਲਨਾਡੂ, ਹਿਮਾਚਲ, ਰਾਜਸਥਾਨ ਵਿਚੋਂ ਸਿਆਣੇ ਲੀਡਰ ਆਪਣੇ ਮੁੱਖ ਸਲਾਹਕਾਰ ਬਣਾਵੇ ਤੇ ਅੰਬਿਕਾ ਸੋਨੀ ਵਰਗੇ ਚੱਲੇ ਕਾਰਤੂਸਾਂ ਦਾ ਖਹਿੜਾ ਛੱਡੇ। ਉਸ ਲਈ ਉੱਤਰੀ ਭਾਰਤ ਦੀ ਪਾਰਟੀ ਜਥੇਬੰਦੀ ਅਤੇ ਦੇਸ਼ ਵਿਆਪੀ ਗਠਜੋੜ ਦੀ ਸਫਲਤਾ, ਪਾਸਾਰ ਇਕ ਚੁਣੌਤੀ ਵੀ ਹੈ ਅਤੇ ਪਰਖ ਵੀ।

ਦੂਜੇ ਪਾਸੇ ਭਾਵੇਂ ਮੋਦੀ ਸਰਕਾਰ ਬਣ ਗਈ ਹੈ ਪਰ ਚੋਣ ਨਤੀਜਿਆਂ ਕਰਕੇ ਮੋਦੀ/ਅਮਿਤ ਸ਼ਾਹ ਦੀ ਭਾਜਪਾ ਉੱਤੇ ਪਕੜ ਢਿੱਲੀ ਪਈ ਲੱਗਦੀ ਹੈ। ਛਿਣਕ ਕੇ ਸਾਈਡ ਕੀਤੇ ਸਾਰੇ ਲੀਡਰ, ਯੋਗੀ ਅਦਿੱਤਨਾਥ ਨਾਲ ਪੇਚਾ, ਆਰ.ਐੱਸ.ਐੱਸ. ਨਾਲ ਗੁੱਝਾ ਯੁੱਧ ਆਉਣ ਵਾਲੇ ਸਮੇਂ ਵਿਚ ਇਸ ਜੋੜੀ ਲਈ ਸ਼ੁੱਭ ਸੰਕੇਤ ਨਹੀਂ। ਵੱਡੀ ਅੰਦਰੂਨੀ ਚੁਣੌਤੀ ਹੈ। ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਲੀਡਰ ਵੀ ਪਹਿਲਾਂ ਆਪਣੀ ਪਾਰਟੀ ਦੇ ਸੰਸਦੀ ਗਰੁੱਪ ਨੇ ਨਹੀਂ ਚੁਣਿਆ, ਸ਼ਾਇਦ ਵਿਵਾਦੀ ਸੁਰਾਂ ਤੋਂ ਬਚਣ ਲਈ ਸਿੱਧਾ ਐੱਨ.ਡੀ.ਏ. ਦੇ ਜਮਘਟੇ ਰਾਹੀਂ ਚੁਣਨ ਦਾ ਜੁਗਾੜ ਕੀਤਾ ਗਿਆ। ਅੱਗੋਂ ਲਈ ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਆਂਧਰਾ, ਉੜੀਸਾ, ਹਰਿਆਣਾ, ਰਾਜਸਥਾਨ ਵਿਚ ਭਾਜਪਾ ਲਈ ਸਿਆਸੀ ਚੁਣੌਤੀ ਬਣਨ ਦੇ ਆਸਾਰ।

ਪਰ ਫਿਰ ਵੀ ਲੱਗਦਾ ਕਿ ਮੋਦੀ ਸਰਕਾਰ ਵਿਰੋਧੀ ਪਾਰਟੀਆਂ ਨੂੰ ਕੁਚਲ ਦੇਣ ਦੀ ਨੀਤੀ ਉੱਤੇ ਚਲਦੀ ਰਹੇਗੀ। ਕੇਜਰੀਵਾਲ ਨੂੰ ਜੇਲ੍ਹੋਂ ਬਾਹਰ ਨਾ ਆਉਣ ਦੇਣਾ, ਈ.ਡੀ. ਦੀ ਉਵੇਂ ਹੀ ਅਪੋਜ਼ੀਸ਼ਨ ਨੂੰ ਰਗੜ ਸੁੱਟਣ ਦੀ ਨੀਤੀ, ਇਥੋਂ ਤੱਕ ਕਿ ਨਿਤੀਸ਼ ਕੁਮਾਰ ਦੇ ਨਜ਼ਦੀਕੀਆਂ ਉੱਤੇ ਕਿਸੇ ਖਾਸ ਰਣਨੀਤੀ ਤਹਿਤ ਫਿਰ ਸ਼ਿਕੰਜਾ ਕੱਸਣਾ ਸੰਕੇਤ ਦੱਸਦੇ ਹਨ ਕਿ ਮੋਦੀ ਨੇ ਅੰਦਰੋਂ ਨੀਂ ਬਦਲਨਾ, ਬਾਹਰੋਂ ਨਿੱਜੀ ਬੜ੍ਹਕਾਂ ਅਤੇ ਆਕੜਖੋਰ ਤੇਵਰ ਮੱਠੇ ਪੈਣ ਦਾ ਵਖਾਵਾ ਜ਼ਰੂਰ ਹੋਵੇਗਾ।

ਗੱਲ ਨੀਤੀਆਂ ਦੀ ਹੈ, ਕਿਸੇ ਪਾਰਟੀ ਦੇ ਮਹਿਜ਼ ਨਾਮ ਨਾਲ ਈਰਖਾ ਕਰਨ ਦੀ ਨਹੀਂ। ਭਾਜਪਾ ਜਾਂ ਕੋਈ ਵੀ ਜੀਅ-ਸਦਕੇ ਰਾਜ ਕਰੇ। ਪਰ ਜੇ ਬੀ.ਜੇ.ਪੀ. ਦੀ ਮੋਦੀ ਸਰਕਾਰ ਨੇ ਅਮੀਰ ਕਾਰਪੋਰੇਟ ਘਰਾਣਿਆਂ ਤੋਂ ਹਜ਼ਾਰਾਂ ਕਰੋੜ ਫੰਡ ਲੈਂਦੇ ਹੋਣ ਕਰਕੇ ਫਿਰ ਉਨ੍ਹਾਂ ਪੱਖੀ ਨੀਤੀਆਂ ਹੀ ਬਣਾਉਣੀਆਂ, ਖ਼ਬਰਾਂ ਵਾਲੇ ਚੈਨਲਾਂ ਦੀ ਦੁਰਵਰਤੋਂ, ਜੇ ਆਪਣੀ ਕਾਰਗੁਜ਼ਾਰੀ ਦੱਸਣ ਦੀ ਬਜਾਏ ਜੇ ਸਿਰਫ ਮੁਸਲਿਮ ਵਿਰੋਧੀ ਪ੍ਰਚਾਰ ਨਾਲ ਹਿੰਦੂ ਤਬਕੇ ਨੂੰ ਭੜਕਾ ਕੇ ਹੀ ਹਰ ਚੋਣ ਜਿੱਤਣ ਦੀ ਨੀਤੀ ਬਣਾਉਣੀ, ਜੇ ਧਨ 'ਤੇ ਸਰਕਾਰੀ ਏਜੰਸੀਆਂ ਦੇ ਬਲਬੂਤੇ ਪਾਰਟੀਆਂ ਤੋੜਨੀਆਂ ਤੇ ਆਪਣੇ ਵੱਲ ਕਰਨੀਆਂ, ਜੇ ਮੁਲਕ ਦੇ ਵਿਕਾਸ ਦੀ ਦੂਰਗਾਮੀ ਨੀਤੀ ਨਹੀਂ ਅਪਣਾਉਣੀ, ਜੇ 80 ਕਰੋੜ ਭੁੱਖਿਆਂ ਨੰਗਿਆਂ ਭਾਰਤੀਆਂ ਨੂੰ ਪੈਰਾਂ ਉੱਤੇ ਖੜ੍ਹਾ ਕਰਨ ਦੀ ਬਜਾਏ 'ਬੁਰਕੀ ਸੁੱਟ ਤੇ ਵੋਟ ਬੁੱਚ੍ਹ' ਵਾਲੇ ਰਾਹੇ ਤੁਰਨਾ, ਜੇ ਸਿਹਤ, ਸਿੱਖਿਆ, ਸੁਰੱਖਿਆ, ਸਮਾਜ ਭਲਾਈ ਦੇ ਬਜਟ ਘਟਾਉਣੇ, ਜੇ ਸਰਕਾਰੀ ਅਦਾਰੇ ਆਪਣੇ ਬੇਲੀਆਂ ਨੂੰ ਵੇਚਣੇ, ਜੇ ਮੋਦੀ ਨੇ ਇਹ ਕੌੜਾ ਸੱਚ ਲੁਕਾਉਣਾ ਕਿ ਉਸਦੇ ਰਾਜ ਵਿਚ ਭਾਰਤ ਸਭ ਤੋਂ ਸਪੀਡ ਨਾਲ ਕਰਜ਼ਾਈ ਹੋਇਆ। 'ਇਕਨਾਮਿਕ ਟਾਈਮਜ਼' ਅਤੇ 'ਟਾਈਮਜ਼ ਆਫ ਇੰਡੀਆ' ਦੀ ਰਿਪੋਰਟ ਮੁਤਾਬਕ 2014 ਤੱਕ 67 ਸਾਲਾਂ ਵਿਚ ਮੁਲਕ ਸਿਰ 55 ਲੱਖ ਕਰੋੜ ਕਰਜ਼ ਚੜ੍ਹਿਆ। ਪਰ ਮੋਦੀ ਰਾਜ ਦੇ ਸਿਰਫ 10 ਸਾਲਾਂ ਵਿਚ 75 ਲੱਖ ਕਰੋੜ ਹੋਰ ਕਰਜ਼ਾ ਚੜ੍ਹਿਆ। ਢਾਈ ਗੁਣਾਂ ਤੋਂ ਵੀ ਵੱਧ। ਤੇ ਦੇਸ਼ ਦੇ ਕੁੱਲ ਬਜਟ ਦਾ 35 ਪ੍ਰਤੀਸ਼ਤ ਸਿਰਫ ਕਰਜ਼ੇ ਦੇ ਵਿਆਜ ਵਿਚ ਜਾਂਦਾ ਤੇ ਮੋਦੀ ਹੋਰ ਕਰਜ਼ਾ ਚੁੱਕਣ ਲਈ ਵੀ ਕਾਹਲਾ। ਕੀ ਕਮਾਈ ਤੇ ਕੀ ਵਿਕਾਸ ਕਰ ਰਹੀ ਇਹ ਸਰਕਾਰ? ਜਦਕਿ ਇਨ੍ਹਾਂ 10 ਸਾਲਾਂ ਵਿਚ ਮੋਦੀ ਸਰਕਾਰ ਨੇ ਇਨ੍ਹਾਂ ਨੂੰ ਪੈਸੇ/ਫੰਡ ਦੇਣ ਵਾਲੇ ਸਨਅਤੀ ਕਾਰਪੋਰੇਟ ਘਰਾਣਿਆਂ ਦੇ 16 ਲੱਖ ਕਰੋੜ ਕਰਜ਼ੇ ਮਾਫ਼ ਕੀਤੇ। ਵੇਖੋ ਲੋਕੋ, ਆਪਣੇ ਟੈਕਸ ਦੇ ਪੈਸਿਆਂ ਨਾਲ ਕੈਸੀ ਲੁੱਟ ਮਚਾਈ ਗਈ ਹੈ। ਜੇ ਇੰਜ ਹੈ, ਤਾਂ ਫਿਰ ਸਮਝੋ ਕਿ ਮੋਦੀ ਸਰਕਾਰ ਦੇਸ਼ ਨੂੰ ਆਰਥਿਕ, ਸਮਾਜਿਕ ਤੌਰ ਉੱਤੇ ਲੈ ਡੁੱਬੂ। ਇਹ ਬੰਦਾ/ਪਾਰਟੀ ਰਾਜ ਕਰਨ ਦੇ ਕਾਬਲ ਨਹੀਂ।

ਸਾਰੇ ਦੇਸ਼ ਭਗਤ ਲੋਕਾਂ/ਪਾਰਟੀਆਂ ਨੂੰ ਆਮ ਲੋਕਾਂ ਪੱਖੀ, ਧਰਤੀ ਦੇ ਵਾਤਾਵਰਨ ਅਨੁਕੂਲ, ਅਮਨ ਸ਼ਾਂਤੀ ਅਤੇ ਆਰਥਿਕ ਵਿਕਾਸ ਨੂੰ ਸਮਰਪਿਤ ਢੁੱਕਵਾਂ ਹੰਢਣਸਾਰ ਬਦਲ ਦੇ ਕੇ ਸੰਘਰਸ਼ ਦੇ ਮੈਦਾਨ ਵਿਚ ਨਿੱਤਰ ਪੈਣਾ ਚਾਹੀਦਾ ਹੈ। ਸਿਰਫ ਟਵੀਟ ਕਰੀ ਜਾਇਆਂ ਕੁਛ ਨੀ ਹੋਣਾ।


ਸਦੀਆਂ ਤੋਂ ਦੋ ਡੰਗ ਦੀ ਰੋਟੀ ਨੂੰ ਤਰਸਦੇ 80-90 ਕਰੋੜ ਭਾਰਤੀ ਆਪਣੀ ਜਾਤ, ਧਰਮ, ਸੂਬਾ ਭੁੱਲ ਕੇ ਇਕੱਠੇ ਹੋਣ, ਡਾਂਗ ਵਾਲਾ ਝੰਡਾ ਫੜਕੇ। ਲੋਕ ਪਖੰਡੀ, ਨਲੈਕ, ਕੁਰੱਪਟ, ਬਦਮਾਸ਼ ਸਿਆਸਤਦਾਨਾਂ ਦੇ ਚੁੰਗਲ ਵਿਚੋਂ ਬਾਹਰ ਆਉਣ, ਸਰਕਾਰ ਵੱਲੋਂ ਖੁੱਲ੍ਹੇ ਛੱਡੇ ਲੋਟੂ ਵਪਾਰੀਆਂ ਨੂੰ ਨੱਥ ਪਵੇ। ਹੋਰ ਉਡੀਕ ਨਹੀਂ। ਹੁਣ ਲੋਕ ਸਿਆਸੀ ਪਾਰਟੀਆਂ ਨੂੰ ਸਵਾਲ ਕਰਨ, ਰਾਹ ਵਿਖਾਉਣ।

'ਇੰਡੀਆ' ਗਠਜੋੜ ਸਿਰਫ ਬਿਆਨਬਾਜ਼ੀ ਜਾਂ ਚੋਣਾਂ ਮੌਕੇ ਇਕੱਠੇ ਹੋਣ ਦੀ ਸੋਚ ਛੱਡ ਕੇ, ਰੁਜ਼ਗਾਰ ਮਹਿੰਗਾਈ, ਸਾਵਾਂ ਸਨਅਤੀ ਵਿਕਾਸ, ਕਿਸਾਨਾਂ ਨੂੰ ਫਸਲਾਂ ਦੇ ਸਹੀ ਭਾਅ (ਐੱਮ.ਐੱਸ.ਪੀ.) ਦੇਣ, ਠੇਕੇਦਾਰੀ ਸਿਸਟਮ ਬੰਦ ਕਰਨ, ਸਰਕਾਰੀ ਅਦਾਰੇ ਵੇਚਣੋਂ ਰੋਕਣ ਲਈ, ਅਗਨੀਵੀਰ ਯੋਜਨਾ ਬੰਦ ਕਰਨ ਅਤੇ ਸਮਾਜਿਕ ਭਾਈਚਾਰਾ ਮਜ਼ਬੂਤ ਕਰਨ ਵਰਗੇ ਸਵਾਲਾਂ ਉੱਤੇ ਵਿਧੀਵਤ ਸੰਘਰਸ਼ ਦਾ ਬਿਗਲ ਵਜਾਵੇ। ਮੁਲਕ ਨੂੰ ਨਿਰਾਸ਼ਤਾ 'ਚੋਂ ਕੱਢੇ। 'ਵਿਸ਼ਾਲ ਦੇਸ਼ ਭਗਤ ਮੋਰਚਾ' ਬਣਾਉਣ ਵੱਲ ਧਿਆਨ ਦੇਵੇ।

ਇਤਿਹਾਸ ਇਹ ਨਾ ਕਵ੍ਹੇ ਕਿ ਇਸ ਹਸੀਨ ਭਾਰਤ ਨੂੰ ਡੁੱਬਦਿਆਂ ਵੇਖ ਲੋਕ ਨਿੱਜੀ ਹਿੱਤਾਂ ਅਤੇ ਛੋਟੀਆਂ ਸੋਚਾਂ ਕਰਕੇ ਸੁੱਤੇ ਹੀ ਰਹੇ।

# ‘ਦਿਲਾਂ ਦੀ ਜੂਹ’

## ਕਾਂਡ 21




-ਸ਼ਿਵਚਰਨ ਜੱਗੀ ਕੁੱਸਾ



ਪੰਜਾਬ ਮੇਲ USA

ਪੂਰੀ ਕੋਸ਼ਿਸ਼ ਦੇ ਬਾਵਜੂਦ ਵੀ ਅਜੇ ਜੋਰਾ ਸਿੰਘ ਨੂੰ ਕੋਈ ਕੰਮ ਨਹੀਂ ਮਿਲ਼ਿਆ ਸੀ। ਉਸ ਨੇ ‘ਜੌਬ ਸੈਂਟਰ’ ਜਾ ਕੇ ‘ਜੌਬ ਸੀਕਰ ਅਲਾਊਂਸ’ ਲਈ ਅਰਜ਼ੀ ਦੇ ਦਿੱਤੀ ਸੀ।

–“ਜੇ ਥੌਡੇ ਪਿਉ ਨੂੰ ਕੋਈ ਕੰਮ ਨਾ ਮਿਲ਼ਿਆ, ਤਾਂ ਐਹਨੂੰ ਕੁੱਤੀ ਨੂੰ ਦਿਊਂਗੀ ਪੰਜਾਲ਼ੀ ਥੱਲੇ, ਇਹਨੂੰ ਲਾਊਂਗੀ ਕੰਮ ’ਤੇ, ਚਾਹੇ ਲੀੜੇ ਸਿਉਣ, ਜਾਂ ਪੈਕਿੰਗ ’ਤੇ ਨਾ ਲਾਉਣੀ ਪਵੇ..!” ਭੂਆ ਗੁਰਮੇਲ ਕੌਰ ਜਿੰਦਰ ਵੱਲ ਹੱਥ ਕਰ ਕੇ ਬੋਲੀ।

–“ਤੇ ਘਰ ਦਾ ਕੰਮ ਕੌਣ ਕਰੂ..?” ਰੈਂਡੀ ਨੂੰ ਆਪਣਾ ਫ਼ਿਕਰ ਪੈ ਗਿਆ। ਉਸ ਨੂੰ ਜਿੰਦਰ ਦਾ ਪੂਰਾ ਸੁੱਖ ਪਿਆ ਹੋਇਆ ਸੀ। ਮਾਂ ਤਾਂ ਉਨ੍ਹਾਂ ਨੂੰ ਕਦੇ ਖਾਣਾਂ ਬਣਾ ਕੇ ਦਿੰਦੀ, ਅਤੇ ਕਦੇ ਉਨ੍ਹਾਂ ਨੂੰ ਪਿਛਲੇ ਦਿਨ ਵਾਲ਼ਾ ਬੇਹਾ ਹੀ ਖਾਣਾਂ ਪੈਂਦਾ, ਪਰ ਹੁਣ ਤਾਂ ਜਦੋਂ ਦੀ ਜਿੰਦਰ ਆਈ ਸੀ, ਨਿੱਤ ਤਾਜ਼ੀ ਦਾਲ਼-ਸਬਜ਼ੀ ਅਤੇ ਤਾਜ਼ੀ ਰੋਟੀ ਮਿਲ਼ਦੀ ਸੀ।

–“ਘਰ ਦਾ ਕੰਮ ਵੀ ਇਹੀ ਕਰੂ, ਹੋਰ ਘਰ ਦਾ ਕੰਮ ਇਹਦਾ ਪਿਉ ਕਰੂ..?” ਭੂਆ ਨੇ ਬਾਘੜ ਬਿੱਲੇ ਵਰਗਾ ਮੂੰਹ ਖੋਲ੍ਹ ਕੇ ਆਖਿਆ ਸੀ। “ਪਿਉ” ਦੇ ਨਾਂ ਨੂੰ ਜਿੰਦਰ ਦੀਆਂ ਅੱਖਾਂ ਵਿਚੋਂ ਅੱਥਰੂ ਛਲਕ ਪਏ। ਪਿਉ ਨੇ ਤਾਂ ਧੀ ਦਾ ਕਦੇ ਮੁੜ੍ਹਕਾ ਨਹੀਂ ਸਹਾਰਿਆ ਸੀ, ਇਨ੍ਹਾਂ ਜੀਓ-ਜੀਅ ਨੇ ਤਾਂ ਉਸ ਦਾ ਲਹੂ ਪੀਣਾ ਕੀਤਾ ਪਿਆ ਸੀ। ਜਿੰਦਰ ਦਾ ਮਨ ਕੀਤਾ ਕਿ ਉਨ੍ਹਾਂ ਨੂੰ ਪੁੱਛੇ ਕਿ ਬੁਲਾਇਆ ਤਾਂ ਤੁਸੀਂ ਮੈਨੂੰ ਸ਼ਾਦੀ ਕਰਨ ਵਾਸਤੇ ਸੀ, ਤੇ ਰੱਖ ਲਿਆ ਨੌਕਰਾਣੀ ਬਣਾ ਕੇ ਘਰੇ, ਹੁਣ ਮੇਰਾ ਵਿਆਹ ਕਦੋਂ ਕਰਨੈਂ...? ਪਰ ਪਤਾ ਨਹੀਂ ਕਿਉਂ, ਉਸ ਦੇ ਮੂੰਹ ’ਤੇ ਜਿੰਦਰੇ ਵੱਜੇ ਰਹਿੰਦੇ। ਉਹ ਕੁਝ ਵੀ ਕਹਿਣ ਦੀ ਹਿੰਮਤ ਨਾ ਜੁਟਾ ਪਾਉਂਦੀ। ਕਰ ਪੁੰਨ ਖਾ ਘਸੁੰਨ ਵਾਲ਼ੀ ਗੱਲ ਜਿੰਦਰ ਨਾਲ਼ ਰੋਜ਼ਾਨਾ ਬੀਤਦੀ ਸੀ। ਨਾਲ਼ੇ ਤਾਂ ਉਹ ਸਾਰੇ ਟੱਬਰ ਦਾ ਗੋਰਖ-ਧੰਦਾ ਕਰਦੀ ਅਤੇ ਨਾਲ਼ੇ ਝਿੜਕਾਂ ਖਾਂਦੀ।

ਕਈ ਵਾਰ ਰੈਂਡੀ ਖ਼ੂਨ ਨਾਲ਼ ਲਿੱਬੜੀਆਂ ਕੱਛੀਆਂ ਉਸ ਦੇ ਹੱਥ ਲਿਆ ਫ਼ੜਾਉਂਦੀ, ਜੋ ਹੁਕਮ ਮੰਨਦਿਆਂ ਜਿੰਦਰ ਨੂੰ ਭੂਆ ਫ਼ੁੱਫ਼ੜ ਤੋਂ ਚੋਰੀ ਤੁਰੰਤ ਹੱਥ ਨਾਲ਼ ਮਲ਼ ਕੇ ਧੋਣੀਆਂ ਪੈਂਦੀਆਂ। ਖ਼ੂਨ ਨਾਲ਼ ਲਿੱਬੜੀਆਂ ਕੱਛੀਆਂ ਦੇਖ ਕੇ ਜਿੰਦਰ ਨੂੰ ਉਲਟੀ ਆਉਣ ਵਾਲ਼ੀ ਹੋ ਜਾਂਦੀ। ਪਰ ਮਜਬੂਰੀ-ਵੱਸ ਉਸ ਨੂੰ ਬਘਿਆੜੀ ਰੈਂਡੀ ਦਾ ਹੁਕਮ ਮੰਨਣਾ ਪੈਂਦਾ। ਵੱਡਾ ਡਰ ਜਿੰਦਰ ਨੂੰ ਇਹ ਮਾਰਦਾ ਸੀ ਕਿ ਕਿਤੇ ਰੈਂਡੀ ਅਤੇ ਸ਼ੰਮੀ ਉਸ ਨੂੰ ਕੁੱਟਣਾ-ਮਾਰਨਾ ਨਾ ਸ਼ੁਰੂ ਕਰ ਦੇਣ..! ਬੇਮੁਹਾਰੇ ਅਤੇ ਵਿਗੜਿਆਂ ਦੀ ਉਸ ਨੇ ਕੀ ਪੂਛ ਫ਼ੜ ਲੈਣੀ ਸੀ..? ਜਿੰਦਰ ਸਵੇਰੇ ਛੇ ਵਜੇ ਉਠਦੀ ਅਤੇ ਦੇਰ ਰਾਤ ਤੱਕ ਉਸ ਦੀ ਚੱਲ ਸੋ ਚੱਲ ਹੀ ਰਹਿੰਦੀ। ਸਾਰੀ ਦਿਹਾੜੀ ਉਸ ਨੂੰ ਬੈਠਣਾ ਨਸੀਬ ਨਾ ਹੁੰਦਾ। ਕਈ ਵਾਰ ਤਾਂ ਉਹ ਰੋਟੀ ਵੀ ਖੜ੍ਹ ਕੇ ਖਾਂਦੀ। ਕਈ ਵਾਰ ਉਸ ਦਾ ਦਿਲ ਕਰਦਾ ਕਿ ਮੇਰੀ ਅੰਮੜੀ ਮਿਲ਼ ਪਵੇ ਅਤੇ ਉਸ ਦੇ ਗਲ਼ ਲੱਗ ਕੇ ਮੈਂ ਉਚੀ-ਉਚੀ ਰੋਵਾਂ। ਹੁਣ ਤਾਂ ਕਦੇ ਜਿੰਦਰ ਦੇ ਮੰਗੇਤਰ ਬਲਜੀਤ ਨੇ ਵੀ ਦਿਖਾਈ ਨਹੀਂ ਦਿੱਤੀ ਸੀ। ਸ਼ਾਇਦ ਭੂਆ ਦੇ ਡੂਮਣੇਂ ਮਖਿਆਲ਼ ਵਰਗੇ ਸੁਭਾਅ ਤੋਂ ਡਰਦਾ ਨਹੀਂ ਆਉਂਦਾ ਸੀ। ਉਨ੍ਹਾਂ ਦੇ ਘਰ ਅੱਗੇ ਗੇੜੇ ਜਿਹੇ ਕੱਢਦਾ, ਤਾਂ ਕਦੇ ਨਾ ਕਦੇ ਦਿਸ ਹੀ ਜਾਂਦਾ ਸੀ, ਪਰ ਘੰਟੀ ਮਾਰ ਕੇ ਅੰਦਰ ਆਉਣ ਦੀ ਉਸ ਦੀ ਹਿੰਮਤ ਨਾ ਪੈਂਦੀ।

ਮਾਂ-ਬਾਪ ਦੀ ਚਿੱਠੀ ਆਉਂਦੀ ਰਹਿੰਦੀ।

ਗੁਰਮੇਲ ਕੌਰ ਜਿੰਦਰ ਤੋਂ ਉਨ੍ਹਾਂ ਨੂੰ ਜਵਾਬੀ ਚਿੱਠੀ ਲਿਖਵਾ ਦਿੰਦੀ। ਜੋ ਕੁਝ ਗੁਰਮੇਲ ਕੌਰ ਕਹਿੰਦੀ, ਜਿੰਦਰ ਅੱਖਾਂ ਮੀਟ ਕੇ, ਅਤੇ ਹੁਕਮ ਮੰਨ ਕੇ ਲਿਖ ਦਿੰਦੀ। ਖ਼ਤ ਪੜ੍ਹ ਕੇ ਮਾਂ-ਬਾਪ ਖ਼ੁਸ਼ ਹੋ ਜਾਂਦੇ। ਜਿੰਦਰ ਵੱਲੋਂ ਲਿਖੀ ਚਿੱਠੀ ਉਨ੍ਹਾਂ ਲਈ ਧਰਵਾਸ ਬਣਦੀ, “ਮੈਂ ਤਾਂ ਇੱਥੇ ਸਵਰਗ ’ਚ ਆ ਗਈ ਹਾਂ, ਭੂਆ ਫ਼ੁੱਫ਼ੜ ਮੈਨੂੰ ਬੱਚਿਆਂ ਵਾਂਗ, ਅਤੇ ਰੈਂਡੀ ਤੇ ਸ਼ੰਮੀਂ ਮੈਨੂੰ ਸਕੀਆਂ ਭੈਣਾਂ ਤੋਂ ਵੱਧ ਪਿਆਰ ਕਰਦੇ ਹਨ!” ਜਿੰਦਰ ਵੱਲੋਂ ਲਿਖੇ ਅਜਿਹੇ ਸ਼ਬਦ ਉਨ੍ਹਾਂ ਲਈ ਸ਼ਕਤੀ ਬਣ ਜਾਂਦੇ ਅਤੇ ਉਹ ਇਨ੍ਹਾਂ ਸ਼ਬਦਾਂ ਸਹਾਰੇ ਹੌਸਲੇ ਨਾਲ਼ ਉਡੇ ਫ਼ਿਰਦੇ। ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਇਹ ਸ਼ਬਦ ਜਿੰਦਰ ਦੇ ਨਹੀਂ, ਜਿੰਦਰ ਦੀ ਭੂਆ ਗੁਰਮੇਲ ਕੌਰ ਦੇ ਲਿਖਵਾਏ ਹੋਏ ਸਨ।

ਸ਼ਾਮ ਦੇ ਚਾਰ ਕੁ ਵੱਜੇ ਸਨ।

ਮੌਸਮ ਅੱਜ ਕਾਫ਼ੀ ਸੁਹਾਵਣਾ ਸੀ।

ਭੂਆ ਕੰਮ ਤੋਂ ਆ ਕੇ ਆਰਾਮ ਕਰ ਰਹੀ ਸੀ। ਜਿੰਦਰ ਵਾਸ਼ਿੰਗ ਮਸ਼ੀਨ ’ਚੋਂ ਕੱਪੜੇ ਕੱਢ ਕੇ ਸੁੱਕਣੇ ਪਾ ਰਹੀ ਸੀ।

ਜੋਰਾ ਸਿੰਘ, ਰੈਂਡੀ ਅਤੇ ਸ਼ੰਮੀਂ ਵੀ ਕਿਤੇ ਬਾਹਰ ਗਏ ਹੋਏ ਸਨ।

ਅਚਾਨਕ ਦਰਵਾਜੇ ’ਤੇ ‘ਡੋਰ-ਬੈੱਲ’ ਹੋਈ।

ਜਿੰਦਰ ਨੇ ਕੱਪੜਿਆਂ ਵਾਲ਼ਾ ਟੱਬ ਰੱਖ ਕੇ ਦਰਵਾਜ਼ਾ ਜਾ ਖੋਲ੍ਹਿਆ। ਚਾਰ ਪੁਲਿਸ ਵਾਲ਼ੇ ਦਰਵਾਜ਼ੇ ਅੱਗੇ ਤਣੇਂ ਖੜ੍ਹੇ ਸਨ। ਪੁਲਿਸ ਦੀ ਧਾੜ ਦੇਖ ਕੇ ਸਹਿਮ ਨਾਲ਼ ਜਿੰਦਰ ਕਰਮ ਪਿੱਛੇ ਹਟ ਗਈ। ਉਸ ਦਾ ਕਦੇ ਪੁਲਿਸ ਨਾਲ਼ ਵਾਹ ਨਹੀਂ ਪਿਆ ਸੀ।

–“ਭੂਆ ਜੀ...!”

–“ਨ੍ਹੀ ਕੀ ਐ...?” ਗੁਰਮੇਲ ਕੌਰ ਅੱਕਿਆਂ ਹੋਇਆਂ ਵਾਂਗ ਬੋਲੀ।

–“ਪੁਲਿਸ ਆਈ ਐ..!”

ਗੁਰਮੇਲ ਕੌਰ ਹਨ੍ਹੇਰੀ ਵਾਂਗ ਪੌੜੀਆਂ ਉੱਤਰ ਆਈ।

ਪੁਲਿਸ ਵਾਲ਼ੇ ਅੰਦਰ ਲੰਘ ਆਏ ਸਨ।

–“ਸ਼ਮਿੰਦਰ ਸਿੰਘ ਏਥੇ ਹੀ ਰਹਿੰਦੈ..?” ਇੱਕ ਪੰਜਾਬੀ ਦਿੱਖ ਵਾਲ਼ੇ ਪੁਲਿਸ ਵਾਲ਼ੇ ਨੇ ਸ਼ੁੱਧ ਪੰਜਾਬੀ ਵਿਚ ਹੀ ਪੁੱਛਿਆ।

–“ਹਾਂ ਭਾਈ..! ਐਥੇ ਈ ਰਹਿੰਦੈ..!” ਗੁਰਮੇਲ ਕੌਰ ਬੋਲੀ, “ਅਸੀਂ ਸ਼ਮਿੰਦਰ ਨੂੰ ਘਰੇ ਸ਼ੰਮੀ ਕਹਿੰਨੇ ਐਂ..! ਕੀ ਹੋ ਗਿਆ ਪੁੱਤ..? ਕੀ ਗੱਲ ਐ..?”

–“ਉਹਨੂੰ ਅਸੀਂ ਅਰੈੱਸਟ ਕੀਤਾ ਹੋਇਐ, ਉਹਦੇ ਕਮਰੇ ਦੀ ਤਲਾਸ਼ੀ ਲੈਣੀ ਐਂ..!”

–“ਕਿਉਂ..?” ਗੁਰਮੇਲ ਕੌਰ ਨੂੰ ਭੰਬੂਤਾਰੇ ਦਿਸੇ।

–“ਉਹ ਤਾਂ ਜੀ ਅਸੀਂ ਨਹੀਂ ਦੱਸ ਸਕਦੇ, ਉਸ ਦਾ ਕਮਰਾ ਦਿਖਾਓ..!”

–“ਸ਼ੰਮੀ ਹੁਣ ਹੈ ਕਿੱਥੇ..?” ਗੁਰਮੇਲ ਕੌਰ ਦਾ ਸਰੀਰ ਕੰਬੀ ਜਾ ਰਿਹਾ ਸੀ।

–“ਉਹ ਹੀਥਰੋ ਏਅਰਪੋਰਟ ਪੁਲਿਸ ਸਟੇਸ਼ਨ ਦੀ ਕਸਟੱਡੀ ’ਚ ਐ..! ਤੁਸੀਂ ਸਾਨੂੰ ਉਸ ਦਾ ਕਮਰਾ ਦਿਖਾਓ..!”

ਗੁਰਮੇਲ ਕੌਰ ਅੱਗੇ ਲੱਗ ਕੇ ਪੌੜੀਆਂ ਚੜ੍ਹ ਗਈ। ਉਸ ਦਾ ਸਰੀਰ ਭਾਰ ਨਹੀਂ ਝੱਲ ਰਿਹਾ ਸੀ। ਉਸ ਦੀਆਂ ਲੱਤਾਂ ਕੰਬੀ ਜਾ ਰਹੀਆਂ ਸਨ। ਪਿੱਛੇ-ਪਿੱਛੇ ਸਾਰੇ ਪੁਲਿਸ ਵਾਲ਼ੇ ਪੌੜੀਆਂ ਚੜ੍ਹ ਗਏ। ਘਬਰਾਈ ਜਿੰਦਰ ਦਰਵਾਜੇ ਕੋਲ਼ ਬੱਗੀ ਪੂਣੀਂ ਵਾਂਗ ਹੋਈ ਖੜ੍ਹੀ ਸੀ। ਗਲਤੀ ਕੋਈ ਸ਼ੰਮੀ ਨੇ ਕੀਤੀ ਹੋਣੀ ਐਂ, ਤੇ ‘ਮਨਹੂਸ’ ਜਾਂ ‘ਕੁਲੈਹਣੀ’ ਦਾ ਇੱਕ ਹੋਰ ‘ਖ਼ਿਤਾਬ’ ਹੁਣ ਫ਼ਿਰ ਮੈਨੂੰ ਹੀ ਮਿਲੂਗਾ..! ਜਿੰਦਰ ਆਪਣੇ ਪਾਲ਼ਿਓਂ ਡਰੀ ਜਾ ਰਹੀ ਸੀ।

ਪੁਲਿਸ ਵਾਲ਼ਿਆਂ ਨੇ ਬੜੀ ਬਾਰੀਕੀ ਨਾਲ਼ ਸ਼ੰਮੀਂ ਦੇ ਕਮਰੇ ਦਾ ਜਾਇਜ਼ਾ ਲਿਆ। ਇੱਕ-ਇੱਕ ਚੀਜ਼ ਫ਼ਰੋਲ਼ ਕੇ ਦੇਖੀ। ਬੈੱਡ ਦੀਆਂ ਚਾਦਰਾਂ ਅਤੇ ਮੈਡਰਿੱਸ ਵੀ ਉਲਟਾ-ਪੁਲਟਾ ਕੇ ਦੇਖੇ।

ਤਕਰੀਬਨ ਚਾਲ਼ੀ ਕੁ ਮਿੰਟ ਦੀ ਕਾਰਵਾਈ ਬਾਅਦ ਪੁਲਿਸ ਵਾਲ਼ੇ ਹੇਠਾਂ ਉੱਤਰ ਆਏ।

–“ਪੁੱਤ ਗੱਲ ਸੁਣ..!” ਗੁਰਮੇਲ ਕੌਰ ਨੇ ਦੇਸੀ ਅਫ਼ਸਰ ਨੂੰ ਰੋਕ ਲਿਆ।

–“ਬੋਲੋ..?”

–“ਮੈਂ ਤੇਰੀ ਮਾਂਵਾਂ ਅਰਗੀ ਐਂ, ਹੁਣ ਗੱਲ ਤਾਂ ਦੱਸ ਦੇ ਬਈ ਮੇਰੇ ਪੁੱਤ ਨੂੰ ਕਿਉਂ ਫ਼ੜਿਐ..? ਉਹਦੇ ’ਤੇ ਕੇਸ ਕੀ ਐ..?”

–“ਤੁਹਾਡਾ ਮੁੰਡਾ ਬਾਲਗ ਐ, ਨਹੀਂ ਦੱਸ ਸਕਦੇ ਅੰਟੀ ਜੀ..!”

–“ਅਸੀਂ ਉਹਨੂੰ ਮਿਲ਼ ਸਕਦੇ ਐਂ, ਪੁੱਤ..?”

–“ਕੱਲ੍ਹ ਉਹਨੂੰ ਕੋਰਟ ਪੇਸ਼ ਕੀਤਾ ਜਾਊਗਾ, ਤੁਸੀਂ ਉਹਨੂੰ ਕੋਰਟ ’ਚ ਮਿਲ਼ ਸਕਦੇ ਐਂ..!”

–“ਕਿਹੜੀ ਕੋਰਟ ਪੁੱਤ..?”

–“ਆਈਸਲਵਰਥ ਕਰਾਊਨ ਕੋਰਟ..!”

–“ਜਿੰਦਰ, ਲਿਖ ਲੈ ਪੁੱਤ..!” ਅੱਜ ਪਹਿਲੀ ਵਾਰ ਭੂਆ ਜਿੰਦਰ ਨੂੰ ਮਿੱਠਾ ਬੋਲੀ ਸੀ।

ਜਿੰਦਰ ਨੇ ਪੁਲਿਸ ਵਾਲ਼ੇ ਤੋਂ ਪੁੱਛ ਕੇ ਸਾਰਾ ਐਡਰੈੱਸ ਲਿਖ ਲਿਆ।

–“ਵਕੀਲ ਉਹਨੂੰ ਕਰ ਦਿੱਤਾ ਗਿਐ, ਜੇ ਤੁਸੀਂ ਆਪਣਾ ਵਕੀਲ ਕਰਨਾ ਚਾਹੋਂ, ਤਾਂ ਉਹ ਵੀ ਕਰ ਸਕਦੇ ਓਂ..!”

–“ਤੇ ਅੱਜ ਰਾਤ ਤੁਸੀਂ ਉਹਨੂੰ ਆਬਦੇ ਕੋਲ਼ੇ ਈ ਰੱਖੋਂਗੇ ਪੁੱਤ..?”

–“ਹਾਂ ਜੀ, ਅੱਜ ਦੀ ਰਾਤ ਉਹ ਕਸਟੱਡੀ ’ਚ ਹੀ ਰਹੂਗਾ, ਅੰਟੀ..!”

–“ਵੇ ਪੁੱਤ, ਤੂੰ ਉਹਨੂੰ ਦਸ ਕੁ ਮਿੰਟ ਵੀ ਨੀ ਮਿਲ਼ਾ ਸਕਦਾ..?”

–“ਨਹੀਂ ਅੰਟੀ ਜੀ..! ਤੁਸੀਂ ਉਸ ਨੂੰ ਕੱਲ੍ਹ ਕੋਰਟ ਮਿਲਣਾ..!”

–“ਕਿੰਨੇ ਵਜੇ ਪੁੱਤ..?”

–“ਸਵੇਰੇ ਨੌਂ ਵਜੇ...!” ਤੇ ਪੁਲਿਸ ਵਾਲ਼ੇ ‘ਦਗੜ-ਦਗੜ’ ਕਰਦੇ ਤੁਰ ਗਏ। ਦਰਵਾਜ਼ੇ ਵਿਚ ਦੋ ਪੁਲਿਸ ਦੀਆਂ ਗੱਡੀਆਂ ਖੜ੍ਹੀਆਂ ਦੇਖ ਕੇ ਗੁਆਂਢੀ ਖਿੜਕੀਆਂ ਵਿਚ ਦੀ ਝਾਕ ਰਹੇ ਸਨ। ਗੁਰਮੇਲ ਕੌਰ ਢਿੱਡ ’ਚ ਮੁੱਕੀਆਂ ਦੇਈ ਬੈਠੀ ਸੀ।

–“ਕੁੜੇ ਜਿੰਦਰ..!”

–“ਹਾਂ ਭੂਆ ਜੀ..?”

–“ਕੁੜੇ ਮੈਨੂੰ ਘੁੱਟ ਕੁ ਚਾਹ ਬਣਾ ਕੇ ਦੇਹ ਪੁੱਤ..! ਮੇਰਾ ਤਾਂ ਦਿਲ ਘਟੀ ਜਾਂਦੈ..!”

–“ਬਣਾ ਦਿੰਨੀ ਐਂ ਭੂਆ ਜੀ..! ਫ਼ੁੱਫ਼ੜ ਜੀ ਨੂੰ ਫ਼ੋਨ ਕਰਾਂ..?”

–“ਕਰ ਕੁੜੇ..! ਕਰ ਫ਼ੋਨ, ਮੇਰਾ ਤਾਂ ਡਮਾਕ ਈ ਚੱਕਿਆ ਗਿਆ, ਧੀਏ..! ਇਹ ਕੰਮ ਬੰਦਿਆਂ ਦੇ ਸਾਂਭਣ ਆਲ਼ੇ ਈ ਹੁੰਦੇ ਐ ਪੁੱਤ..! ਆਪਾਂ ਤੀਮੀਆਂ ਤਾਂ ਝੱਟ ਸਾਹ-ਸਤ ਛੱਡ ਜਾਨੀਐਂ..! ਮਰਦ ਦਾ ਜਿਗਰਾ ਮਰਦ ਦਾ ਜਿਗਰਾ ਈ ਹੁੰਦੈ..!” ਗੁਰਮੇਲ ਕੌਰ ਦਾ ਰੋਣ ਨਿਕਲ਼ ਗਿਆ। ਭੂਆ ਨੂੰ ਰੋਂਦੀ ਦੇਖ ਕੇ ਜਿੰਦਰ ਦਾ ਦਿਲ ਪਸੀਜ ਗਿਆ। ਉਸ ਨੇ ਭੂਆ ਨੂੰ ਘੁੱਟ ਕੇ ਗਲਵਕੜੀ ਪਾ ਲਈ। ਭੂਆ ਨੇ ਵੀ ਜਿੰਦਰ ਦੇ ਸਿਰ ’ਤੇ ਹੱਥ ਧਰ ਲਿਆ।

ਜਿੰਦਰ ਨੇ ਫ਼ੁੱਫ਼ੜ ਜੋਰਾ ਸਿੰਘ ਨੂੰ ਫ਼ੋਨ ਕਰ ਦਿੱਤਾ।

ਰੈਂਡੀ ਰਾਤ ਦੀ ਘਰ ਹੀ ਨਹੀਂ ਆਈ ਸੀ।

ਅਜੇ ਗੁਰਮੇਲ ਕੌਰ ਚਾਹ ਪੀ ਹੀ ਰਹੀ ਸੀ ਕਿ ਜੋਰਾ ਸਿੰਘ ਪਹੁੰਚ ਗਿਆ। ਗੁਰਮੇਲ ਕੌਰ ਲਈ ਜਿਵੇਂ ਰੱਬ ਬਹੁੜ ਪਿਆ ਸੀ। ਅੱਜ ਜੋਰਾ ਸਿੰਘ ਉਸ ਨੂੰ ਬਹੁਤ ਹੀ ਚੰਗਾ-ਚੰਗਾ ਜਿਹਾ ਲੱਗਿਆ। ਜੋਰਾ ਸਿੰਘ ਜਿਵੇਂ ਕੋਈ ‘ਕਵਚ’ ਸੀ, ਜਿਸ ਦੀ ਢਾਲ਼ ਨੇ ਸ਼ੰਮੀ ਨੂੰ ਤੱਤੀ ‘ਵਾਅ ਨਹੀਂ ਲੱਗਣ ਦੇਣੀ ਸੀ। ਜੋਰਾ ਸਿੰਘ ਕੋਈ ਕਿਲ੍ਹਾ ਸੀ, ਜਿਸ ਦੀ ਚਾਰ ਦੀਵਾਰੀ ਅੰਦਰ ਉਹ ਮਹਿਫ਼ੂਜ਼ ਸਨ।

–“ਕੀ ਗੱਲ ਹੋਗੀ..?” ਜੋਰਾ ਸਿੰਘ ਬੋਲਿਆ।

ਗੁਰਮੇਲ ਕੌਰ ਨੇ ਸਾਰੀ ਕਹਾਣੀ ਕਹਿ ਸੁਣਾਈ।

ਉਸ ਨੇ ਆਪਣੇ ਇੱਕ ਜਾਣੂੰ ਵਕੀਲ ਨੂੰ ਫ਼ੋਨ ਮਿਲ਼ਾ ਲਿਆ।

ਜਿੰਦਰ ਨੇ ਜੋਰਾ ਸਿੰਘ ਨੂੰ ਚਾਹ ਲਿਆ ਕੇ ਦੇ ਦਿੱਤੀ।

–“ਜਦ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਬਾਲਗ ਹੋਵੇ, ਫ਼ੇਰ ਪੁਲਿਸ ਵਾਲ਼ੇ ਮਾਂ-ਬਾਪ ਨੂੰ ਕੁਛ ਨੀ ਦੱਸਦੇ, ਇਹ ਤਾਂ ਪਤਾ ਕਰਕੇ ਵਕੀਲ ਹੀ ਦੱਸੂਗਾ, ਤੇ ਵਕੀਲ ਅਗਲੇ ਕਸਟੱਡੀ ਵਿਚ ਹੀ ਮੁਹੱਈਆ ਕਰਵਾ ਦਿੰਦੇ ਐ..! ਕਸਟੱਡੀ ਵਿਚ ਵਕੀਲਾਂ ਦੀ ਲਿਸਟ ਲੱਗੀ ਹੁੰਦੀ ਐ, ਅਗਲਾ ਆਪੇ ਚੁਣ ਲੈਂਦੈ..!”

–“ਵਕੀਲ ਦਾ ਖਰਚਾ-ਬਰਚਾ...?”

–“ਜੇ ਤਾਂ ਬੰਦੇ ਕੋਲ਼ ਖਰਚਾ ਝੱਲਣ ਜੋਕਰਾ ਤਮਾਨ ਹੁੰਦੈ, ਤਾਂ ਠੀਕ ਐ, ਨਹੀਂ ਤਾਂ ਵਕੀਲ ਦਾ ਸਾਰਾ ਖਰਚਾ ਗੌਰਮਿੰਟ ਭਰਦੀ ਐ..! ਤੁਹਾਡਾ ਮੁੰਡਾ ਕਰਦਾ ਕੀ ਐ..?”

–“ਯੂਨੀ ਜਾਂਦੈ, ਤੇ ਹਫ਼ਤੇ ’ਚ ਦੋ ਦਿਨ ਕੰਮ ਕਰਦੈ..!”

–“ਫ਼ੇਰ ਤੁਸੀਂ ਚਿੰਤਾ ਨਾ ਕਰੋ..! ਵਕੀਲ ਦਾ ਖਰਚਾ ਗੌਰਮਿੰਟ ਈ ਦਿਊਗੀ..!”

–“ਹੁਣ ਸਾਨੂੰ ਕੀ ਕਰਨਾ ਚਾਹੀਦੈ..?”

–“ਤੁਸੀਂ ਕੱਲ੍ਹ ਤੱਕ ਅਰਾਮ ਨਾਲ਼ ਬੈਠੋ, ਤੇ ਕੱਲ੍ਹ ਕੋਰਟ ਜਾਓ, ਓਥੇ ਉਸ ਦਾ ਵਕੀਲ ਆਊਗਾ ਈ, ਤੇ ਵਕੀਲ ਨੇ ਸਾਰਾ ਕੁਛ ਥੋਨੂੰ ਦੱਸ ਈ ਦੇਣੈਂ...!”

–“ਤੇ ਉਹਦੀ ਜ਼ਮਾਨਤ..?”

–“ਜ਼ਮਾਨਤ ਦੀ ਅਰਜ਼ੀ ਤਾਂ ਵਕੀਲ ਨੇ ਪਾ ਈ ਦੇਣੀਂ ਐਂ..! ਉਹ ਵਕੀਲ ਦਾ ਕੰਮ ਐਂ..!”

ਫ਼ੋਨ ਕੱਟੇ ਗਏ।

ਰਹਿੰਦਾ ਸਮਾਂ ਖ਼ਾਸ ਤੌਰ ’ਤੇ ਗੁਰਮੇਲ ਕੌਰ ਵਾਸਤੇ ਪਹਾੜ ਬਣ ਗਿਆ। ਉਨ੍ਹਾਂ ਨੂੰ ਇਹ ਸਮਝ ਨਹੀਂ ਲੱਗ ਰਹੀ ਸੀ ਕਿ ਸ਼ੰਮੀ ਨੇ ਅਪਰਾਧ ਕੀ ਕੀਤਾ ਸੀ, ਜਿਹੜਾ ਪੁਲਿਸ ਵਾਲ਼ੇ ਵੀ ਮੂੰਹ ਨਹੀਂ ਖੋਲ੍ਹ ਰਹੇ ਸਨ। ਜੋਰਾ ਸਿੰਘ ਵੀ ਇਸ ਦੁਬਿਧਾ ਵਿਚ ਪਿਆ ਹੋਇਆ ਸੀ।

–“ਚੱਲ ਕੱਪੜੇ ਪਾ, ਆਪਾਂ ਪੁਲਿਸ ਸਟੇਸ਼ਨ ਚੱਲੀਏ..!’ ਜੋਰਾ ਸਿੰਘ ਨੇ ਗੁਰਮੇਲ ਕੌਰ ਨੂੰ ਕਿਹਾ। ਉਸ ਨੂੰ ਅੱਚਵੀ ਲੱਗੀ ਹੋਈ ਸੀ।

ਗੁਰਮੇਲ ਕੌਰ ਨੇ ਕੱਪੜੇ ਬਦਲੇ ਅਤੇ ਉਹ ਆਪਣੀ ਕਾਰ ਲੈ ਪੁਲਿਸ ਸਟੇਸ਼ਨ ਆ ਗਏ।

ਦੋ ਗੋਰੇ ਅਤੇ ਇੱਕ ਪੱਗ ਵਾਲ਼ਾ ਪੁਲਿਸ ਕਾਂਸਟੇਬਲ ਬੈਠੇ ਸਨ।

ਜੋਰਾ ਸਿੰਘ ਨੇ ਸ਼ਮਿੰਦਰ ਦਾ ਵੇਰਵਾ ਦੇ ਕੇ ਦੱਸਿਆ ਤਾਂ ਕਾਂਸਟੇਬਲ ਨੇ ਘਰ ਆਏ ਪੁਲਿਸ ਵਾਲ਼ੇ ਵਾਲ਼ੀ ਗੱਲ ਦੁਹਰਾ ਦਿੱਤੀ ਕਿ ਸ਼ਮਿੰਦਰ ਨੂੰ ਤੁਸੀਂ ਕੱਲ੍ਹ ਅਦਾਲਤ ਹੀ ਮਿਲ਼ ਸਕਦੇ ਹੋ! ਸ਼ੰਮੀਂ ਦੇ ਕੇਸ ਬਾਰੇ ਵੀ ਪੁਲਿਸ ਵਾਲ਼ਿਆਂ ਨੇ ਕੁਝ ਨਹੀਂ ਦੱਸਿਆ। ਬੱਸ ਓਹੀ ਰਟ ਲਾਈ ਰੱਖੀ, “ਕੱਲ੍ਹ ਅਦਾਲਤ ਵਿਚ ਜਾ ਕੇ ਪਤਾ ਕਰੋ..!”

ਗੁਰਮੇਲ ਕੌਰ ਅਤੇ ਜੋਰਾ ਸਿੰਘ ਢੇਰੀ ਜਿਹੀ ਢਾਹ ਕੇ ਮੁੜ ਆਏ।

ਗੁਰਮੇਲ ਕੌਰ ਨੂੰ ਸਾਰੀ ਰਾਤ ਮਸਾਂ ਲੰਘੀ।

ਅਗਲੇ ਦਿਨ ਉਹ ਨੌਂ ਵਜੇ ਤੋਂ ਪਹਿਲਾਂ ਹੀ ਕਰਾਊਨ ਕੋਰਟ ਪਹੁੰਚ ਗਏ।

ਕੋਰਟ ਦੇ ਬਾਹਰ ਲੱਗੀ ਲਿਸਟ ਵਿਚ ਸ਼ੰਮੀਂ ਦਾ ਨਾਂ ਲਿਖਿਆ ਹੋਇਆ ਸੀ। ਸਮਾਂ ਦਸ ਵੱਜ ਕੇ ਤੀਹ ਮਿੰਟ ਦਾ ਸੀ।

ਜੋਰਾ ਸਿੰਘ ਸ਼ਾਂਤ ਸੀ। ਪਰ ਗੁਰਮੇਲ ਕੌਰ ਦਾ ਇੱਕ-ਇੱਕ ਪਲ ਵਰ੍ਹੇ ਵਾਂਗ ਲੰਘਦਾ ਸੀ।

ਅਖੀਰ ਸਵਾ ਕੁ ਦਸ ਵਜੇ ਸ਼ੰਮੀਂ ਦਾ ਵਕੀਲ ਪਹੁੰਚਿਆ। ਵਕੀਲ ਗੁਜਰਾਤੀ ਸੀ। ਹਿੰਦੀ ਵੀ ਬੋਲਦਾ ਸੀ।

–“ਆਪ ਸ਼ਵਿੰਦਰ ਸਿੰਘ ਕੇ ਪੇਰਿੰਟਸ ਹੈਂ..?”

–“ਜੀ...! ਹਮ ਸ਼ਮਿੰਦਰ ਸਿੰਘ ਕੇ ਮਾਂ-ਬਾਪ ਹੈਂ..!” ਜੋਰਾ ਸਿੰਘ ਅਤੇ ਗੁਰਮੇਲ ਕੌਰ ਲਪਕ ਕੇ ਉਸ ਵੱਲ ਗਏ।

–“ਸ਼ਮਿੰਦਰ ਸਿੰਘ ਕੀ ਜ਼ਮਾਨਤ ਕੀ ਅਰਜ਼ੀ ਪਾ ਦੀ ਗਈ ਹੈ, ਉਮੀਦ ਹੈ ਉਸ ਕੋ ਆਜ ਜ਼ਮਾਨਤ ਮਿਲ ਜਾਏਗੀ..!”

–“ਪਰ ਵਕੀਲ ਸਾਹਿਬ, ਕੇਸ ਕੀ ਹੈ..?”

....ਅਸਲ ਵਿਚ ਕਸੂਰ ਬਹੁਤਾ ਸ਼ੰਮੀਂ ਦਾ ਵੀ ਨਹੀਂ ਸੀ। ਜਿਸ ਮਕੈਨਿਕ ਕੋਲ਼ੋਂ ਉਹ ਆਪਣੀ ਕਾਰ ਦੀ ਮੁਰੰਮਤ ਕਰਵਾਉਂਦਾ ਸੀ, ਉਹ ਵੀ ਦਿੱਲੀ ਤੋਂ ਆਇਆ ਬੰਦਾ ਸੀ। ਸ਼ੰਮੀਂ ਦੀ ਕਾਰ ਦਾ ‘ਰੈਗੂਲੇਟਰ’ ਖ਼ਰਾਬ ਹੋਇਆ, ਤਾਂ ਉਹ ਆਪਣੀ ਕਾਰ ਉਸ ਦਿੱਲੀ ਵਾਲ਼ੇ ਜਾਣਕਾਰ ਦੀ ਵਰਕਸ਼ਾਪ ’ਚ ਲੈ ਗਿਆ।

–“ਨਵਾਂ ਰੈਗੂਲੇਟਰ ਪੰਜਾਹ ਪੌਂਡ ਦਾ ਹੈ...!” ਮਕੈਨਿਕ ਨੇ ਦੱਸਿਆ।

–“ਯਾਰ ਘੱਟ ਕਰ ਲੈ, ਪੰਜਾਹ ਤਾਂ ਮੇਰੇ ਕੋਲ਼ ਹੈਨ੍ਹੀ..!” ਸ਼ੰਮੀਂ ਬੋਲਿਆ।

–“ਕੱਲ੍ਹ ਸਵੇਰੇ ਮੇਰੇ ਨਾਲ਼ ਇੱਕ ਕਾਰ ਚਕਵਾ ਲਿਆ, ਤੇਰਾ ਰੈਗੂਲੇਟਰ ਮੁਫ਼ਤ ਪਾ ਦਿਊਂਗਾ..!” ਉਸ ਨੇ ਸ਼ਰਤ ਰੱਖੀ।

–“ਕਾਰ ਖੜ੍ਹੀ ਕਿੱਥੇ ਐ..?”

–“ਪੰਜ ਕੁ ਮੀਲ ’ਤੇ ਖੜ੍ਹੀ ਐ..!” ਮਕੈਨਿਕ ਨੇ ਦੱਸਿਆ। ਅਸਲ ਵਿਚ ਮਕੈਨਿਕ ‘ਕਾਰ ਚੋਰ’ ਸੀ। ਤੁਰਿਆ ਫ਼ਿਰਦਾ ਉਹ ਮਹਿੰਗੀਆਂ ਕਾਰਾਂ ’ਤੇ ਅੱਖ ਰੱਖਦਾ ਅਤੇ ਕਿਸੇ ਦੀ ਮਦਦ ਨਾਲ਼ ਰਾਤ-ਬਰਾਤੇ ਉਹ ਕਾਰ ਚੁੱਕ ਲਿਆਉਂਦਾ ਅਤੇ ਇੱਕ ਹੋਰ ਗੈਰਾਜ ਵਿਚ ਲਿਆ ਕੇ ਉਹ ਕਾਰ ‘ਖਿਲਾਰ’ ਕੇ, ਉਸ ਦੇ ਪੁਰਜ਼ੇ ਕੱਢ ਕੇ ਖਰਾਬ ਹੋਈਆਂ ਕਾਰਾਂ ਵਿਚ ਪਾਉਂਦਾ। ਇਸ ਕੰਮ ਤੋਂ ਉਸ ਨੂੰ ਮੋਟੀ ਕਮਾਈ ਹੋ ਰਹੀ ਸੀ। ਪਰ ਇਸ ਗੱਲ ਦਾ ਸ਼ੰਮੀਂ ਨੂੰ ਨਹੀਂ ਪਤਾ ਸੀ। ਪੰਜਾਹ ਪੌਂਡ ਦੇ ਲਾਲਚ ਵਿਚ ਉਹ ਮਕੈਨਿਕ ਦੇ ਨਾਲ਼ ਕਾਰ ਚੁਕਵਾਉਣ ਲਈ ਸਹਿਮਤ ਹੋ ਗਿਆ। ਪਰ ਉਸ ਨੂੰ ਇਹ ਖ਼ਬਰ ਨਹੀਂ ਸੀ ਕਿ ਕਾਰ ਚੋਰੀ ਕਰਨੀ ਸੀ!

ਅਗਲੇ ਦਿਨ ਸਵੇਰੇ ਸਾਝਰੇ ਹੀ ਉਨ੍ਹਾਂ ਨੇ “ਟੋਅ-ਟਰੱਕ” ਕਾਰ ਦੇ ਨਾਲ਼ ਜਾ ਲਾਇਆ। ਸ਼ੰਮੀਂ ਅਤੇ ਮਕੈਨਿਕ ਨੇ ਕੰਮ ਵਾਲ਼ੇ ਦਸਤਾਨੇ ਪਾਏ ਹੋਏ ਸਨ। ਚੈਨ ਪਾ ਕੇ ਉਨ੍ਹਾਂ ਨੇ ਗੱਡੀ ਟਰੱਕ ਦੇ ਨੇੜੇ ਕਰ ਲਈ ਅਤੇ ਉਪਰ ਚਾੜ੍ਹਨੀ ਸ਼ੁਰੂ ਕਰ ਦਿੱਤੀ। ਅਜੇ ਉਹ ਕਾਰ ਟਰੱਕ ਉਪਰ ਚਾੜ੍ਹ ਹੀ ਰਹੇ ਸਨ ਕਿ ਕਾਰ ਦੇ ਮਾਲਕ ਨੇ ਉਪਰੋਂ ਖਿੜਕੀ ਵਿਚ ਦੀ ਦੇਖ ਲਿਆ ਅਤੇ ਪੁਲਿਸ ਨੂੰ ਫ਼ੋਨ ਕਰ ਦਿੱਤਾ। ਟਰੱਕ ਦੇ ਅੱਗੜ-ਪਿੱਛੜ ਪੁਲਿਸ ਦੀਆਂ ਦੋ ਕਾਰਾਂ ਆ ਲੱਗੀਆਂ ਅਤੇ ਛੇ ਪੁਲਿਸ ਵਾਲ਼ਿਆਂ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ।

–“ਇਹ ਕਾਰ ਤੁਹਾਡੀ ਹੈ...?” ਇੱਕ ਪੁਲਿਸ ਅਫ਼ਸਰ ਨੇ ਸ਼ੰਮੀਂ ਨੂੰ ਪੁੱਛਿਆ।

–“ਨਹੀਂ...!” ਸ਼ੰਮੀਂ ਨੇ ਸਿੱਧਾ ਉੱਤਰ ਦਿੱਤਾ।

–“ਫ਼ਿਰ ਇਸ ਨੂੰ ਚੁੱਕ ਕਿਉਂ ਰਹੇ ਹੋ...?”

–“ਮੈਨੂੰ ਮਕੈਨਿਕ ਨੇ ਹੈਲਪ ਵਾਸਤੇ ਕਿਹਾ ਸੀ..!”

–“ਇਹ ਕਾਰ ਮਕੈਨਿਕ ਦੀ ਹੈ..?”

–“ਪਤਾ ਨਹੀਂ...!” ਸ਼ੰਮੀਂ ਦੇ ਮਨ ਵਿਚ ਕੋਈ ਖੋਟ ਨਹੀਂ ਸੀ, ਇਸ ਲਈ ਉਹ ਸਿੱਧੇ ਸਲੋਟ ਉੱਤਰ ਦੇ ਰਿਹਾ ਸੀ।

ਸ਼ੰਮੀਂ ਅਤੇ ਮਕੈਨਿਕ ਨੂੰ ਹੱਥਕੜੀ ਲਾ ਕੇ ਵੱਖੋ-ਵੱਖ ਕਾਰਾਂ ਵਿਚ ਬਿਠਾ ਲਿਆ ਗਿਆ।

ਉਨ੍ਹਾਂ ’ਤੇ ਕਾਰ ਚੋਰੀ ਕਰਨ ਦਾ ਚਾਰਜ ਲਾ ਕੇ ਕਸਟੱਡੀ ਭੇਜ ਦਿੱਤਾ ਗਿਆ।

...ਕੇਸ ਬਾਰੇ ਸੁਣ-ਸੁਣ ਕੇ ਜੋਰਾ ਸਿੰਘ ਅਤੇ ਗੁਰਮੇਲ ਕੌਰ ਦੇ ਦੰਦ ਜੁੜਦੇ ਜਾ ਰਹੇ ਸਨ। ਜੇ ਸ਼ੰਮੀਂ ਨੂੰ ਮਾੜੀ-ਮੋਟੀ ਸਜ਼ਾ ਵੀ ਬੋਲ ਗਈ, ਕਾਗਜ਼ਾਂ ਵਿਚ ਸਾਰੀ ਉਮਰ ਦਾ ਕਲੰਕ ਲੱਗ ਜਾਵੇਗਾ ਅਤੇ ਸ਼ੰਮੀਂ ਨੂੰ ਸਾਰੀ ਜ਼ਿੰਦਗੀ ਕੋਈ ਇੱਜ਼ਤਦਾਰ ਨੌਕਰੀ ਨਹੀਂ ਮਿਲੇਗੀ।

–“ਪਰ ਇਹਦੇ ਵਿਚ ਸ਼ੰਮੀਂ ਦਾ ਤਾਂ ਕੋਈ ਕਸੂਰ ਨਹੀਂ, ਜਨਾਬ..! ਜੇ ਮਕੈਨਿਕ ਉਹਨੂੰ ਧੋਖੇ ਨਾਲ਼ ਲੈ ਵੀ ਗਿਆ, ਇਹਦੇ ’ਚ ਦੋਸ਼ ਮਕੈਨਿਕ ਦਾ ਹੈ, ਨਾ ਕਿ ਸ਼ੰਮੀਂ ਦਾ..!”

ਵਕੀਲ ਫ਼ੋਕਾ ਜਿਹਾ ਹੱਸ ਪਿਆ।

–“ਦੋਸ਼ੀ ਵਾਰਦਾਤ ਵਾਲੀ ਜਗਾਹ ਸੇ ਰੰਗੇ ਹਾਥੋਂ ਪਕੜੇ ਗਏ ਹੈਂ, ਪੁਲਿਸ ਔਰ ਪ੍ਰੌਸੀਕਿਊਟਰ ਉਨ ਕੋ ਅਦਾਲਤ ਮੇਂ ਦੋਸ਼ੀ ਸਾਬਤ ਕਰਨੇ ਪੇ ਸਾਰਾ ਜੋਰ ਲਗਾਏਂਗੇ..!”

–“.....................।” ਸੁਣ ਕੇ ਜੋਰਾ ਸਿੰਘ ਨੂੰ ਮੁੜ੍ਹਕਾ ਆ ਗਿਆ। ਗੁਰਮੇਲ ਕੌਰ ਦੇ ਬੁੱਲ੍ਹ ਸੁੱਕ ਗਏ।

–“ਲੈ ਪੰਜਾਹ ਪੌਂਡ ਪਿੱਛੇ ਐਡਾ ਸਿਆਪਾ ਸਹੇੜ ਲਿਆ..!” ਜੋਰਾ ਸਿੰਘ ਨੇ ਸਿਰ ਫ਼ੇਰਿਆ।

ਸਾਢੇ ਦਸ ਵਜੇ ਸ਼ੰਮੀਂ ਅਤੇ ਮਕੈਨਿਕ ਦੀ ਪੇਸ਼ੀ ਹੋਈ।

ਹੱਥਕੜੀਆਂ ਵਿਚ ਜਕੜਿਆ ਸ਼ੰਮੀਂ ਕਿਸੇ ਨਾਲ਼ ਅੱਖ ਨਹੀਂ ਮਿਲ਼ਾ ਰਿਹਾ ਸੀ। ਉਹ ਨੀਂਵੀਂ ਪਾਈ ਅਦਾਲਤ ਦੇ ਕਟਿਹਰੇ ਵਿਚ ਬੈਠਾ ਸੀ।

ਸਰਕਾਰੀ ਵਕੀਲ ਵੱਲੋਂ ਸਾਰਾ ਕੇਸ ਪੜ੍ਹ ਕੇ ਸੁਣਾਇਆ ਗਿਆ।

ਸ਼ੰਮੀਂ ਦੇ ਪੱਖੀ ਵਕੀਲ ਨੇ ਆਪਣਾ ਪੱਖ ਰੱਖਿਆ।

ਬਿਨਾ ਕਿਸੇ ਹੀਲ ਹੁੱਜਤ ਦੇ ਸ਼ੰਮੀਂ ਨੂੰ ਜ਼ਮਾਨਤ ਮਿਲ਼ ਗਈ ਅਤੇ ਕੇਸ ਦੀ ਅਗਲੀ ਤਾਰੀਕ ਇੱਕ ਮਹੀਨੇ ’ਤੇ ਪੈ ਗਈ।

ਇਸ ਵਾਰਦਾਤ ਤੋਂ ਬਾਅਦ ਸਜ਼ਾ ਤੋਂ ਡਰਦੇ ਸ਼ੰਮੀਂ ਨੇ ਹਰ ਰੋਜ਼ ਸ਼ਰਾਬ ਪੀਣੀਂ ਸ਼ੁਰੂ ਕਰ ਦਿੱਤੀ ਸੀ। ਉਹ ਦੁਪਿਹਰੇ ਹੀ ਬੀਅਰ ਖੋਲ੍ਹ ਲੈਂਦਾ ਅਤੇ ਰਾਤ ਤੱਕ ਟੁੰਨ ਹੋ ਕੇ ਸੌਂਦਾ। ਗੁਰਮੇਲ ਕੌਰ ਉਸ ਨੂੰ ਦੇਖ-ਦੇਖ ਝੂਰਦੀ ਰਹਿੰਦੀ। ਪਰ ਸਿਰ ਪਏ ਕੇਸ ਕਰ ਕੇ ਉਸ ਨੂੰ ਕੁਝ ਨਾ ਕਹਿੰਦੀ, “ਹਰਖ਼ ਦਾ ਮਾਰਿਆ ਧੀ-ਪੁੱਤ ਨਰਕ ’ਚ ਪੈ ਜਾਂਦੈ..!” ਸੋਚ ਕੇ ਗੁਰਮੇਲ ਕੌਰ ਚੁੱਪ ਹੋ ਜਾਂਦੀ।

ਸ਼ਾਮ ਨੂੰ ਜੋਰਾ ਸਿੰਘ ਕਿਸੇ ਕੰਮ ਬਾਹਰ ਗਿਆ ਹੋਇਆ ਸੀ। ਰੈਂਡੀ, ਸ਼ੰਮੀਂ ਅਤੇ ਗੁਰਮੇਲ ਕੌਰ ਟੀ.ਵੀ. ਅੱਗੇ ਬੈਠੇ ਸਨ। ਜਿੰਦਰ ਕਿਚਨ ਵਿਚ ਸੀ।

–“ਜਦੋਂ ਦੀ ਆਹ ਮਨਹੂਸ ਦਾ ਆਪਣੇ ਘਰੇ ਪੈਰ ਪਿਐ, ਆਪਣਾ ਘਰ ਮੂਧਾ ਈ ਵੱਜਦਾ ਜਾਂਦੈ, ਜਾਣੀਂਦੀ ਸਾਰੀ ਬਰਕਤ ਈ ਜਾਂਦੀ ਲੱਗੀ..!” ਗੁਰਮੇਲ ਕੌਰ ਨੇ ਧੁਖ਼ਦੇ ਦਿਲ ਦੀ ਭੜ੍ਹਾਸ ਅੱਜ ਫ਼ਿਰ ਕੱਢੀ।

–“ਤੁਸੀਂ ਇਹਨੂੰ ਦਫ਼ਾ ਕਿਉਂ ਨੀ ਕਰਦੇ..?” ਸ਼ੰਮੀਂ ਨੇ ਕਿਹਾ।

–“ਡੂ ਸਮਥਿੰਗ...! ਕਿੱਕ ਹਰ ਆਊਟ..!” ਰੈਂਡੀ ਬੋਲੀ।

–“ਕੁਛ ਨਾ ਕੁਛ ਤਾਂ ਕਰਨਾ ਈ ਪਊ ਪੁੱਤ, ਇਹਦੇ ਕਰ ਕੇ ਆਪਦਾ ਘਰ ਤਾਂ ਨੀ ਉਜਾੜਨਾ..!”

# ਲਿੰਗ ਸੰਵੇਦਨਸ਼ੀਲਤਾ



ਦਲਜੀਤ ਕੌਰ
ਲੈਕਚਰਾਰ ਕੈਮਿਸਟਰੀ
ਸ.ਸ.ਸ.ਸ. ਦੰਦਰਾਨਾ ਢੀਂਡਸਾ
(ਪਟਿਆਲਾ)
97815-37147
ਪੰਜਾਬ ਮੇਲ USA

ਅੱਜ ਦੇ ਵਿਗਿਆਨਕ ਯੁੱਗ ਵਿਚ ਜਦੋਂਕਿ ਭਾਰਤ ਸਮੇਤ ਹੋਰ ਦੇਸ਼ਾਂ ਨੇ ਚੰਦਰਮਾ ਦੀ ਧਰਤੀ 'ਤੇ ਪੈਰ ਪਸਾਰ ਲਏ ਹਨ। ਉੱਥੇ ਹੀ ਸਾਡਾ ਸਮਾਜ ਲਿੰਗੀ ਸਮਾਨਤਾ ਤੇ ਲਿੰਗੀ ਸ਼ੰਵੇਦਨਸ਼ੀਲਤਾ ਨਾਲ ਜੂਝ ਰਿਹਾ ਹੈ। ਕਾਨੂੰਨੀ ਤੌਰ 'ਤੇ ਤਿੰਨ ਜੈਂਡਰ ਹਨ:- ਮਰਦ, ਔਰਤ, ਟਰਾਂਸਜੈਂਡਰ। ਔਰਤ ਤੇ ਮਰਦ ਦੋਵੇਂ ਮਿਲਕੇ ਹੀ ਇੱਕ ਸੰਪੂਰਨ ਸਮਾਜ ਦੀ ਸਿਰਜਣਾ ਕਰਦੇ ਹਨ। ਸਮਾਜ ਵਿਚ ਔਰਤ ਦੇ ਬਹੁਮੁੱਲੇ ਯੋਗਦਾਨ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜਨਮ ਲੈ ਕੇ ਅਸੀਂ ਦੁਨੀਆਂ ਵਿਚ ਸਭ ਤੋਂ ਪਹਿਲਾਂ ਔਰਤਾਂ ਦੇ ਕਰਜ਼ਦਾਰ ਹੋ ਜਾਂਦੇ ਹਾਂ।

ਸਮਾਜ ਦੀ ਸੁੱਖ-ਸ਼ਾਂਤੀ ਅਤੇ ਤਰੱਕੀ ਲਈ ਸਮਾਜਿਕ ਬਦਲਾਅ ਦੀ ਲੋੜ ਹੈ ਅਤੇ ਇਸ ਬਦਲਾਅ ਦਾ ਅਹਿਮ ਹਿੱਸਾ ਹੈ ਲਿੰਗ ਸੰਵੇਦਨਾਂ ਜਾਂ ਆਦਰਸ਼ ਬਰਾਬਰੀ ਦੀ ਭਾਵਨਾ। ਇਹ ਭਾਵਨਾ ਤਾਂ ਹੀ ਪੈਦਾ ਹੋ ਸਕਦੀ ਹੈ, ਜੇ ਸਾਡਾ ਸਮਾਜ ਲਿੰਗ ਸਮਾਨਤਾ ਲਈ ਹਾਮੀ ਭਰਦਾ ਹੈ। ਪਿਛਲੇ ਕੁਝ ਸਾਲਾਂ ਵਿਚ ਕਾਫੀ ਹੱਦ ਤੱਕ ਔਰਤ ਤੇ ਮਰਦ ਨੂੰ ਕਈ ਪਹਿਲੂਆਂ ਵਿਚ ਬਰਾਬਰ ਸਮਝਿਆ ਜਾ ਰਿਹਾ ਹੈ। ਜਿੱਥੇ-ਪਹਿਲਾਂ ਮੁੰਡੇ ਦੇ ਜੰਮਦੇ ਢੋਲ ਵੱਜਦੇ ਸੀ ਅਤੇ ਕੁੜੀਆਂ ਦੇ ਜੰਮੇ 'ਤੇ ਮਾਯੂਸੀ ਛਾ ਜਾਂਦੀ ਸੀ ਤੇ ਇਹ ਸਤਰਾਂ ਵੀ ਢੁੱਕਵੀਆਂ ਸਨ:-

"ਧੀ ਦੇ ਜੰਮਿਆਂ ਰੱਬਾ ਕਿਉਂ ਨੇ ਮਾਪੇ ਸੋਗ ਮਨਾਉਂਦੇ

ਪੁੱਤਰ ਜਦੋਂ ਜਨਮ ਲਵੇ ਤਾਂ ਬੂਹੇ ਵੇਲ ਟੰਗਾਉਂਦੇ।

ਨਾ ਪਾਈਆਂ ਕਿਸੇ ਨੇ ਕਦਰਾਂ ਧੀ ਦੇ ਪਿਆਰ ਦੀਆਂ

ਧੀਆਂ ਹੀ ਇੱਕ ਬੁਨਿਆਦ ਨੇ ਲੋਕੋ ਇਸ ਸੰਸਾਰ ਦੀਆਂ।"

ਇੰਨੇ ਕੁ ਕਦਮ ਤਾਂ ਸਮਾਜ ਚੱਲਿਆ ਹੈ ਕਿ ਹੁਣ ਔਰਤਾਂ ਦੀ ਦੁਰਦਸ਼ਾਂ ਦੀ ਪ੍ਰਤੀਸ਼ਤ ਮਾਤਰਾ ਘੱਟ ਗਈ ਹੈ, 'ਪਰ ਖੁੱਲ ਕੇ ਨਹੀਂ ਜੀਅ ਰਹੀਆਂ' ਨਾ ਹੀ ਤਿੰਨੇ ਤਰ੍ਹਾਂ ਦੇ ਜੈਂਡਰਾਂ ਨੂੰ ਬਰਾਬਰੀ ਦਾ ਦਰਜਾ ਪ੍ਰਾਪਤ ਹੋਇਆ। ਕਈ ਖੇਤਰਾਂ ਵਿਚ ਪ੍ਰੰਪਰਿਕ, ਰੂੜੀਵਾਦੀ ਸੋਚ ਵਾਲੇ ਪਰਿਵਾਰ, ਜਾਤਾਂ ਅਤੇ ਕੁਨਬੇ ਮੌਜੂਦ ਹਨ। ਸਰਕਾਰਾਂ ਦੀ ਪਹਿਲਕਦਮੀ ਨਾਲ ਭਰੂਣ ਹੱਤਿਆ ਵਿਚ ਵੀ ਗਿਰਾਵਟ ਜ਼ਰੂਰ ਆਈ ਹੈ, ਪਰ ਖਤਮ ਨਹੀਂ ਹੋਈ। ਤੇ ਅਣਜੰਮੀ ਧੀ ਦੀ ਇਸ ਪੁਕਾਰ ਨੇ ਵੀ ਕਈ ਦਿਲਾਂ ਨੂੰ ਝੰਜੋੜਿਆ ਹੈ:-

**"ਕੁੱਖ ਵਿਚ ਮਾਰ ਨਾ ਮਾਏ ਤੇਰੇ ਨਾਲ ਦੁੱਖ ਵੰਡਾਉਂਗੀ,**

**ਤੂੰ ਬਹਿਕੇ ਖਾਈ ਮੈਂ ਤੇਰੇ ਲਈ ਖਾਣਾ ਬਣਾਉਂਗੀ।"**

ਧੀਆਂ ਦਾ ਇਹ ਸੰਦੇਸ਼ ਹੁਣ ਘਰ ਘਰ ਪਹੁੰਚਿਆਂ ਹੈ:-

"ਕੀ ਪਤਾ ਏ ਮੈਂ ਕੱਲ੍ਹ ਦੁਨੀਆਂ ਵਿਚ ਕੁਝ ਕਰ ਜਾਵਾਂ

ਆਪਣੇ ਨਾਂ ਦੇ ਨਾਲ ਤੇਰਾ ਨਾਂ ਵੀ ਉੱਚਾ ਕਰ ਜਾਵਾਂ

ਮੈਨੂੰ ਇੱਕ ਵਾਰ ਆਪਣੇ ਵਿਹੜੇ ਉੱਤਰ ਲੈਣ ਦੇ

ਚਾਂਦੀ ਦੀਆਂ ਝਾਜਰਾਂ ਦੀ ਛਮ-ਛਮ ਨਾਲ ਨੱਚ ਲੈਣ ਦੇ,

ਨਾ ਦਿਵਾਉਣਾ ਮੈਨੂੰ ਨਵੀਆਂ ਝਾਜਰਾਂ

ਮੈਂ ਤਾ ਪੁਰਾਣੀਆਂ ਹੀ ਪਾ ਲਵਾਂਗੀ

ਪਰ ਮਾਂ ਤੈਥੋਂ ਮੈਂ ਜੁਦਾ ਨਹੀਂ ਹੋਣਾ ਮੈਨੂੰ ਹੁਣ ਕਤਲ ਨਹੀਂ ਕਰਾਉਣਾ।"

ਪਰ ਕੀ ਸੱਚਮੁੱਚ ਹੀ ਲਿੰਗੀ ਵਿਤਕਰਾਂ ਨਹੀਂ ਰਿਹਾ? ਉਪਰੋਂ ਉਪਰੋਂ ਝਾਕੀਏ ਤਾਂ ਨਹੀਂ ਹੋ ਰਿਹਾ, ਪਰ ਇਸ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਹਨ ਕਿ ਅਜਿਹੇ ਰੂੜੀਵਾਦੀ ਲੋਕਾਂ ਦੀ ਸੋਚ ਬਦਲਣੀ ਬਹੁਤ ਹੀ ਔਖੀ ਹੈ।

ਲਿੰਗ ਸੰਵੇਦਨਾਂ ਸਮਾਜ ਦੀ ਗੰਭੀਰ ਸਮੱਸਿਆ ਹੈ, ਜਿਸਨੇ ਸਾਡੇ ਜੀਵਨ ਦੇ ਸਾਰੇ ਪੱਖਾਂ 'ਤੇ ਪ੍ਰਭਾਵ ਪਾਇਆ ਹੈ। ਇਸ ਨੂੰ ਹੱਲ ਕਰਨ ਲਈ ਸਮਾਜ ਵਿਚ ਸਮਝ ਅਤੇ ਸਕਾਰਾਤਮਕ ਕਦਮਾਂ ਦੀ ਲੋੜ ਹੈ। ਲਿੰਗ ਸੰਵੇਦਨਸ਼ੀਲਤਾ ਪੁਰਸ਼, ਔਰਤ ਅਤੇ ਰਾਜਨੀਤਿਕ ਸਥਿਤੀਆਂ ਵਿਚ ਇਕਸੁਰਤਾ ਅਤੇ ਸਮਾਨਤਾ ਦੀ ਭਾਵਨਾ ਨੂੰ ਗ੍ਰਹਿਣ ਕਰਨ ਦੀ ਯੋਗਤਾ ਹੈ। ਲਿੰਗ ਸੰਵੇਦਨਸ਼ੀਲ ਸਮਾਜ ਵਿਚ, ਸਾਰੇ ਵਰਗਾਂ ਨੂੰ ਉਨ੍ਹਾਂ ਦੇ ਹੱਕ ਅਤੇ ਸੁਰੱਖਿਆ ਦਾ ਸਮਾਨ ਹਿੱਸੇਦਾਰ ਮੰਨਿਆ ਜਾਂਦਾ ਹੈ। ਜੇ ਕਿਸੇ ਕੰਪਨੀ, ਸੰਸਥਾ ਆਦਿ ਵਿਚ ਇਸਦੀ ਧਾਰਨਾ ਨਹੀਂ ਹੈ, ਤਾਂ ਉਹ ਤਰੱਕੀ ਨਹੀਂ ਕਰ ਸਕਦਾ। ਇਥੋਂ ਤੱਕ ਕਿ ਸਿਨੇਮਾ ਜਗਤ ਦੇ ਹੀਰੋ, ਹੀਰੋਇਨਾਂ ਦੇ ਮਿਹਨਤਾਨੇ ਵਿਚ ਵੀ ਫਰਕ ਹੋਵੇਗਾ, ਭਾਵੇਂ ਸਿਨੇਮਾ ਨੇ ਇਸ ਸੋਚ 'ਤੇ ਆਧਾਰਿਤ ਕਈ ਫਿਲਮਾਂ ਵੀ ਬਣਾਈਆਂ ਹਨ, ਜਿਵੇਂ ਕਿ ਤਾਲੀ, ਬੂਹੇ ਬਾਰੀਆਂ, ਰੁਦਰਾਂਗੀ, ਬੇਗਮ ਜਾਨ ਆਦਿ। ਪ੍ਰਸੂਤਾ ਛੁੱਟੀ ਛੇ ਮਹੀਨੇ ਲਈ ਔਰਤਾਂ ਲਈ ਹੈ। ਪਰੰਤੂ ਮਰਦਾਂ ਲਈ ਕੁਝ ਦਿਨਾਂ ਦੀ ਕਿਉਂਕਿ ਬੱਚੇ ਨੂੰ ਸਾਂਭਣਾ ਔਰਤਾਂ ਦਾ ਕੰਮ ਹੈ। ਕੰਮ ਕਰਨ ਵਾਲੀ ਸੰਸਥਾ ਕੋਈ ਵੀ ਹੋਵੇ, ਕੀ ਉੱਥੇ ਜੈਂਡਰ ਬਰਾਬਰ ਹਨ? ਰੂੜੀਵਾਦੀ ਸੋਚ ਹਾਲੇ ਵੀ ਹੈ। ਜਿਵੇਂ ਮੁੰਡੇ ਨਹੀਂ ਰੋਂਦੇ, ਔਰਤ ਕਮਜ਼ੋਰ ਹੈ, ਲੜਕੇ ਬੁਢਾਪੇ ਦਾ ਸਹਾਰਾ ਹਨ, ਕੁੜੀਆਂ ਦੇਰ ਰਾਤ ਤੱਕ ਬਾਹਰ ਨਹੀਂ ਜਾ ਸਕਦੀਆਂ, ਕੱਪੜੇ ਕਿਹੋ ਜਿਹੇ ਪਾਉਣ ਆਦਿ। ਜ਼ਿੰਦਗੀ ਵਿਚ ਚੱਲਦੇ-ਚੱਲਦੇ ਬਹੁਤ ਸਾਰੀਆਂ ਉਦਾਹਰਣਾਂ ਦੇਖਣ ਨੂੰ ਮਿਲੀਆਂ, ਜਿੱਥੇ ਔਰਤਾਂ ਨੇ ਹੀ ਆਪਣੇ ਮਾਂ-ਬਾਪ ਨੂੰ ਅਖਰੀਲੀ ਉਮਰੇ ਸਾਂਭਿਆ ਹੈ। ਇੱਕ ਸਿਹਤਮੰਦ ਵਾਤਾਵਰਣ ਪੈਦਾ ਕਰਨ ਲਈ ਵਪਾਰਕ ਸੰਸਾਰ ਵਿਚ ਲਿੰਗ ਸੰਵੇਦਨਸ਼ੀਲਤਾ ਬਹੁਤ ਜ਼ਰੂਰੀ ਹੈ। ਕੰਮ ਕਰਨ ਵਾਲੀ ਥਾਂ ਤੋਂ ਹੋਣ ਵਾਲੀ ਪ੍ਰੇਸ਼ਾਨੀ, ਵਿਤਕਰਾ, ਪੱਖਪਾਤੀ ਸੋਚ ਨਹੀਂ ਹੋਵੇਗੀ, ਤਾਂ ਹੀ 'ਕਲੀ ਜੋਟਾ' ਫਿਲਮ ਵਿਚ ਦਰਸਾਏ ਕਿਰਦਾਰ ਪੈਦਾ ਨਹੀਂ ਹੋਣਗੇ।

ਲਿੰਗ ਸੰਵੇਦਨਾ ਟਰੇਨਿੰਗ ਪ੍ਰੋਗਰਾਮ, ਸੈਮੀਨਾਰ, ਵਰਕਸ਼ਾਪਾਂ ਰਾਹੀਂ ਕਰਮਚਾਰੀਆਂ ਨੂੰ ਇਸਦੀ ਜਾਣਕਾਰੀ ਅਤੇ ਨਜਿੱਠਣ ਲਈ ਨਿਪੁੰਨਤਾ ਦਿੱਤੀ ਜਾ ਸਕਦੀ ਹੈ, ਤਾਂ ਕਿ ਸਾਰੇ ਕਰਮਚਾਰੀਆਂ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਜਾ ਸਕੇ। ਟਰਾਂਸਜ਼ੈਡਰਾਂ ਪ੍ਰਤੀ ਸੋਚ ਵਿਚ ਵੀ ਬਦਲਾਅ ਜ਼ਰੂਰੀ ਹੈ। ਇਸ ਲਈ ਵਿਅਕਤੀ ਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਸਿੱਖਿਅਤ ਹੋਣ ਦੇ ਨਾਲ ਹੀ ਚਰਚਾਵਾਂ ਦਾ ਪਲੇਟਫਾਰਮ ਮਿਲਦਾ ਹੈ ਅਤੇ ਹੋਣ ਵਾਲੇ ਜ਼ੁਰਮਾਂ ਤੋਂ ਬਚਿਆ ਜਾ ਸਕਦਾ ਹੈ। ਰੋਜ਼ਾਨਾ ਕਿੰਨੀਆਂ ਹੀ ਲੜਾਈਆਂ ਅਸਿੱਖਿਅਤ ਹੋਣ ਕਰਕੇ ਹੀ ਸੁਣਨ, ਵੇਖਣ ਨੂੰ ਮਿਲਦੀਆਂ ਹਨ। ਲਿੰਗ ਸੰਵੇਦਨਾਂ ਨੂੰ ਮੁੱਖ ਰੱਖਦੇ ਹੋਏ ਕੰਪਨੀਆਂ ਆਪਣੀਆਂ ਪਾਲਿਸੀਆਂ ਵਿਚ ਬਦਲਾਅ ਲਿਆ ਰਹੀਆਂ ਹਨ। ਹਰ ਪੱਧਰ 'ਤੇ ਕਮੇਟੀਆਂ ਵੀ ਬਣਾਈਆਂ ਗਈਆਂ ਹਨ। ਤੁਰੰਤ ਪ੍ਰਭਾਵ ਤੋਂ ਸਜ਼ਾ ਦੇਣਾ ਵੀ ਤੈਅ ਕੀਤਾ ਗਿਆ ਹੈ। ਪਾਠਕ੍ਰਮ ਵਿਚ ਲਿੰਗ ਸੰਵੇਦਨਸ਼ੀਲਤਾ ਨੂੰ ਇਕ ਮਜ਼ਬੂਤ ਵਿਸ਼ਾ ਬਣਾਉਣ ਦੀ ਲੋੜ ਹੈ। ਸੋਚ ਖੁੱਲ੍ਹੀ ਰੱਖਣੀ ਪਵੇਗੀ। ਲਿੰਗ ਸੰਵੇਦਨਾ ਪ੍ਰਤੀ ਹਾਂ-ਪੱਖੀ ਸੋਚ, ਸਮਝ ਨਾਲ ਸਮਾਜ ਨੂੰ ਹਰ ਜੈਂਡਰ ਦੇ ਖੁੱਲ੍ਹੇ ਵਿਚਾਰ, ਸੋਚ ਦੁਆਵਾਂ ਦੀ ਗਹਿਰੀ ਸੋਝੀ ਮਿਲ ਸਕਦੀ ਹੈ ਤੇ ਸਮਾਜ ਤਰੱਕੀ ਵੱਲ ਵੱਧ ਸਕਦਾ ਹੈ। ਸਮਾਜ ਨੂੰ ਇਹ ਸਿਖਾਉਣ ਦਾ ਮੌਕਾ ਮਿਲਦਾ ਹੈ ਕਿ ਲਿੰਗ ਅਸਮਾਨਤਾ ਨੂੰ ਘਟਾਉਣ ਦੇ ਉਪਾਅ ਸੋਚਣੇ ਤੇ ਅਪਨਾਉਣੇ ਪੈਣਗੇ। ਸਰਕਾਰਾਂ ਦਾ ਸਮਰਥਨ, ਸਿੱਖਿਆ ਪ੍ਰਣਾਲੀ ਵਿਚ ਸੁਧਾਰ, ਸਮਾਜ ਦੀ ਖੁੱਲ੍ਹੀ ਸੋਚ, ਇਸ ਮਹੱਤਵਪੂਰਣ ਕਾਰਜ ਵਿਚ ਮਦਦ ਕਰ ਸਕਦੇ ਹਨ। ਜਦੋਂ ਤੱਕ ਮਰਦ ਪ੍ਰਧਾਨ ਸਮਾਜ ਆਪਣੀ ਸੋਚ ਨਹੀਂ ਬਦਲੇਗਾ, ਉਦੋਂ ਤੱਕ ਜਿੰਨੇ ਮਰਜ਼ੀ ਕਾਨੂੰਨ ਹੋਣ, ਰਿਜ਼ਰਵ ਸੀਟਾਂ ਹੋਣ, ਉਦੋਂ ਤੱਕ ਸੁਪਰੀਤ ਕੌਰ ਸੰਧੂ ਦੀਆਂ ਇਹ ਲਾਇਨਾਂ ਮੈਨੂੰ ਸਹੀ ਲੱਗ ਰਹੀਆਂ ਨੇ:-

ਬਰਾਬਰ ਤਾਂ ਕਹਿ ਦਿੰਨੇ ਹੋ
ਪਰ ਸਮਝਦੇ ਨਹੀਂ...
ਧਿਆਨ ਰੱਖਾਂ ਪਰਿਵਾਰ ਦਾ
ਘਰ ਦੇ ਕੰਮ ਵੀ ਕਰਾਂ ਮੈਂ
ਰੋਟੀ ਆਪ ਹੀ ਪਕਾਵਾਂ
ਨਾਲੇ ਤੇਰੇ ਮੂਹਰੇ ਧਰਾਂ ਮੈਂ
ਪਰ ਇੰਨਾ ਕੁਝ ਕਰਕੇ ਵੀ
ਆਕੜ ਹੀ ਜ਼ਰਾਂ ਮੈਂ
ਗੱਲ ਇੰਨੀ ਕੁ ਆ ਬਸ
ਪਰ ਪੱਲੇ ਬੰਨਦੇ ਨੀਂ...
ਕੁਝ ਮੈਂ ਕਹੂੰ ਕੁਛ ਤੂੰ ਵੀ ਕਰ
ਆ ਬਣਾਈਏ ਮਕਾਨ ਨੂੰ ਘਰ
ਹੋ ਗਈ ਸੀ ਗਲਤੀ
ਪਰ ਭੱਜ ਕੇ ਕਿਉਂ ਪੈਨਾ ਏ
ਦੇਰੀ ਹੋ ਜੇ ਥੋੜੀ
ਤਾਂ ਬੇਸਮਝ ਕਹਿਨਾ ਏ
ਸਮਝ ਤਾਂ ਜਾਊਗੀ ਮੈਂ
ਤੁਸੀਂ ਤਰੀਕਾ ਬਦਲਦੇ ਨੀ।

ਇਸ ਲਈ ਸਮਾਜ ਵਿਚ ਲਿੰਗ ਸੰਵੇਦਨਾ ਦੇ ਸਵਾਲਾਂ ਅਤੇ ਸੰਕਟਾਂ ਨੂੰ ਹੱਲ ਕਰਨ ਲਈ ਸਮਾਜ ਵਿਚ ਸਮਾਜਿਕ ਸ਼ਾਂਤੀ ਅਤੇ ਸਮਾਜਿਕ ਪ੍ਰੀਵਰਤਨ ਦੀ ਜ਼ਰੂਰਤ ਹੈ। ਜਾਗਰੂਕ ਹੋਈਏ ਤਾਂ ਹੀ ਅਸੀਂ ਆਪਣੇ ਉਦੇਸ਼ ਪ੍ਰਾਪਤੀ ਵੱਲ ਵੱਧ ਸਕਦੇ ਹਾਂ।

# ਕਾਰਗਿਲ ਵਿਜੇ ਦਿਵਸ



-ਡਾ. ਸਰਬਜੀਤ ਸਿੰਘ
ਸਬ ਲੈਫਟੀਨੈਂਟ
1 ਪੰਜਾਬ ਨੇਵਲ ਯੂਨਿਟ
ਐਨ.ਸੀ.ਸੀ., ਨੰਗਲ
94176-26925
ਪੰਜਾਬ ਮੇਲ USA



ਕਾਰਗਿਲ ਵਿਜੇ ਦਿਵਸ, ਹਰ ਸਾਲ 26 ਜੁਲਾਈ ਨੂੰ ਮਨਾਇਆ ਜਾਂਦਾ ਹੈ, ਭਾਰਤ ਇਤਿਹਾਸ ਵਿਚ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਦਿਨ 1999 ਦੇ ਕਾਰਗਿਲ ਯੁੱਧ ਦੌਰਾਨ ਭਾਰਤੀ ਸੈਨਿਕਾਂ ਦੀ ਬਹਾਦਰੀ ਨਾਲ ਲੜਨ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਿਤ ਹੈ। ਕਰਗਿਲ ਦੇ ਯੁੱਧ ਵਿਚ ਸਭ ਤੋਂ ਚੁਣੌਤੀਪੂਰਨ ਖੇਤਰਾਂ ਵਿਚੋਂ ਕਰਗਿਲ ਦੀ ਚੋਟੀ 'ਤੇ ਪਾਕਿਸਤਾਨੀ ਫੌਜਾਂ ਦਾ ਕਬਜ਼ਾ ਸੀ ਪਰ ਭਾਰਤੀ ਫੌਜ ਦੇ ਦ੍ਰਿੜ੍ਹ ਇਰਾਦੇ ਨਾਲ ਪ੍ਰਾਪਤ ਕੀਤੀ ਜਿੱਤ ਦੀ ਅਹਿਮੀਅਤ ਬਾਰੇ ਦੱਸਦਾ ਹੈ, ਜਿਸ ਦੀ ਅਦੁੱਤੀ ਭਾਵਨਾ ਅਤੇ ਸਾਹਸ ਦੀ ਮਿਸਾਲ ਹੈ। ਅਸੀਂ ਇਸ ਸਾਲ 25ਵੀਂ ਵਰ੍ਹੇਗੰਢ ਵਜੋਂ ਦੇਸ਼ ਦੇ ਅਸਲੀ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੋਇਆ ਇਹ ਦਿਨ ਮਨਾ ਰਹੇ ਹਾਂ, ਜਿਨ੍ਹਾਂ ਨੇ ਰਾਸ਼ਟਰ ਲਈ ਸ਼ਹਾਦਤ ਦਿੱਤੀ। ਕਾਰਗਿਲ ਯੁੱਧ, ਜਿਸ ਨੂੰ ਕਾਰਗਿਲ ਸੰਘਰਸ਼ ਵੀ ਕਿਹਾ ਜਾਂਦਾ ਹੈ, ਮਈ ਅਤੇ ਜੁਲਾਈ 1999 ਦੇ ਵਿਚਕਾਰ ਹੋਇਆ ਸੀ। ਪਾਕਿਸਤਾਨੀ ਸੈਨਿਕਾਂ ਅਤੇ ਅੱਤਵਾਦੀਆਂ ਨੇ ਕੰਟਰੋਲ ਰੇਖਾ (ਐੱਲ.ਓ.ਸੀ.) ਦੇ ਭਾਰਤੀ ਪਾਸੇ ਵਿਚ ਘੁਸਪੈਠ ਕੀਤੀ ਅਤੇ ਜੰਮੂ ਅਤੇ ਕਸ਼ਮੀਰ ਦੇ ਕਾਰਗਿਲ ਸੈਕਟਰ ਵਿਚ ਉੱਚੀਆਂ ਚੋਟੀਆਂ ਉੱਤੇ ਕਬਜ਼ਾ ਕਰ ਲਿਆ। ਇਸ ਘੁਸਪੈਠ ਦਾ ਉਦੇਸ਼, ਲੇਹ ਅਤੇ ਸ਼੍ਰੀਨਗਰ ਵਿਚਕਾਰ ਸੰਪਰਕ ਨੂੰ ਖਤਮ ਕਰਨਾ ਸੀ। ਭਾਰਤੀ ਫੌਜ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਓਪਰੇਸ਼ਨ ਵਿਜੇ ਦੀ ਸ਼ੁਰੂਆਤ ਕੀਤੀ, ਕਬਜ਼ੇ ਵਾਲੀਆਂ ਸਥਿਤੀਆਂ ਨੂੰ ਮੁੜ ਹਾਸਲ ਕਰਨ ਲਈ ਇੱਕ ਤਾਲਮੇਲ ਫੌਜੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਖੇਤਰ ਵਿਚ ਬਹੁਤ ਸਾਰੀਆਂ ਜ਼ਮੀਨੀ ਮੁਸ਼ਕਿਲਾਂ ਅਤੇ ਉਚਾਈ ਦੀਆਂ ਚੁਣੌਤੀਆਂ ਦੇ ਬਾਵਜੂਦ, ਭਾਰਤੀ ਸੈਨਿਕਾਂ ਨੇ ਵੱਡੇ ਸਾਹਸ ਅਤੇ ਨਿਡਰਤਾ ਦਾ ਪ੍ਰਦਰਸ਼ਨ ਕੀਤਾ। ਖਰਾਬ ਮੌਸਮੀ ਪਰਸਥਿਤੀਆਂ ਵਿਚ ਵੀ ਦੁਸ਼ਮਣ ਦੇ ਵਿਰੁੱਧ ਲੜਦੇ ਹੋਏ, ਟਾਈਗਰ ਹਿੱਲ ਅਤੇ ਕਈ ਹੋਰ ਉੱਚੀਆਂ ਉੱਤੇ ਕਬਜ਼ਾ ਕਰ ਲਿਆ। 26 ਜੁਲਾਈ, 1999 ਨੂੰ ਭਾਰਤ ਨੇ ਜਿੱਤ ਦਾ ਐਲਾਨ ਕੀਤਾ, ਘੁਸਪੈਠੀਆਂ ਨੂੰ ਸਫਲਤਾਪੂਰਵਕ ਪਿੱਛੇ ਧੱਕ ਦਿੱਤਾ ਅਤੇ ਕਾਰਗਿਲ ਦੀਆਂ ਉੱਚੀਆਂ ਚੋਟੀਆਂ 'ਤੇ ਮੁੜ ਕਬਜ਼ਾ ਕਰ ਲਿਆ। ਇਸ ਸਾਲ 25ਵਾਂ ਕਾਰਗਿਲ ਵਿਜੇ ਦਿਵਸ, ਇੱਕ ਵਿਸ਼ੇਸ਼ ਅਹਿਮੀਅਤ ਵਜੋਂ ਮਨਾਇਆ ਜਾ ਰਿਹਾ ਹੈ ਅਤੇ ਇਸ ਦਿਨ ਨੂੰ ਸਮਰਪਿਤ ਜੰਮੂ ਅਤੇ ਕਸ਼ਮੀਰ ਦੇ ਕਾਰਗਿਲ ਖੇਤਰ ਵਿਚ ਬਣੇ ਯੁੱਧ ਸਮਾਰਕ 'ਤੇ ਵੱਖ-ਵੱਖ ਪ੍ਰਕਾਰ ਸਮਾਗਮਾਂ ਅਤੇ ਸਮਾਰੋਹ ਸ਼ਾਮਲ ਹੋਏ। ਇਹ ਸਮਾਗਮ ਭਾਰਤੀ ਸੈਨਿਕਾਂ ਦੁਆਰਾ ਕੀਤੀਆਂ ਕੁਰਬਾਨੀਆਂ ਅਤੇ ਜਿੱਤ ਦੀ ਮਹੱਤਤਾ ਦੀ ਯਾਦ ਨੂੰ ਸਮਰਪਿਤ ਸੀ। ਕਾਰਗਿਲ ਵਾਰ ਮੈਮੋਰੀਅਲ, ਜਿਸ ਨੂੰ ਦਰਾਸ ਯੁੱਧ ਸਮਾਰਕ ਵੀ ਕਿਹਾ ਜਾਂਦਾ ਹੈ। ਇਸ ਸਮਾਰਕ ਵਿਚ ਸ਼ਹੀਦਾਂ ਦੇ ਨਾਮ, ਪੱਥਰ ਵਿਚ ਉੱਕਰੇ ਹੋਏ ਹਨ। ਹਰ ਸਾਲ ਦੇਸ਼ ਨੂੰ ਪਿਆਰ ਕਰਨ ਵਾਲੇ ਲੋਕ, ਫੌਜ ਦੇ ਅਧਿਕਾਰੀ ਕਰਮਚਾਰੀ ਅਤੇ ਨਾਗਰਿਕ ਇੱਥੇ ਸ਼ਹੀਦਾਂ ਦਾ ਸਨਮਾਨ ਕਰਨ ਅਤੇ ਵੱਖ-ਵੱਖ ਸਮਾਰੋਹਾਂ ਵਿਚ ਹਿੱਸਾ ਲੈਣ ਲਈ ਇਕੱਠੇ ਹੁੰਦੇ ਹਨ। ਕਾਰਗਿਲ ਯੁੱਧ ਨੇ ਦੇਸ਼ ਦੇ ਇਤਿਹਾਸ 'ਤੇ ਵਿਲੱਖਣ ਛਾਪ ਛੱਡੀ। ਇਸ ਯੁੱਧ ਨੇ ਖੁਫੀਆ ਜਾਣਕਾਰੀ, ਨਿਗਰਾਨੀ ਅਤੇ ਖੋਜ ਸਮਰੱਥਾਵਾਂ ਦੀ ਲੋੜ ਨੂੰ ਦੇਸ਼ ਦੇ ਸਾਹਮਣੇ ਲਿਆਂਦਾ, ਜਿਸ ਨਾਲ ਭਾਰਤ ਦੀ ਰੱਖਿਆ ਰਣਨੀਤੀ ਵਿਚ ਮਹੱਤਵਪੂਰਨ ਸੁਧਾਰ ਹੋਏ। ਇਸ ਯੁੱਧ ਨੇ ਉੱਚਾਈ ਯੁੱਧ ਸਿਖਲਾਈ ਅਤੇ ਮੁਸ਼ਕਲ ਖੇਤਰਾਂ ਵਿਚ ਤਾਇਨਾਤ ਸੈਨਿਕਾਂ ਦੇ ਰਹਿਣ-ਸਹਿਣ ਦੀਆਂ ਸਮੱਸਿਆਵਾਂ ਬਾਰੇ ਧਿਆਨ ਕੇਂਦਰਿਤ ਕੀਤਾ। ਕਾਰਗਿਲ ਯੁੱਧ ਦੌਰਾਨ ਭਾਰਤੀ ਸੈਨਿਕਾਂ ਦੁਆਰਾ ਦਿਖਾਈ ਗਈ ਬਹਾਦਰੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਉਨ੍ਹਾਂ ਦੀਆਂ ਕੁਰਬਾਨੀਆਂ ਦੀਆਂ ਕਹਾਣੀਆਂ ਸਕੂਲਾਂ, ਮਿਲਟਰੀ ਅਕੈਡਮੀਆਂ ਅਤੇ ਵੱਖ-ਵੱਖ ਮੀਡੀਆ ਸਾਧਨਾਂ ਰਾਹੀਂ ਸੁਣਾਈਆਂ ਜਾਂਦੀਆਂ ਹਨ। ਕਾਰਗਿਲ ਵਿਜੇ ਦਿਵਸ ਸਿਰਫ ਇਕ ਦਿਨ ਹੀ ਨਹੀਂ, ਸਗੋਂ ਭਾਰਤੀ ਸੈਨਿਕਾਂ ਦੀ ਦੇਸ਼ ਪ੍ਰਤੀ ਭਾਵਨਾ ਦਾ ਪ੍ਰਗਟਾਵਾ ਵੀ ਹੈ। ਕਾਰਗਿਲ ਵਿਜੇ ਦਿਵਸ, ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਕੀਤੀਆਂ ਕੁਰਬਾਨੀਆਂ ਦੀ ਅਹਿਮੀਅਤ ਦਰਸਾਉਣ ਦਾ ਦਿਨ ਹੈ। ਸਾਰਾ ਰਾਸ਼ਟਰ ਉਨ੍ਹਾਂ ਬਹਾਦਰ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਜਿਨ੍ਹਾਂ ਨੇ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਕਾਰਗਿਲ ਯੁੱਧ ਦੌਰਾਨ ਦਲੇਰੀ ਦਿਖਾਉਣ ਵਾਲੇ ਸੈਨਿਕਾਂ ਨੂੰ ਮਰਨ ਉਪਰੰਤ ਕਈ ਬਹਾਦਰੀ ਪੁਰਸਕਾਰ ਦਿੱਤੇ ਗਏ। ਉਨ੍ਹਾਂ ਵਿਚ ਕੈਪਟਨ ਵਿਕਰਮ ਬੱਤਰਾ, ਲੈਫਟੀਨੈਂਟ ਮਨੋਜ ਕੁਮਾਰ ਪਾਂਡੇ ਅਤੇ ਗ੍ਰੇਨੇਡੀਅਰ ਯੋਗੇਂਦਰ ਸਿੰਘ ਯਾਦਵ ਸਨ, ਜਿਨ੍ਹਾਂ ਨੂੰ ਬਹਾਦਰੀ ਲਈ ਭਾਰਤ ਦਾ ਸਰਵਉੱਚ ਫੌਜੀ ਸਨਮਾਨ ਪਰਮਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ। ਕਾਰਗਿਲ ਵਿਜੇ ਦਿਵਸ ਦੇਸ਼ ਲਈ ਮਾਣ ਦਾ ਦਿਨ ਹੈ ਪਰ ਇਹ ਦਿਨ ਮਨੁੱਖੀ ਜਿੰਦੜੀਆਂ ਤੇ ਅਹਿਮੀਅਤ ਨੂੰ ਵੀ ਧਿਆਨ ਵਿਚ ਲਿਆਉਂਦਾ ਹੈ। ਇਸ ਯੁੱਧ ਨੇ 500 ਤੋਂ ਵੱਧ ਭਾਰਤੀ ਸੈਨਿਕਾਂ ਦੀ ਜਾਨ ਲੈ ਲਈ, ਜਿਨ੍ਹਾਂ ਦੇ ਪਰਿਵਾਰ ਅੱਜ ਵੀ ਉਨ੍ਹਾਂ ਦੀ ਅਨਹੋਂਦ ਨੂੰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਸੈਨਿਕਾਂ ਦੀਆਂ ਕਹਾਣੀਆਂ, ਉਨ੍ਹਾਂ ਦੀ ਬਹਾਦਰੀ ਅਤੇ ਉਨ੍ਹਾਂ ਦੀ ਅੰਤਮ ਕੁਰਬਾਨੀ ਦੇਸ਼ ਦੀ ਚੇਤਨਾ ਵਿਚ ਉੱਕਰੀਆਂ ਹੋਈਆਂ ਹਨ। ਸ਼ਹੀਦਾਂ ਦੇ ਪਰਿਵਾਰ ਕਾਰਗਿਲ ਵਿਜੇ ਦਿਵਸ ਦੇ ਜਸ਼ਨਾਂ ਦਾ ਹਿੱਸਾ ਹਨ। ਇੰਨੇ ਵੱਡੇ ਮਨੁੱਖੀ ਨੁਕਸਾਨ ਦੇ ਬਾਵਜੂਦ ਉਨ੍ਹਾਂ ਦੀ ਦੇਸ਼ ਪ੍ਰਤੀ ਭਾਵਨਾ ਅਤੇ ਤਾਕਤ ਨੂੰ ਰਾਸ਼ਟਰ ਦੁਆਰਾ ਸਨਮਾਨਿਤ ਅਤੇ ਸਵੀਕਾਰ ਕੀਤਾ ਜਾਂਦਾ ਹੈ। ਸਰਕਾਰ ਅਤੇ ਵੱਖ-ਵੱਖ ਸੰਸਥਾਵਾਂ, ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਜਾਰੀ ਰੱਖਦੀਆਂ ਹਨ, ਇਹ ਯਕੀਨੀ ਬਣਾਉਂਦੀਆਂ ਹਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਇਆ ਨਾ ਜਾਵੇ। ਕਾਰਗਿਲ ਯੁੱਧ ਨੇ ਭਾਰਤ ਨੂੰ ਫੌਜੀ ਤਿਆਰੀ ਅਤੇ ਸਰਹੱਦਾਂ 'ਤੇ ਚੌਕਸੀ ਦੀ ਮਹੱਤਤਾ ਬਾਰੇ ਕਈ ਮਹੱਤਵਪੂਰਨ ਚੁਣੌਤੀਆਂ ਬਾਰੇ ਦੱਸਿਆ। ਸੰਘਰਸ਼ ਤੋਂ ਬਾਅਦ ਦੇ ਸਾਲਾਂ ਵਿਚ, ਭਾਰਤ ਨੇ ਆਪਣੀ ਰੱਖਿਆ ਸਮਰੱਥਾ ਵਿਚ ਮਹੱਤਵਪੂਰਨ ਤਰੱਕੀ ਕੀਤੀ ਹੈ। ਡਿਫੈਂਸ ਇੰਟੈਲੀਜੈਂਸ ਏਜੰਸੀ ਅਤੇ ਟੈਕਨੀਕਲ ਸਪੋਰਟ ਡਿਵੀਜ਼ਨ ਦੀ ਸਥਾਪਨਾ, ਕਾਰਗਿਲ ਯੁੱਧ ਤੋਂ ਬਾਅਦ ਵਿਚ ਸ਼ਹੀਦ ਅਮਲ ਵਿਚ ਲਿਆਂਦੀ ਗਈ। ਇਸ ਤਰ੍ਹਾਂ ਅਸੀਂ ਅਖੀਰ ਵਿਚ ਕਹਿ ਸਕਦੇ ਹਾਂ ਕਿ ਕਾਰਗਿਲ ਵਿਜੇ ਦਿਵਸ ਸਾਡੀ ਆਤਮਾ ਦੇ ਵਿਚ ਵਸਿਆ ਹੋਇਆ ਇਕ ਅਜਿਹਾ ਪ੍ਰਭਾਵ ਹੈ, ਜੋ ਸਾਨੂੰ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਪ੍ਰੇਰਨਾ ਦਿੰਦਾ ਹੈ।

# ਸੈਲਫ-ਕੇਅਰ ਨੂੰ ਹਿੱਸਾ ਬਣਾ ਲਵੋ ਜ਼ਿੰਦਗੀ ਦਾ

**"ਸੇਲਫ-ਕੇਅਰ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜ਼ਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ" - ਅਨਿਲ ਧੀਰ ਕਾਲਮਨਿਸਟ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



24 ਜੁਲਾਈ ਹਰ ਸਾਲ ਅੰਤਰਰਾਸ਼ਟਰੀ ਸੇਲਫ-ਕੇਅਰ ਦਿਨ ਦੇ ਤੌਰ 'ਤੇ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸੱਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ, ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਆਧਾਰ 'ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਅਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਸਲਾਹ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ ਵਿਚ ਇਸ ਦਿਨ ਸਰਕਾਰੀ-ਗੈਰ ਸਰਕਾਰੀ ਪੱਧਰ 'ਤੇ ਲੋਕਾਂ ਨੂੰ ਸਰੀਰਕ, ਮਾਨਸਿਕ 'ਤੇ ਭਾਵਨਾਤਮਕ ਤੌਰ 'ਤੇ ਫਿਟ ਰਹਿਣ ਲਈ ਅਵੇਅਰ ਕੀਤਾ ਜਾਂਦਾ ਹੈ।

ਤੇਜ਼ ਰਫਤਾਰ ਜ਼ਿੰਦਗੀ ਦੌਰਾਨ ਹਰ ਆਦਮੀ ਨੂੰ ਪੂਰਾ ਸਾਲ ਰੋਗਾਂ ਤੋਂ ਬਚਾਅ ਦੇ ਤਰੀਕੇ ਵਰਤ ਕੇ ਖੁਦ ਦਾ ਪਰਿਵਾਰ ਤੇ ਸਮਾਜ ਦਾ ਰਲ-ਮਿਲ ਕੇ ਖਿਆਲ ਰੱਖਣਾ ਚਾਹੀਦਾ ਹੈ।

* ਮੈਡੀਸਨ ਐਂਡ ਸਾਇੰਸ ਇਨ ਸਪੋਰਟਸ ਦੀ ਸਟੱਡੀ ਮੁਤਾਬਿਕ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਵੱਧ ਰਹੀਆਂ ਤੋਂ ਬੀਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਰੌਜ਼ਾਨਾ ਇਸਤੇਮਾਲ ਕਰਨ ਨਾਲ ਹੱਡੀਆਂ ਮਜ਼ਬੂਤ ਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।

* ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿੰਟ ਜੰਕ ਮੇਲ ਚੈੱਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜ਼ੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।

* ਜੌਬਸ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਨਾਲ ਰਾਤ ਹੈਵੀ-ਡਿਨਰ ਤੇ ਜਾਗਣ ਦੀ ਆਦਤ ਵੀ ਬਦਲ ਦਿਓ। 7 ਤੋਂ 8 ਘੰਟੇ ਦੀ ਨੀਂਦ ਲਈ ਖੁਰਾਕ ਵਿਚ ਘੱਟ ਕੈਲੋਰੀ ਵਾਲੇ ਪਦਾਰਥ, ਸਾਈਟਰਸ ਫ੍ਰੂਟ, ਗਰਮ ਪਾਣੀ ਤੇ ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਅਤੇ ਮੈਗਨੀਸ਼ੀਅਮ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।

- ਦਿਨ ਭਰ ਦੀ ਤਾਜ਼ਗੀ, ਐਨਰਜੀ ਅਤੇ ਬਾਡੀ ਟੈਂਪਰੇਚਰ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਗਰਮਸ਼ਾਵਰ ਤੇ ਆਖਰੀ ਇੱਕ ਮਿੰਟ ਠੰਢਾ ਸ਼ਾਵਰ ਲਵੋ।
- ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜ਼ਾਨਾ 8-10 ਗਿਲਾਸ ਪੀਓ ਅਤੇ ਕੰਮ ਦੌਰਾਨ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬੱਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।
- ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਐਨਰਜੀ ਮਿਲਦੀ ਹੈ। ਵੱਧ ਕੋਲੇਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।
- ਰਸੋਈ ਵਿਚੋਂ ਕੁਕੀ-ਬਿਸਕੁਟ, ਮਿਠਾਈ, ਰੱਸ, ਕੇਕ ਤੇ ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ ਫਲਾਂ ਵਿਚ ਕੇਲਾ, ਸੇਵ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ, ਕੱਚੀ ਮੂੰਗਫਲੀ, ਬਾਦਾਮ, ਕਾਜੂ, ਅਖਰੋਟ ਨੂੰ ਸ਼ਾਮਲ ਕਰੋ।
- ਚੰਗੀ ਯਾਦਸ਼ਕਤੀ ਤੇ ਲੰਬੀ ਜ਼ਿੰਦਗੀ ਜੀਉਣ ਲਈ ਹੋ ਸਕੇ ਤਾਂ ਲੰਚ ਤੋਂ ਬਾਅਦ 20 ਮਿੰਟ ਦੀ ਸੈਰ ਕਰੋ। ਤਾਜ਼ਗੀ ਦੇ ਨਾਲ ਸਰੀਰ ਤੇ ਮਨ ਨੂੰ ਤਾਕਤ ਮਿਲਦੀ ਹੈ।
- ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਾਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ ਸਿਰਫ 20 ਸੈਕਿੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨੀ ਆਰਾਮ ਦੇਣ। ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲਿਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਆਪ ਨੂੰ ਭਵਿੱਖ ਵਿਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।
- ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜ਼ਾਨਾ 15 ਮਿੰਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੂਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।
- ਹਰ ਦੂਜਾ ਆਦਮੀ ਆਪਣੀ ਜੋਬ ਅਤੇ ਆਸਪਾਸ ਦੇ ਹਾਲਾਤਾਂ ਕਾਰਨ ਸਟਰੈੱਸ ਯਾਨੀ ਮਾਨਸਿਕ ਤਨਾਅ ਦਾ ਸ਼ਿਕਾਰ ਹੋਣ ਕਰਕੇ ਸੋਚਣ ਸਮਝਣ ਦੀ ਤਾਕਤ ਵੀ ਘੱਟਾ ਰਹਾ ਹੈ। ਸਟਰੈੱਸ ਨੂੰ ਘੱਟ ਕਰਨ ਵਾਲਾ ਹਾਰਮੋਨ ਕੋਰਟੀਸੋਲ ਦੇ ਪ੍ਰਾਪਰ ਲੈਵਲ ਲਈ ਘਰ ਤੋਂ ਬਾਹਰ ਫੈਮਿਲੀ ਨਾਲ ਸ਼ਾਂਤ ਹਰਿਆਲੀ ਵਾਲੇ ਸਥਾਨ ਕੁਝ ਘੰਟੇ ਜ਼ਰੂਰ ਬਿਤਾਓ।
- ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ।
- ਅੱਜ ਇਨਸਾਨ ਤਨਾਅ ਭਰੀ ਜ਼ਿੰਦਗੀ ਵਿਚ ਹੱਸਣਾ ਭੁੱਲ ਗਿਆ ਹੈ। ਤੁਸੀਂ ਘਰ ਅੰਦਰ ਪਰਿਵਾਰ, ਬਾਹਰ ਦੋਸਤਾਂ ਨਾਲ ਅਤੇ ਹਾਸੇ ਦੇ ਟੀ.ਵੀ. ਸ਼ੋਅ ਵਾਚ ਕਰੋ। ਖੁੱਲ੍ਹ ਕੇ ਹੱਸਣ ਨਾਲ ਦਿਮਾਗ ਐਂਡ੍ਰੋਫਿਨ ਹਾਰਮੋਨ ਰੀਲੀਜ਼ ਕਰਦਾ ਹੈ। ਹਾਸਾ ਮਾਨਸਿਕ ਤੌਰ 'ਤੇ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ।
- ਇਕੱਲਾਪਨ ਦੂਰ ਕਰਨ ਲਈ ਹੋ ਸਕੇ, ਤਾਂ ਐਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।
- ਕੀ ਕਰਨਾ ਚਾਹੁੰਦੇ ਹੋ, ਕੀ ਕਰ ਸਕਦੇ ਹੋ, ਨੂੰ ਪਲੈਨ ਕਰੋ, ਜ਼ਿੰਦਗੀ ਬਿਹਤਰ ਜੀਉਣ ਲਈ ਆਪਣੇ ਟੀਚਿਆਂ ਬਾਰੇ ਸੋਚੋ ਤੇ ਐਕਸ਼ਨ ਲਵੋ। ਤੁਹਾਡਾ ਸਹੀ ਪਲੈਨ ਹੀ ਜ਼ਿੰਦਗੀ ਬਦਲ ਦੇਵੇਗਾ।
- ਭੁੱਖ ਲੱਗਣ 'ਤੇ ਹੀ ਕੁੱਝ ਖਾਓ, ਸੰਤੁਸ਼ਟੀ ਹੋ ਜਾਣ 'ਤੇ ਖਾਣਾ-ਪੀਣਾ ਬੰਦ ਕਰ ਦਿਓ। ਜ਼ਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।
- ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ। ਬੈਡ 'ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੈਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ, ਵਕਤ 'ਤੇ ਬੈਡ 'ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।

ਨੋਟ : ਵਿਸ਼ਵ ਭਰ ਵਿਚ ਤੇਜ਼ੀ ਨਾਲ ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਤੰਦਰੁਸਤੀ ਲਈ ਘਰ ਦੇ ਅੰਦਰ ਦੀ ਤੇ ਆਪਣੇ ਸਰੀਰ ਤੇ ਮਨ ਦੀ ਸਫਾਈ ਦਾ ਪੂਰਾ ਖਿਆਲ ਰੱਖੋ। ਹਮੇਸ਼ਾ ਆਪਣੇ ਹੱਥਾਂ ਨੂੰ ਸਾਬਨ ਨਾਲ ਰਗੜ ਕੇ ਸਾਫ ਕਰਕੇ ਸੈਨੀਟਾਈਜ਼ਰ ਦੀ ਵਰਤੋਂ ਕਰੋ। ਘਰ ਤੋਂ ਬਾਹਰ ਮਾਸਕ ਅਤੇ ਗਲਬਸ ਦਾ ਇਸਤੇਮਾਲ ਕਰਕੇ ਖੁਦ ਨੂੰ ਅਤੇ ਸਾਹਮਣੇ ਵਾਲੇ ਨੂੰ ਬਚਾ ਕੇ ਹੈਪੀ ਲਾਈਫ ਜੀਓ।







## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਮੋਟਾ ਸਰੀਰ ਆਪਣੇ ਆਪ ਦਾ ਨੁਕਸਾਨ ਕਰਦਾ ਹੈ ਪਰ ਮੋਟਾ ਦਿਮਾਗ ਬਾਕੀਆਂ ਵਾਸਤੇ ਵੀ ਮੁਸੀਬਤਾਂ ਖੜੀਆਂ ਕਰਦਾ ਹੈ।
- ਇਹ ਵੀ ਹੋ ਸਕਦਾ ਹੈ ਕਿ ਇਹ ਸੰਸਾਰ ਕਿਸੇ ਹੋਰ ਸੰਸਾਰ ਦਾ ਨਰਕ ਹੋਵੇ। (ਏਡਲਸ ਹਕਸਲੇ)
- ਖੁੰਧਕ ਵਿਚ ਜੰਗ ਜਿੱਤੀ ਜਾ ਸਕਦੀ ਹੈ, ਖੁੰਧਕ ਵਿਚ ਦਿਲ ਨਹੀਂ ਜਿੱਤਿਆ ਜਾ ਸਕਦਾ। ਖੁੰਧਕ ਵਿਚ ਪਹਾੜ ਢਾਹਿਆ ਜਾ ਸਕਦਾ ਹੈ, ਖੁੰਧਕ ਵਿਚ ਰਿਸ਼ਤਾ ਨਹੀਂ ਬਣਾਇਆ ਜਾ ਸਕਦਾ। ਖੁੰਧਕ ਵਿਚ ਅੱਗ ਖਾਈ ਤੇ ਜ਼ਹਿਰ ਪੀਤੀ ਜਾ ਸਕਦੀ ਹੈ, ਖੁੰਧਕ ਵਿਚ ਮੁਸਕਰਾਇਆ ਨਹੀਂ ਜਾ ਸਕਦਾ। ਖੁੰਧਕ ਵਿਚ ਰੇਪ ਕੀਤਾ ਜਾ ਸਕਦਾ ਹੈ, ਖੁੰਧਕ ਵਿਚ ਪ੍ਰੇਮ ਨਹੀਂ ਕੀਤਾ ਜਾ ਸਕਦਾ। ਖੁੰਧਕ ਵਿਚ ਗਾਲ੍ਹ ਕੱਢੀ ਜਾ ਸਕਦੀ ਹੈ, ਖੁੰਧਕ ਵਿਚ ਕਵਿਤਾ ਨਹੀਂ ਲਿਖੀ ਜਾ ਸਕਦੀ। (ਪਾਲੀ ਭੁਪਿੰਦਰ ਸਿੰਘ ਜੀ ਦੀ ਵਾਲ ਤੋਂ)
- ਇਸ ਸੰਸਾਰ ਵਿਚ ਸਮਾਂ ਹੀ ਤੁਹਾਡਾ ਸਭ ਕੁਝ ਹੈ। ਸਮਾਂ ਚੰਗਾ ਹੈ, ਤਾਂ ਸਭ ਕੁਝ ਤੁਹਾਡਾ ਹੈ। ਸਮਾਂ ਬੁਰਾ ਹੈ, ਤਾਂ ਤੁਹਾਡਾ ਆਪਣਾ ਵੀ ਤੁਹਾਡਾ ਨਹੀਂ।

ਪੰਜਾਬ ਮੇਲ USA

## ਐ ! ਮਨੁੱਖ ਤੂੰ ਇਨਸਾਨ ਬਣ

ਇਕ ਮੂੰਹ, ਇਕ ਨੱਕ, ਦੋ ਅੱਖਾਂ, ਦੋ ਕੰਨ,
ਦੋ ਬਾਹਵਾਂ, ਦੋ ਅੱਖਾਂ, ਦੋ ਕੰਨ, ਦੋ ਹੱਥ
ਦੋ ਲੱਤਾਂ ਤੇ ਦੋ ਪੈਰਾਂ ਵਾਲੀ ਸ਼ਕਲ ਮਨੁੱਖ ਨਹੀਂ ਹੁੰਦੀ
ਮਨੁੱਖ ਉਹ ਹੁੰਦਾ ਏ ਜਿਹੜਾ ਮਨੁੱਖ

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ
ਈਰਖਾ ਤੋਂ ਰਹਿਤ ਹੋਵੇ
ਜਿਸ ਵਿਚ ਹਮਦਰਦੀ ਦੀ, ਦਇਆ, ਪਿਆਰ,
ਸਤਿਕਾਰ, ਸਹਿਣਸ਼ੀਲਤਾ, ਨਿਮਰਤਾ,

ਭਾਵਨਾਵਾਂ, ਜਜ਼ਬਾਤ, ਅਹਿਸਾਸ,
ਅਣਖ, ਜ਼ਮੀਰ ਤੇ ਨੈਤਿਕਤਾ ਹੋਵੇ
ਮਨੁੱਖ ਬਾਹਰੋਂ ਦੇਖਣ ਨੂੰ ਤਾਂ ਮਨੁੱਖ ਲੱਗਦਾ ਏ
ਪਰ ਜਿਹੜਾ ਮਨੁੱਖ ਇਸ ਦੇ ਅੰਦਰ ਬੈਠਾ ਏ

ਉਹ ਪਸ਼ੂਆਂ ਨਾਲੋਂ ਵੀ ਮਾੜਾ ਏ
ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਨੇ:
"ਕਰਤੂਤਿ ਪਸੂ ਕੀ ਮਾਨਸ ਜਾਤਿ ॥"
ਮਨੁੱਖ ਦੇ ਅੰਦਰ ਕੁੱਝ ਮੂਲ ਪ੍ਰਵਿਰਤੀਆਂ ਨੇ
ਜਿਹੜੀਆਂ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀਆਂ


ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਈਰਖਾ।
ਜਦੋਂ ਮਨੁੱਖ 'ਤੇ ਇਨ੍ਹਾਂ ਪ੍ਰਵਿਰਤੀਆਂ ਦਾ ਭੂਤ
ਸੁਆਰ ਹੁੰਦਾ ਹੈ, ਤਾਂ
ਫਿਰ ਇਹ ਮਨੁੱਖ ਮਨੁੱਖ ਨਹੀਂ ਰਹਿੰਦਾ

ਸਗੋਂ ਬਣ ਜਾਂਦਾ ਏ ਹੈਵਾਨ, ਵਹਿਸ਼ੀ, ਦਰਿੰਦਾ ਤੇ ਦੁਸ਼ਟ
ਅੱਜਕੱਲ੍ਹ ਸਮਾਜ ਵਿਚ ਕੀ ਹੋ ਰਿਹਾ ਏ
ਨਿੱਤ ਦਿਹਾੜੇ ਬਲਾਤਕਾਰ, ਕਤਲੋਗਾਰਤ, ਲੁੱਟਾਂ-ਖੋਹਾਂ ਦੀਆਂ
ਘਟਨਾਵਾਂ ਵਾਪਰ ਰਹੀਆਂ ਨੇ

ਇਸ ਦੇ ਪਿੱਛੇ ਮਨੁੱਖ ਦੀ ਕਾਮ ਪ੍ਰਵਿਰਤੀ ਹੀ ਕੰਮ ਕਰਦੀ ਏ
ਇਸ ਦਾ ਹੱਲ ਇਹ ਹੈ ਕਿ ਮਨੁੱਖ ਗੁਰਬਾਣੀ ਸਿੱਖਿਆ
ਲੈ ਕੇ ਸਿਮਰਨ ਕਰਕੇ ਆਪਣੇ ਆਪ ਨੂੰ
ਪੂਰਨ ਮਨੁੱਖ ਬਣ ਸਕਦਾ ਏ

ਅਤੇ ਇਨ੍ਹਾਂ ਕੁਕਰਮਾਂ ਤੋਂ ਬਚ ਸਕਦਾ ਏ
ਪਰ ਪੂਰਨ ਮਨੁੱਖ ਬਣਨਾ ਸੌਖਾ ਨਹੀਂ, ਜਿਵੇਂ ਕਿਹਾ ਜਾਂਦਾ ਹੈ
ਫਰਿਸ਼ਤੋਂ ਸੇ ਬਿਹਤਰ ਹੈ ਇਨਸਾਨ ਬਣਨਾ,
ਮਗਰ ਇਸਮੇਂ ਲਗਤੀ ਹੈ ਮਿਹਨਤ ਜ਼ਿਆਦਾ।

Be a nice person, nice person is he who possesses a good moral character and good conscience. ਬੰਦਾ ਬੰਦੇ ਦਾ ਬੁਰਾ ਨਾ ਕਰੇ, ਗਲਤ ਕੰਮ ਨਾ ਕਰੋ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:
"ਐਸਾ ਕੰਮੁ ਮੂਲੇ ਨਾ ਕੀਚੈ
ਜਿਤੁ ਅੰਤਿ ਪਛੋਤਾਈਐ ॥"



-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

## ਅੰਬੀਆਂ (ਗੀਤ)

ਚੰਨਾਂ ਆ ਗਿਆ ਵੇ ਸਾਉਣ,
ਅੱਖ ਦਿੰਦਾ ਨਹੀਉਂ ਲਾਉਣ,
ਕਿਤੋਂ ਮਾਰ ਕੇ ਉਡਾਰੀ ਢੋਲਾ ਆ।
ਅੰਬੀਆਂ ਨੇ ਰਸ ਵੇ ਗਈਆਂ,
ਵੇ ਤੂੰ ਠੂੰਗ ਠੂੰਗ ਤੋਤਾ ਬਣ ਖਾ।
ਅੰਬੀਆਂ ..........।

ਜ਼ੋਰ ਜਵਾਨੀ ਵਾਲਾ ਪੀਂਘ ਚੜ੍ਹਾਵਾਂ ਵੇ,
ਮਾਰਕੇ ਹੁਲਾਰੇ ਅਕਾਸ਼ੀਂ ਉਡ ਜਾਵਾਂ ਵੇ,
ਮਾਹੀਆ ਡੁੱਲ੍ਹ ਡੁੱਲ੍ਹ ਪੈਂਦੇ ਨੇ ਚਾਅ।
ਅੰਬੀਆਂ ..........।

ਘਟਾ ਘਨਘੋਰ ਠੰਢੇ ਪੈਣ ਛਰਾਟੇ ਵੇ,
ਚੱਲਦੀ ਹੈ ਪੱਛੋਂ ਮਾਰ ਸ਼ਾਂ ਸ਼ਾਂ ਫਰਾਟੇ ਵੇ,
ਵੱਜੇ ਤੱਤੜੀ ਦੇ ਸੀਨੇ ਠਾਹ ਠਾਹ,
ਅੰਬੀਆਂ ..........।

ਭਿੱਜ ਮਲਮਲ ਦੀ ਕੁੜਤੀ ਛੱਡੇ ਭਾਫ਼ ਵੇ,
ਜਿੰਦੜੀ ਦਾ ਢੋਲਾ ਤੇਰੇ ਹੱਥ ਇਨਸਾਫ਼ ਵੇ,
ਭਾਂਬੜ ਅੱਗ ਦੇ ਤੂੰ ਆ ਕੇ ਬੁਝਾਅ।
ਅੰਬੀਆਂ ਨੇ..........।



ਸੇਵਾ ਸਿੰਘ 'ਨੂਰਪੁਰੀ'

## "ਸਰਦਾਰ ਊਧਮ ਸਿੰਘ ਦੀ ਵਾਰ"

ਹੋਇਆ ਲੰਡਨ 'ਚ ਭਾਰੀ ਸੀ ਇਕੱਠ ਵਈ,
ਉੱਥੇ ਪਹੁੰਚੇ ਅੰਗਰੇਜ਼ ਫਟਾ-ਫਟ ਵਈ,
ਆਇਆ ਭੇਸ ਪਲਟਾਕੇ ਨਾ ਕਰੀ ਕੋਈ ਦੇਰ ਸੀ।
ਖੜ੍ਹਾ ਗਿੱਦੜਾਂ ਵਿਚਾਲੇ ਊਧਮ ਸਿਉਂ ਸ਼ੇਰ ਸੀ।

ਹਾਲ ਵਿਚ ਅਡਵੈਰ ਜਦੋਂ ਬੋਲਿਆ,
ਘੋੜਾ ਦੱਬਤਾ ਰਤਾ ਨਾ ਜੋਧਾ ਡੋਲਿਆ
ਕੀਤਾ ਜ਼ਖ਼ਮੀ ਸੀ ਨਾਲ ਲਾਰਡ ਜੈਟਲੈਂਡ ਨੂੰ।
ਅੱਜ ਰੱਖਤਾ ਹਿਲਾਕੇ ਸਾਰੇ ਇੰਗਲੈਂਡ ਨੂੰ।

ਕਾੜ ਕਾੜ ਜਦੋਂ ਚੱਲੀਆਂ ਸੀ ਗੋਲੀਆਂ,
ਮੱਚ ਗਈਆਂ ਹਾਲ ਵਿਚ ਚਾਂਗਾਂ ਰੌਲੀਆਂ,
ਲਿਆ ਬਦਲਾ ਮੈਂ ਕਹਿੰਦਾ ਜਲ੍ਹਿਆਂ ਦੇ ਬਾਗ ਦਾ।
ਖੜ੍ਹਾ ਹਾਲ 'ਚ ਅਡੋਲ ਗੱਭਰੂ ਪੰਜਾਬ ਦਾ।

ਇੱਕੀ ਸਾਲਾਂ ਤੋਂ ਕਹਿੰਦਾ ਮੈਂ ਵੈਰੀ ਮਾਰਿਆ,
ਮਾਰ ਵੈਰੀ ਨੂੰ ਕਲੇਜਾ ਅੱਜ ਠਾਰਿਆ,
ਗੋਡਾ ਹਿੱਕ ਉੱਤੇ ਧਰਕੇ ਜੈਕਾਰੇ ਮਾਰਦਾ।
ਇਨਕਲਾਬ-ਜਿੰਦਾਬਾਦ ਦੇ ਹੈ ਨਾਹਰੇ ਮਾਰਦਾ।

ਪਰੇ ਸੁੱਟਤਾ ਜਦੋਂ ਸੀ ਪਸਤੌਲ ਨੂੰ,
ਹੋਗੇ ਭੱਜਕੇ ਸਿਪਾਹੀ ਉਹਦੇ ਕੋਲ ਨੂੰ,
ਚੁੰਮ ਫਾਂਸੀ ਵਾਲਾ ਰੱਸਾ ਗਲ਼ੇ ਵਿਚ ਪਾ ਗਿਆ।
ਸੋਹਣੀ ਜਿੰਦ "ਮਲਕੀਤ" ਦੇਸ ਲੇਖੇ ਲਾ ਗਿਆ ।



ਮਲਕੀਤ ਸਿੰਘ ਗਿੱਲ 'ਭੱਠਲਾਂ'
ਸੰਪਰਕ : 94174-90943

## ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ ਮਾਹੀਆ ਅੱਜ ਗਿਆ ਚੜ੍ਹ ਵੇ,
ਤੇਰੀਆਂ ਯਾਦਾਂ ਨੇ ਆ ਕੇ ਮੇਰਾ ਦਿਲ ਲਿਆ ਫੜ ਵੇ।

ਕਾਲੀਆਂ ਘਟਾਵਾਂ ਅੰਬਰ 'ਤੇ ਛਾ ਗਈਆਂ ਨੇ,
ਹੌਲੀ-ਹੌਲੀ ਕਣੀਆਂ ਵੀ ਪੈਣ ਲੱਗ ਪਈਆਂ ਨੇ।

ਹਾੜ੍ਹ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਣਾ ਏ,
ਸੁੱਕ ਰਹੇ ਵੇਲ, ਬੂਟਿਆਂ ਨੂੰ ਸਹਾਰਾ ਮਿਲ ਜਾਣਾ ਏ।

ਕੱਠੇ ਹੋ ਕੇ ਬੱਚਿਆਂ ਨੇ ਮੀਂਹ ਵਿਚ ਨਹਾਉਣਾ ਏ,
ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ ਸਾਹ ਆਉਣਾ ਏ।

ਖੀਰ ਤੇ ਪੂੜੇ ਬਣਾਉਣ ਲਈ ਸੱਸ ਨੇ ਕਹਿਣਾ ਏ,
ਤੇਰੇ ਬਿਨਾਂ ਮੈਥੋਂ ਇਹ ਸਭ ਕੁਝ ਨਹੀਂ ਹੋਣਾ ਏ।

ਦੂਰ ਰਹਿ ਕੇ ਲੰਘਾ ਨਾ ਦੇਵੀਂ ਸਾਉਣ ਦਾ ਮਹੀਨਾ ਵੇ,
ਤੇਰੇ ਬਿਨਾਂ ਮੀਂਹ 'ਚ ਵੀ ਤਪੀ ਜਾਣਾ ਮੇਰਾ ਸੀਨਾ ਵੇ।

ਹੁੰਦੇ ਉਹ ਸਿਆਣੇ ਜਿਹੜੇ ਮੌਕੇ ਨੂੰ ਸੰਭਾਲਦੇ,
ਹੁੰਦੇ ਉਹ ਮੂਰਖ ਜਿਹੜੇ ਰਾਖ 'ਚੋਂ ਸੋਨਾ ਭਾਲਦੇ।



-ਮਹਿੰਦਰ ਸਿੰਘ ਮਾਨ
ਸਾਹਮਣੇ ਅੰਗਦ ਸਿੰਘ
ਐੱਮ.ਐੱਲ.ਏ. ਹਾਊਸ
ਸਲੋਹ ਰੋਡ, ਨਵਾਂ ਸ਼ਹਿਰ
ਫੋਨ : 99158-03554

## ਗਜ਼ਲ

ਜਲਦੀ ਹੀ ਟੁੱਟ ਗਈਆਂ ਕੱਚੀਆਂ ਯਾਰੀਆਂ।
ਐਵੇਂ ਠੰਡੇ ਦੁੱਧ ਨੂੰ ਫੂਕਾਂ ਮਾਰੀਆਂ।
ਨਾਦਾਨਾਂ ਦੇ ਨਾਲ ਯਾਰਾਨੇ ਲਾਵੀ ਨਾ,
ਪਾਣੀ ਵਿਚ ਪੱਥਰ ਨਹੀਂ ਲਾਉਂਦੇ ਤਾਰੀਆਂ।
ਨਵਯੁੱਗ ਦੀ ਪਹਿਚਾਣ ਤੁਸਾਂ ਨੂੰ ਦੱਸਦੇ ਹਾਂ,
ਸਿੰਦੂਰ ਲਗਾ ਕੇ ਮਾਂਗ 'ਚ ਫਿਰਨ ਕੁੰਵਾਰੀਆਂ।
ਖੇਡਾਂ ਜੀਵਨ ਦੇ ਵਿਚ ਵੱਖ-ਵੱਖ ਖੇਡੀਆਂ,
ਨਾ ਅਸਾਂ ਨੇ ਜਿੱਤੀਆਂ ਨਾ ਹਾਰੀਆਂ।
ਗਿੱਲੀਆਂ ਫਸਲਾਂ ਐਵੇਂ ਕੱਠੀਆਂ ਕਰ ਲਈਆਂ,
ਮੁੱਲ ਨਾ ਪਾਇਆ ਮੰਡੀਆਂ ਵਿਚ ਵਿਉਪਾਰੀਆਂ।
ਚੁੰਨੀ ਲੀਰੋ ਲੀਰ ਕਟੀਲੇ ਜ਼ਖ਼ਮਾਂ ਵਿਚ,
ਨਾਲ ਲਹੂ ਦੇ ਹੱਥ ਰੰਗੇ ਲੱਲਾਰੀਆਂ।
ਪੈਸਾ ਹੋਵੇ ਕੀ ਕੁਝ ਫਿਰ ਨਈਂ ਹੋ ਸਕਦਾ,
ਮੁੱਲ ਵੀ ਇਥੇ ਮਿਲ ਜਾਂਦੀਆਂ ਸਰਦਾਰੀਆਂ।
ਤੇਜ਼ ਹਵਾਵਾਂ ਨਾਲ ਯਾਰਾਨੇ ਕਿਉਂ ਪਾਏ,
ਦੀਪ ਜਗਾ ਕੇ ਖੋਲ੍ਹਣਾ ਬੂਹੇ ਬਾਰੀਆਂ।
ਜਦ ਤੱਕ ਚੋਗਾ ਚੁੱਗਦੇ ਇਹ ਸਭ ਤੇਰੇ ਨੇ,
ਵਰਨਾ ਪੰਛੀ ਜਾਂਦੇ ਮਾਰ ਉਡਾਰੀਆਂ।
ਬਾਲਮ ਤਿਖੇ ਨੈਣਾਂ ਕੋਲੋਂ ਬਚ ਕੇ ਰਹਿ,
ਮਿਆਨਾਂ ਵਿਚ ਤਲਵਾਰਾਂ ਨੇ ਦੋ ਧਾਰੀਆਂ।



-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409

## ਗਠੜੀ ਸੰਭਾਲ

ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।

ਕੁੰਡੀ ਚੁੱਕੀ ਫਿਰਦੇ, ਚੌਗਿਰਦੇ ਉਹ ਸਾਰੇ ਤੇਰੇ,
ਹਰ ਦਮ ਲੱਭਦੇ ਨੇ, ਮੌਕਿਆਂ ਦੀ ਭਾਲ ਬਈ।

ਅੱਖ ਮਟਕਾਵੇ ਕੋਈ, ਡੋਰੇ ਵਾਰ ਵਾਰ ਸੁੱਟੇ,
ਚੱਲਣ ਉਹ ਹਰ ਵੇਲੇ, ਵਿੰਗੀ ਟੇਢੀ ਚਾਲ ਬਈ।

ਮੋਮੋਠੱਗ ਹਰ ਵੇਲੇ, ਲੱਭਦੇ ਨੇ ਉੱਧਿਆਂ ਨੂੰ,
ਦਿਨ ਰਾਤ ਉਹ ਨੇ ਸਾਰੇ, ਪਾਂਵਦੇ ਭੁਚਾਲ ਬਈ।

ਚਤਰ ਤੂੰ ਭਾਵੇਂ ਬਣ, ਲੱਖ 'ਤੇ ਕਰੋੜ ਵਾਰੀ,
ਟੱਪਣ ਨਾ ਦੇਣਗੇ, ਤੈਨੂੰ ਕੋਈ ਖਾਲ ਬਈ।

ਈਮੇਲਾਂ, ਟੈਕਸਟਾਂ, ਟਿਕ ਟੌਕ, ਫੇਸ ਬੁੱਕਾਂ,
ਵਟਸਐਪ, ਫ਼ੋਨਾਂ ਉੱਤੇ, ਬੁਣਦੇ ਨੇ ਜਾਲ ਬਈ।

ਮਖੌਟਿਆਂ ਦੇ ਪਿੱਛੇ ਅੱਜ, ਲੁਕੇ ਹੋਏ ਭੇੜੀਏ,
ਪੁੱਠੇ ਸਿੱਧੇ ਪੁੱਛਣਗੇ, ਤੈਨੂੰ ਉਹ ਸਵਾਲ ਬਈ।

ਨਜ਼ਾਰੇ ਸਬਜ਼ ਬਾਗਾਂ ਵਾਲੇ, ਪਰੋਸਣਗੇ ਤੇਰੇ ਅੱਗੇ,
ਖੋਹਣਗੇ ਉਹ ਤੇਰੇ ਹੱਥੋਂ, ਆਖਰੀ ਨਿਵਾਲ ਬਈ।

ਬਚਣ ਦਾ ਤੇਰਾ ਕੋਈ, ਚਾਰਾ ਨਾ ਉਹ ਛੱਡਣਗੇ,
ਰੱਖ ਭਾਵੇਂ ਜਿੰਨਾ ਵੀ ਤੂੰ, ਆਪਣਾ ਖਿਆਲ ਬਈ।

ਮੁੰਨਣਗੇ ਤੈਨੂੰ ਸਾਰੇ, ਚੰਗੀ ਭਾਰੀ ਭੇਡ ਵਾਂਗੂੰ,
ਛੱਡਣਗੇ ਤੇਰੇ ਉੱਤੇ, ਕੋਈ ਨਾ ਉਹ ਵਾਲ ਬਈ।

ਬਚ ਲੈ ਜੇ ਬਚ ਹੁੰਦਾ, ਤੇਰੇ ਕੋਲੋਂ ਮਿੱਤਰਾ ਉਏ,
ਨਹੀਂ ਤੇ ਬਿਤਾਂਵੇਂਗਾ, ਮੰਦੜੇ ਤੂੰ ਹਾਲ ਬਈ।

ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.

## ਗੀਤ

ਹੋਰਾਂ ਲਈ ਬੂਹਾ ਖੁੱਲ੍ਹਾ
ਸਾਡੇ ਲਈ ਬੂਹਾ ਬੰਦ
ਤੇਰਾ ਕੈਸਾ ਹੈ ਮੈਖਾਨਾ
ਜਿੱਥੋਂ ਜਾਣ ਨਿਰਾਸ਼ੇ ਰਿੰਦ

ਇਹ ਚੰਗਾ ਨਹੀਂ ਵਿਤਕਰਾ
ਇਹ ਗਲਤ ਹੈ ਤੇਰਾ ਅਸੂਲ
ਹੋਰ ਲਾਵੇਂ ਜੋ ਪਾਬੰਦੀਆਂ
ਸਾਨੂੰ ਸਭ ਹੀ ਨੇ ਕਬੂਲ
ਕਦੇ ਕਰਦੇ ਨਹੀਂ ਕੁਤਾਹੀ
ਅਸੀਂ ਰਹਾਂਗੇ ਸਦਾ ਪਾਬੰਦ
ਹੋਰਾਂ ਲਈ ਬੂਹਾ......

ਕੋਈ ਕੋਲ ਨਦੀ ਦੇ ਆ ਕੇ
ਮੁੜ ਜਾਏ ਰਾਹੀ ਪਿਆਸਾ
ਬੱਸ ਏਹੋ ਹਾਲ ਹੀ ਸਾਡਾ
ਸਾਡੇ ਪੱਲੇ ਪਈ ਨਿਰਾਸ਼ਾ
ਤੇਰਾ ਕੀ ਘਟਦਾ ਸੀ ਸਾਕੀ
ਬੂਹਾ ਖੋਲ੍ਹ ਦਿੰਦਾ ਝੱਟ-ਬਿੰਦ
ਹੋਰਾਂ ਲਈ ਬੂਹਾ......

ਇਹ ਕੈਸੀ ਤੇਰੀ ਮਹਿਫਲ
ਇਹ ਕੈਸਾ ਹੈ ਇੰਤਜ਼ਾਮ
ਇੱਥੇ ਨਹੀਂ ਇਜਾਜ਼ਤ ਰਿੰਦ ਨੂੰ
ਪਰ ਪਏ ਛਲਕਦੇ ਜਾਮ
ਅਸੀਂ ਦਿਲ ਤੋੜ ਕੇ ਮੁੜ ਗਏ
ਪਰ ਆਏ ਸੀ ਲੈਣ ਅਨੰਦ
ਹੋਰਾਂ ਲਈ ਬੂਹਾ......

ਤੇਰਾ ਕਿੱਥੇ ਸ਼ਹਿਰ ਸਰੀ ਹੈ
ਔਹ ਕਿੱਥੇ ਹੈ ਪਿੰਡ ਭਲੂਰ
ਅਸੀਂ ਮੈਅ ਲਈ ਛੱਡ ਕੇ ਆਏ
ਆਏ ਹਜ਼ਾਰਾਂ ਮੀਲਾਂ ਦੂਰ
ਹੋਵੇ ਮੁਬਾਰਕ ਤੈਨੂੰ ਕੈਨੇਡਾ
ਰਹੇ ਸਲਾਮਤ ਸਾਡਾ ਹਿੰਦ
ਹੋਰਾਂ ਲਈ ਬੂਹਾ......

- ਜਸਵੀਰ ਸਿੰਘ ਭਲੂਰੀਆ
ਸਰੀ, ਕੈਨੇਡਾ


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
Gurjatinder S. Randhawa
916-320-9444
web: www.RealtorRandhawa.com
garysingh123@yahoo.com